22-APRIL-PAGE-1.qxd 4/21/2025 10:48 PM Page 1

ਮੰਗਲਵਾਰ, 22 ਅਪ੍ਰੈਲ, 2025
10 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 321

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 22 APRIL, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

### ਨਿਆਂ ਪਾਲਿਕਾ ਖਿਲਾਫ ਹਮਲਿਆਂ 'ਤੇ ਸੁਪਰੀਮ ਕੋਰਟ ਦਾ ਦਰਦ ਛਲਕਿਆ

# ਸਾਡੇ 'ਤੇ ਤਾਂ ਪਹਿਲਾਂ ਹੀ ਦੋਸ਼ ਲੱਗ ਰਿਹੈ



**ਨਵੀਂ ਦਿੱਲੀ** : ਉਪ ਰਾਸ਼ਟਰਪਤੀ ਜਗਦੀਪ ਧਨਖੜ ਅਤੇ ਭਾਜਪਾ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਦੀਆਂ ਨਿਆਂ ਪਾਲਿਕਾ ਵਿਰੁੱਧ ਹਾਲੀਆ ਟਿੱਪਣੀਆਂ ਦਾ ਲੁਕਵੇਂ ਢੰਗ ਨਾਲ ਹਵਾਲਾ ਦਿੰਦਿਆਂ ਸੁਪਰੀਮ ਕੋਰਟ ਨੇ ਸੋਮਵਾਰ ਕਿਹਾ ਕਿ ਸਿਖਰਲੀ ਅਦਾਲਤ 'ਤੇ ਸੰਸਦ ਤੇ ਕਾਰਜ ਪਾਲਿਕਾ ਦੇ ਕੰਮਕਾਜ 'ਤੇ ਕਬਜ਼ਾ ਕਰਨ ਦਾ ਦੋਸ਼ ਲਗਾਇਆ ਜਾ ਰਿਹਾ ਹੈ।

ਜਸਟਿਸ ਬੀ ਆਰ ਗਵਈ ਦੀ ਅਗਵਾਈ ਵਾਲੀ ਬੈਂਚ ਨੇ ਵਕਫ (ਸੋਧ) ਐਕਟ, 2025 ਦੇ ਵਿਰੁੱਧ ਪ੍ਰਦਰਸ਼ਨਾਂ ਦੌਰਾਨ ਪੱਛਮੀ ਬੰਗਾਲ ਵਿੱਚ ਹਿੰਦੂਆਂ ਵਿਰੁੱਧ ਹਾਲ ਹੀ ਵਿੱਚ ਹੋਈ ਹਿੰਸਾ 'ਤੇ ਇੱਕ ਪਟੀਸ਼ਨ ਦਾ ਜ਼ਿਕਰ ਕਰਨ ਤੋਂ ਬਾਅਦ ਵਕੀਲ ਵਿਸ਼ਨੂੰ ਸ਼ੰਕਰ ਜੈਨ ਨੂੰ ਕਿਹਾ, 'ਤੁਸੀਂ ਚਾਹੁੰਦੇ ਹੋ ਕਿ ਅਸੀਂ ਰਾਸ਼ਟਰਪਤੀ ਨੂੰ ਇਹ ਲਾਗੂ ਕਰਨ ਲਈ ਹੁਕਮਨਾਮਾ ਜਾਰੀ ਕਰੀਏ? ਜਦੋਂ ਕਿ ਸਾਡੇ 'ਤੇ ਸੰਸਦੀ ਅਤੇ ਕਾਰਜ ਪਾਲਿਕਾ ਦੇ ਕੰਮ-ਕਾਜ 'ਤੇ ਕਬਜ਼ਾ ਕਰਨ ਦਾ ਦੋਸ਼ ਲੱਗ ਰਿਹਾ ਹੈ।'

ਮੰਗਲਵਾਰ ਨੂੰ ਸੁਣਵਾਈ ਲਈ ਸੂਚੀਬੱਧ ਪਟੀਸ਼ਨ ਵਿੱਚ ਕੁਝ ਵਾਧੂ ਤੱਥਾਂ ਨੂੰ ਰਿਕਾਰਡ 'ਤੇ ਲਿਆਉਣ ਲਈ ਅਰਜ਼ੀ ਦਾਇਰ ਕਰਨ ਦੀ ਇਜਾਜ਼ਤ ਮੰਗਦਿਆਂ ਜੈਨ ਨੇ ਕਿਹਾ ਕਿ ਪੱਛਮੀ ਬੰਗਾਲ 'ਚ ਕੇਂਦਰੀ ਬਲਾਂ ਨੂੰ ਤਾਇਨਾਤ ਕਰਨ ਦੀ ਜ਼ਰੂਰਤ ਹੈ। ਪੱਛਮੀ ਬੰਗਾਲ ਦੇ ਨਿਵਾਸੀ ਦੇਵ ਦੱਤ ਮਜੀਦ ਵੱਲੋਂ ਦਾਇਰ ਪਟੀਸ਼ਨ ਵਿੱਚ ਪੱਛਮੀ ਬੰਗਾਲ ਦੇ ਮੁਰਸ਼ਿਦਾਬਾਦ ਵਿੱਚ ਵਕਫ (ਸੋਧ) ਐਕਟ 2025 ਦੇ ਵਿਰੁੱਧ ਹੋਈ ਹਿੰਸਾ ਦੀ ਜਾਂਚ ਲਈ ਇੱਕ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਕਮੇਟੀ ਸਥਾਪਤ ਕਰਨ ਦੀ ਮੰਗ ਕੀਤੀ ਗਈ ਹੈ।

ਧਨਖੜ, ਜੋ ਖੁਦ ਇਕ ਸੀਨੀਅਰ ਵਕੀਲ ਹਨ, ਨੇ ਰਾਜਪਾਲਾਂ ਵੱਲੋਂ ਭੇਜੇ ਗਏ ਬਿੱਲਾਂ ਉਤੇ ਰਾਸ਼ਟਰਪਤੀ ਲਈ ਫੈਸਲੇ ਲੈਣ ਵਾਸਤੇ ਮਿਆਦ ਮਿੱਥਣ ਅਤੇ 'ਸੁਪਰ ਪਾਰਲੀਮੈਂਟ' ਵਜੋਂ ਕੰਮ ਕਰਨ ਦੀ ਨਿਆਂ ਪਾਲਿਕਾ ਦੀ ਕਾਰਵਾਈ ਉਤੇ ਸਵਾਲ ਚੁੱਕਿਆ ਸੀ। ਉਪ ਰਾਸ਼ਟਰਪਤੀ ਨੇ ਕਿਹਾ ਸੀ ਕਿ ਸੁਪਰੀਮ ਕੋਰਟ ਲੋਕਤੰਤਰੀ ਤਾਕਤਾਂ 'ਤੇ ਧਾਰਾ 142 ਨੂੰ 'ਪਰਮਾਣੂ ਮਿਜ਼ਾਈਲ' ਵਾਂਗ ਨਹੀਂ ਚਲਾ ਸਕਦੀ।

ਉਨ੍ਹਾ ਕਿਹਾ ਸੀ, 'ਹੁਣ ਸਾਡੇ ਕੋਲ ਅਜਿਹੇ ਜੱਜ ਹਨ, ਜੋ ਖੁਦ ਹੀ ਕਾਨੂੰਨ ਬਣਾਉਣਗੇ, ਜੋ ਕਾਰਜ ਪਾਲਿਕਾ ਵਾਲੇ ਕਾਰਜ ਕਰਨਗੇ, ਜੋ ਸੁਪਰ ਪਾਰਲੀਮੈਂਟ ਵਜੋਂ ਕੰਮ ਕਰਨਗੇ ਅਤੇ ਉਨ੍ਹਾਂ ਦੀ ਕੋਈ ਜਵਾਬਦੇਹੀ ਨਹੀਂ ਹੋਵੇਗੀ, ਕਿਉਂਕਿ ਦੇਸ਼ ਦਾ ਕਾਨੂੰਨ ਉਨ੍ਹਾਂ ਉਤੇ ਲਾਗੂ ਨਹੀਂ ਹੁੰਦਾ।'

ਕਪਿਲ ਸਿੱਬਲ ਸਮੇਤ ਕਈ ਵਿਰੋਧੀ ਨੇਤਾਵਾਂ ਅਤੇ ਕਾਨੂੰਨੀ ਮਹਾਂਰਥੀਆਂ ਨੇ ਸੁਪਰੀਮ ਕੋਰਟ ਸੰਬੰਧੀ ਅਜਿਹੀਆਂ ਆਲੋਚਨਾਤਮਕ ਟਿੱਪਣੀਆਂ ਲਈ ਧਨਖੜ ਦੀ ਆਲੋਚਨਾ ਕੀਤੀ ਸੀ।

# ਨਵੀਂ ਖੇਤੀ ਤੇ ਮੰਡੀਕਰਨ ਨੀਤੀ ਖ਼ਿਲਾਫ਼ ਲੋਕ ਘੋਲ 'ਤੇ ਜ਼ੋਰ

## ਗ਼ਦਰ ਪਾਰਟੀ ਸਥਾਪਨਾ ਦਿਵਸ ਸਮਾਗਮ 'ਚ 'ਵਿਰਸਾ' ਲੋਕ ਅਰਪਣ



**ਜਲੰਧਰ (ਕੇਸਰ)** : ਆਜ਼ਾਦੀ ਸੰਗਰਾਮ ਦੇ ਇਤਿਹਾਸ ਦੇ ਅਮੁੱਲੜੇ ਇਨਕਲਾਬੀ ਸਫ਼ੇ, ਗ਼ਦਰ ਪਾਰਟੀ ਦੇ 111ਵੇਂ (1913-2025) ਸਥਾਪਨਾ ਦਿਹਾੜੇ ਮੌਕੇ ਸੋਮਵਾਰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕਰਵਾਈ ਗਈ ਵਿਚਾਰ-ਚਰਚਾ 'ਨਵੀਂ ਮੰਡੀ ਅਤੇ ਖੇਤੀ ਨੀਤੀ' ਵਿਸ਼ੇ ਉਪਰ ਹੋਈਆਂ ਵਿਚਾਰਾਂ ਨੇ ਇਸ ਨੀਤੀ ਦੇ ਲਾਗੂ ਹੋਣ ਨਾਲ ਪੈਣ ਵਾਲੇ ਵਿਆਪਕ ਮਾਰੂ ਅਸਰਾਂ ਅਤੇ ਇਸ ਖ਼ਿਲਾਫ਼ ਲੋਕ ਘੋਲਾਂ ਦੀ ਲੋੜ ਨੂੰ ਉਘਾੜ ਕੇ ਸਾਹਮਣੇ ਲਿਆਂਦਾ।

ਇਸ ਵਿਚਾਰ-ਚਰਚਾ ਮੌਕੇ ਮੰਚ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਕਮੇਟੀ ਵੱਲੋਂ ਨਿਮੰਤਰਤ ਬੁਲਾਰੇ ਲਖਬੀਰ ਸਿੰਘ ਨਿਜ਼ਾਮਪੁਰ, ਡਾ. ਸਤਨਾਮ ਸਿੰਘ ਅਜਨਾਲਾ, ਜੋਗਿੰਦਰ ਸਿੰਘ ਉਗਰਾਹਾਂ ਅਤੇ ਰਮਿੰਦਰ ਸਿੰਘ ਪਟਿਆਲਾ ਸੁਸ਼ੋਭਿਤ ਸਨ।

ਵਿਚਾਰ-ਚਰਚਾ ਦਾ ਆਗਾਜ਼ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਵੱਲੋਂ ਜੀ ਆਇਆਂ ਨੂੰ ਕਹਿਣ ਨਾਲ ਹੋਇਆ। ਇਸ ਮੌਕੇ ਬੋਲਦਿਆਂ ਉਹਨਾ ਕਿਹਾ ਕਿ ਗ਼ਦਰ ਪਾਰਟੀ ਦੇ ਸਥਾਪਨਾ ਦਿਹਾੜੇ ਮੌਕੇ ਅੱਜ ਉਹ ਸਾਰੇ ਸੁਆਲ, ਜੋ 1913 'ਚ ਦਰਪੇਸ਼ ਸਨ, ਅੱਜ ਹੋਰ ਵੀ ਵਿਆਪਕ ਅਤੇ ਤਿੱਖੇ ਰੂਪ ਵਿੱਚ ਮੂੰਹ ਅੱਡੀਂ ਖੜ੍ਹੇ ਹਨ। ਇਹ ਸੁਆਲ ਸਾਥੋਂ ਜਵਾਬ ਮੰਗਦੇ ਹਨ। ਇਹ ਵਿਚਾਰ-ਚਰਚਾ ਉਹਨਾਂ ਸੁਆਲਾਂ 'ਚੋਂ ਇੱਕ ਸੁਆਲ ਖੇਤੀ ਅਤੇ ਮੰਡੀ ਉਪਰ ਬੋਲੇ ਧਾਵੇ ਨੂੰ ਸੰਬੋਧਿਤ ਹੁੰਦੀ ਹੋਈ ਵੀ ਸਾਮਰਾਜੀ ਅਤੇ ਦੇਸੀ ਕਾਰਪੋਰੇਟ ਧਾਵੇ ਦੀ ਵਿਸ਼ਾਲ ਲੋਕਾਈ ਖਿਲਾਫ਼ ਧਾਵੇ ਨੂੰ ਕੇਂਦਰ ਵਿੱਚ ਲਿਆਉਣ 'ਚ ਸਫ਼ਲ ਰਹੀ।

ਵਿਚਾਰ-ਚਰਚਾ ਮੌਕੇ ਲਖਬੀਰ ਸਿੰਘ ਨਿਜ਼ਾਮਪੁਰ, ਡਾ. ਸਤਨਾਮ ਸਿੰਘ ਅਜਨਾਲਾ, ਜੋਗਿੰਦਰ ਸਿੰਘ ਉਗਰਾਹਾਂ ਅਤੇ ਰਮਿੰਦਰ ਸਿੰਘ ਪਟਿਆਲਾ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਬੁਲਾਰਿਆਂ ਨੇ ਦਰਸਾਇਆ ਕਿ ਜਿਹੜੇ ਤਿੰਨ ਕਾਲ਼ੇ ਖੇਤੀ ਕਾਨੂੰਨ ਜਾਨ-ਹੂਲਵੇਂ ਘੋਲ ਉਪਰੰਤ ਰੱਦ ਕਰਵਾਉਣ 'ਚ ਦਿੱਲੀ ਕਿਸਾਨ ਮੋਰਚਾ ਸਫ਼ਲ ਹੋਇਆ ਸੀ, ਨਵੀਂ ਮੰਡੀ ਅਤੇ ਖੇਤੀ ਨੀਤੀ ਦੇ ਮਨਸ਼ੇ ਉਸ ਤੋਂ ਵੀ ਕਿਤੇ ਖ਼ਤਰਨਾਕ ਹਨ।

ਬੁਲਾਰਿਆਂ ਨੇ ਤੱਥਾਂ ਸਹਿਤ ਦੱਸਿਆ ਕਿ ਕਿਵੇਂ ਸੰਕਟ ਮੂੰਹ ਆਇਆ ਸਾਮਰਾਜੀ ਅਰਥਚਾਰਾ ਆਪਣਾ ਸੰਕਟ ਸਾਡੇ ਵਰਗੇ ਮੁਲਕਾਂ ਦੇ ਲੋਕਾਂ ਸਿਰ ਲੱਦਣ ਲਈ ਨਿੱਤ ਨਵੇਂ ਪਾਪੜ ਵੇਲ ਰਿਹਾ ਹੈ।

ਬੁਲਾਰਿਆਂ ਦਾ ਸਪੱਸ਼ਟ ਅਤੇ ਸਾਂਝਾ ਵਿਚਾਰ ਸੀ ਕਿ ਖੇਤੀ ਅਤੇ ਮੰਡੀ ਸਾਡੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ, ਇਸ ਦੀ ਮਾਰ ਹੇਠ ਸਿਰਫ਼ ਕਿਸਾਨੀ ਹੀ ਨਹੀਂ, ਸਗੋਂ ਹੋਰ ਮਿਹਨਤਕਸ਼ ਤਬਕੇ ਵੀ ਆਉਣਗੇ। ਉਹਨਾਂ ਕਿਹਾ ਕਿ ਇੱਕ ਦਿਨ 'ਚ ਕਰੋੜਾਂ ਰੁਪਏ ਮੁੱਛਣ ਵਾਲੀਆਂ ਕੰਪਨੀਆਂ ਆਪਣੀਆਂ ਨੀਤੀਆਂ ਬੇਰੋਕ-ਟੋਕ ਲਾਗੂ ਕਰਨ ਲਈ ਹੀ ਲੋਕਾਂ ਦੇ ਮੁੱਢਲੇ ਜਮਹੂਰੀ ਹੱਕਾਂ ਉਪਰ ਡਾਕਾ ਮਾਰ ਰਹੀਆਂ ਹਨ। ਆਏ ਦਿਨ ਰਾਜਕੀ ਮਸ਼ੀਨਰੀ ਦੇ ਸੁਭਾਅ 'ਚ ਫਾਸ਼ੀ ਹੱਲੇ ਦਾ ਵਰਤਾਰਾ ਜ਼ੋਰ ਫੜਦਾ ਜਾ ਰਿਹਾ ਹੈ।

ਵਿਚਾਰ-ਚਰਚਾ ਨੇ ਇਹ ਤੱਤ ਕੱਢਿਆ ਕਿ ਨਵਾਂ ਕਾਰਪੋਰੇਟ ਅਤੇ ਫਾਸ਼ੀ ਹੱਲਾ ਜੁੜਵੇਂ ਅੰਗ ਹਨ, ਇਹਨਾਂ ਨੂੰ ਪਛਾੜਨ ਦਾ ਇੱਕੋ-ਇੱਕ ਸੁਵੱਲੜਾ ਰਾਹ ਏਕੇ ਅਤੇ ਸੰਘਰਸ਼ ਦਾ ਹੈ। ਇਸ ਲਈ ਭਵਿੱਖ ਵਿੱਚ ਫਾਸ਼ੀ ਰਾਜਭਾਗ ਨਾਲ ਲੋਕਾਂ ਦਾ ਸਿੱਧਾ ਮੱਥਾ ਲੱਗੇਗਾ ਅਤੇ ਲੋਕ ਅਵੱਸ਼ ਹੀ ਜੇਤੂ ਹੋ ਕੇ ਨਿਕਲਣਗੇ, ਭਾਵੇਂ ਇਸ ਦੀ ਵਡੇਰੀ ਕੀਮਤ ਅਦਾ ਕਰਨੀ ਪਏਗੀ।

ਵਿਚਾਰ-ਚਰਚਾ ਉਪਰੰਤ ਹੱਥ ਖੜ੍ਹੇ ਕਰਕੇ ਪਾਸ ਕੀਤੇ ਮਤਿਆਂ 'ਚ ਮੰਗ ਕੀਤੀ ਗਈ ਕਿ ਗ਼ਦਰ ਪਾਰਟੀ ਅਤੇ ਆਜ਼ਾਦੀ ਸੰਗਰਾਮ ਨਾਲ ਸੰਬੰਧਤ ਇਤਿਹਾਸਕ ਥਾਵਾਂ, ਇਤਿਹਾਸ ਅਤੇ ਨਾਇਕਾਂ ਦੇ ਜੀਵਨ ਸੰਘਰਸ਼ ਦੀ ਮੌਲਿਕਤਾ ਨਾਲ ਛੇੜਛਾੜ ਕਰਨਾ ਅਤੇ ਉਸ ਦੇ ਪ੍ਰਮਾਣਿਕ ਇਤਿਹਾਸਕ ਮੁਹਾਂਦਰੇ ਦਾ ਹੁਲੀਆ ਵਿਗਾੜਨਾ ਬੰਦ ਕੀਤਾ ਜਾਏ। ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕਤਾ ਤੇ ਮੌਲਿਕ ਸਰੂਪ ਬਹਾਲ ਕੀਤਾ ਜਾਏ। ਪ੍ਰਦੇਸਾਂ ਵਿੱਚ ਪੜ੍ਹਨ ਅਤੇ ਰੁਜ਼ਗਾਰ ਦੀ ਤਲਾਸ਼ ਵਿੱਚ ਗਏ ਬੇਤਹਾਸ਼ਾ ਦੁਸ਼ਵਾਰੀਆਂ ਅਤੇ ਜ਼ਲੀਲਤਾ ਝੱਲਦੇ ਪ੍ਰਵਾਸੀਆਂ ਦੇ ਮੌਲਿਕ ਮਾਨਵੀ ਹੱਕਾਂ ਦੀ ਰਾਖੀ ਕੀਤੀ ਜਾਏ। ਫਲਸਤੀਨੀਆਂ ਦਾ ਨਸਲਘਾਤ ਬੰਦ ਕਰਨ, ਅਮਰੀਕੀ ਹਾਕਮਾਂ ਦੇ ਥਾਪੜੇ ਸਦਕਾ ਇਜ਼ਰਾਈਲੀ ਹਾਕਮਾਂ ਵੱਲੋਂ ਬੋਲੇ ਜਾ ਰਹੇ ਅੱਤ ਦਰਜੇ ਦੇ ਘਿਨੌਣੇ ਹਮਲੇ ਬੰਦ ਕਰਨ ਅਤੇ ਫ਼ਲਸਤੀਨ 'ਚੋਂ ਧਾੜਵੀ ਫੌਜਾਂ ਬਾਹਰ ਕੱਢਣ ਦੀ ਮੰਗ ਕੀਤੀ ਗਈ। ਆਦਿਵਾਸੀਆਂ ਦਾ ਸਮੂਹਿਕ ਕਤਲੇਆਮ, ਉਜਾੜਾ ਅਤੇ ਜੰਗਲ, ਜਲ, ਜ਼ਮੀਨ ਦੀ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਵੱਲੋਂ ਅੰਨ੍ਹੀ ਲੁੱਟ ਬੰਦ ਕਰਨ ਦੀ ਵੀ ਮੰਗ ਕੀਤੀ ਗਈ। ਲੋਕਾਂ ਦੇ ਮੁੱਢਲੇ ਜਮਹੂਰੀ ਹੱਕਾਂ ਦਾ ਘਾਣ ਕਰਨਾ ਬੰਦ ਕਰਨ, ਗ੍ਰਿਫ਼ਤਾਰ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਰੰਗਕਰਮੀਆਂ ਆਦਿ ਨੂੰ ਤੁਰੰਤ ਰਿਹਾਅ ਕੀਤਾ ਜਾਏ। ਫਸਲਾਂ ਨੂੰ ਅੱਗਾਂ ਲੱਗਣ, ਗੜ੍ਹੇਮਾਰ ਅਤੇ ਤੇਜ਼ ਹਨੇਰੀਆਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਏ। ਇਹ ਵੀ ਮੰਗ ਕੀਤੀ ਗਈ ਕਿ ਪੰਜਾਬ ਨੂੰ ਪੁਲਸ ਰਾਜ ਵਿੱਚ ਬਦਲਣ ਅਤੇ ਹੱਕ ਮੰਗਦੇ ਲੋਕਾਂ ਵਿਸ਼ੇਸ਼ ਕਰਕੇ ਔਰਤਾਂ, ਨੌਜਵਾਨਾਂ, ਰੁਜ਼ਗਾਰ ਮੰਗਦੀ ਜੁਆਨੀ ਨੂੰ • ਬਾਕੀ ਸਫਾ 2 'ਤੇ

## ਪੋਪ ਦਾ ਦੇਹਾਂਤ



**ਵੈਟੀਕਨ ਸਿਟੀ** : ਰੋਮਨ ਕੈਥੋਲਿਕ ਚਰਚ ਦੇ ਪਹਿਲੇ ਲਾਤੀਨੀ ਅਮਰੀਕੀ ਪੋਪ ਫਰਾਂਸਿਸ (88) ਦਾ ਦੇਹਾਂਤ ਹੋ ਗਿਆ ਹੈ। ਕਾਰਡੀਨਲ ਕੇਵਿਨ ਫੈਰੇਲ ਨੇ ਵੈਟੀਕਨ ਦੇ ਟੀ ਵੀ ਚੈਨਲ 'ਤੇ ਕਿਹਾ, 'ਪਿਆਰੇ ਭਰਾਵੋ ਅਤੇ ਭੈਣੋ, ਬਹੁਤ ਦੁੱਖ ਦੇ ਨਾਲ ਮੈਨੂੰ ਸਾਡੇ ਪਵਿੱਤਰ ਪਿਤਾ ਫਰਾਂਸਿਸ ਦੀ ਮੌਤ ਦਾ ਐਲਾਨ ਕਰਨਾ ਪੈ ਰਿਹਾ ਹੈ।'ਫਰਾਂਸਿਸ 23 ਮਾਰਚ ਨੂੰ ਨਮੂਨੀਆ ਕਾਰਨ 38 ਦਿਨ ਹਸਪਤਾਲ ਰਹਿਣ ਤੋਂ ਬਾਅਦ ਬੀਤੇ ਦਿਨ ਜਨਤਕ ਤੌਰ 'ਤੇ ਦਿਖਾਈ ਦਿੱਤੇ ਸਨ। ਐਤਵਾਰ ਨੂੰ ਈਸਟਰ ਵਾਲੇ ਦਿਨ ਫਰਾਂਸਿਸ ਦੁਪਹਿਰ ਤੋਂ ਥੋੜ੍ਹੀ ਦੇਰ ਬਾਅਦ ਇਕ ਖੁੱਲ੍ਹੀ ਹਵਾ ਵਿੱਚ ਸੇਂਟ ਪੀਟਰਜ਼ ਸਕੁਏਅਰ 'ਚ ਆਏ ਸਨ। ਜਾਰਜ ਮਾਰੀਓ ਬਰਗੋਗਲੀਓ ਨੂੰ 13 ਮਾਰਚ 2013 ਨੂੰ ਪੋਪ ਚੁਣਿਆ ਗਿਆ ਸੀ।

## ਮੈਡੀਕਲ ਵਿਦਿਆਰਥੀ ਵੱਲੋਂ ਖੁਦਕੁਸ਼ੀ

**ਅੰਮ੍ਰਿਤਸਰ** : ਇੱਥੇ ਵੱਲਾ ਵਿਖੇ ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਐਂਡ ਰਿਸਰਚ ਅਧੀਨ ਚੱਲ ਰਹੇ ਮੈਡੀਕਲ ਕਾਲਜ ਵਿੱਚ ਇੱਕ ਵਿਦਿਆਰਥੀ ਨੇ ਐਤਵਾਰ ਰਾਤ ਹੋਸਟਲ ਵਿੱਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਐੱਮ ਬੀ ਬੀ ਐੱਸ ਪਹਿਲੇ ਸਾਲ ਦਾ ਗੁਰਦਾਸਪੁਰ ਜ਼ਿਲ੍ਹੇ ਦਾ ਵਿਦਿਆਰਥੀ ਲੰਘੇ ਦਿਨ ਹੀ ਆਪਣੇ ਘਰ ਤੋਂ ਪਰਤਿਆ ਸੀ। ਜਦੋਂ ਇੱਕ ਵਿਦਿਆਰਥੀ ਨੇ ਸੋਮਵਾਰ ਸਵੇਰੇ ਹੋਸਟਲ ਦੇ ਕਮਰੇ ਦਾ ਦਰਵਾਜ਼ਾ ਖੋਲ੍ਹਿਆ ਤਾਂ ਅੰਦਰ ਉਸ ਨੂੰ ਫਾਹਾ ਲਏ ਹੋਏ ਨੂੰ ਦੇਖਿਆ। ਖੁਦਕੁਸ਼ੀ ਦੇ ਕਾਰਨਾਂ ਬਾਰੇ ਫੌਰੀ ਤੌਰ 'ਤੇ ਕੋਈ ਜਾਣਕਾਰੀ ਨਹੀਂ ਮਿਲੀ।

## ਸੋਨਾ 200 ਰੁਪਏ ਘੱਟ ਇੱਕ ਲੱਖ

**ਨਵੀਂ ਦਿੱਲੀ** : ਕਮਜ਼ੋਰ ਡਾਲਰ ਅਤੇ ਅਮਰੀਕਾ-ਚੀਨ ਵਪਾਰ ਯੁੱਧ ਕਾਰਨ ਮੰਗ 'ਤੇ ਅਨਿਸਚਿਤਤਾਵਾਂ ਕਾਰਨ ਸੋਮਵਾਰ ਕੌਮੀ ਰਾਜਧਾਨੀ ਵਿੱਚ ਸੋਨੇ ਦੀਆਂ ਕੀਮਤਾਂ 1650 ਰੁਪਏ ਵਧ ਕੇ 1 ਲੱਖ ਰੁਪਏ ਪ੍ਰਤੀ 10 ਗ੍ਰਾਮ ਦੇ ਨੇੜੇ ਪਹੁੰਚ ਗਈਆਂ। ਆਲ ਇੰਡੀਆ ਸਰਾਫਾ ਐਸੋਸੀਏਸ਼ਨ ਦੇ ਅਨੁਸਾਰ 99.9 ਪ੍ਰਤੀਸ਼ਤ ਸ਼ੁੱਧਤਾ ਵਾਲੇ ਸੋਨੇ ਦੀ ਕੀਮਤ ਸੋਮਵਾਰ 99,800 ਰੁਪਏ ਪ੍ਰਤੀ 10 ਗ੍ਰਾਮ 'ਤੇ ਪਹੁੰਚ ਗਈ। ਸ਼ੁੱਕਰਵਾਰ ਕੀਮਤ 20 ਰੁਪਏ ਡਿੱਗ ਕੇ 98,150 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਈ ਸੀ। 99.5 ਪ੍ਰਤੀਸ਼ਤ ਸ਼ੁੱਧਤਾ ਵਾਲਾ ਸੋਨਾ 1,600 ਰੁਪਏ ਉਛਲ ਕੇ 99,300 ਰੁਪਏ ਪ੍ਰਤੀ 10 ਗ੍ਰਾਮ ਦੇ ਨਵੇਂ ਸਿਖਰ 'ਤੇ ਪਹੁੰਚ ਗਿਆ। 31 ਦਸੰਬਰ ਤੋਂ ਹੁਣ ਤੱਕ ਸੋਨੇ ਦੀਆਂ ਕੀਮਤਾਂ ਪ੍ਰਤੀ 10 ਗ੍ਰਾਮ 20,850 ਰੁਪਏ ਜਾਂ 26.41 ਪ੍ਰਤੀਸ਼ਤ ਵਧੀਆਂ ਹਨ। ਚਾਂਦੀ ਦੀ ਕੀਮਤ ਵੀ 500 ਰੁਪਏ ਵਧ ਕੇ 98,500 ਰੁਪਏ ਪ੍ਰਤੀ ਕਿੱਲੋ ਹੋ ਗਈ ਹੈ।

# ਅੰਮ੍ਰਿਤਪਾਲ ਦੇ ਦੋ ਹਮਾਇਤੀ ਗ੍ਰਿਫਤਾਰ

## ਸ਼ਾਹ, ਬਿੱਟੂ ਤੇ ਮਜੀਠੀਆ 'ਤੇ ਹਮਲਾ ਕਰਨ ਦੀਆਂ ਯੋਜਨਾਵਾਂ 'ਤੇ ਵ੍ਹਟਸਐਪ ਚਰਚਾ ਤੋਂ ਬਾਅਦ ਪੁਲਸ ਐਕਸ਼ਨ

**ਚੰਡੀਗੜ੍ਹ** : ਜੇਲ੍ਹਬੰਦ ਸਾਂਸਦ ਅੰਮ੍ਰਿਤਪਾਲ ਸਿੰਘ ਦੀ ਕਥਿਤ ਹਮਾਇਤ ਕਰਨ ਵਾਲੇ ਇਕ ਵ੍ਹਟਸਐਪ ਗਰੁੱਪ ਵਿੱਚ ਕਥਿਤ ਤੌਰ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ 'ਤੇ ਹਮਲਾ ਕਰਨ ਦੀਆਂ ਯੋਜਨਾਵਾਂ 'ਤੇ ਚਰਚਾ ਕੀਤੇ ਜਾਣ ਦੇ ਮਾਮਲੇ ਵਿੱਚ ਪੰਜਾਬ ਪੁਲਸ ਨੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸੰਬੰਧ 'ਚ ਤਿੰਨ ਮੁਲਜ਼ਮਾਂ ਦੀ ਪਛਾਣ ਲਖਦੀਪ ਸਿੰਘ ਸਰਦਾਰਗੜ੍ਹ, ਬਠਿੰਡਾ; ਬਲਕਾਰ ਸਿੰਘ, ਨਿਊ ਮਾਡਲ ਟਾਊਨ, ਖੰਨਾ ਅਤੇ ਪਵਨਦੀਪ ਸਿੰਘ, ਪਿੰਡ ਖੋਟੇ, ਮੋਗਾ ਵਜੋਂ ਕੀਤੀ ਗਈ ਸੀ। ਤਿੰਨਾਂ ਵਿੱਚੋਂ ਪੁਲਸ ਵੱਲੋਂ ਬਲਕਾਰ ਅਤੇ ਪਵਨਦੀਪ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਮੋਗਾ ਦੇ ਸਾਈਬਰ ਕ੍ਰਾਈਮ ਪੁਲਸ ਸਟੇਸ਼ਨ ਨੇ ਭਾਰਤੀ ਦੰਡਾਵਲੀ, ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਅਤੇ ਸੂਚਨਾ ਤਕਨਾਲੋਜੀ ਐਕਟ ਦੀਆਂ ਕਈ ਧਾਰਾਵਾਂ ਦੇ ਤਹਿਤ ਐਫ ਆਈ ਆਰ ਦਰਜ ਕੀਤੀ ਸੀ।

ਐਤਵਾਰ ਨੂੰ ਸੋਸ਼ਲ ਮੀਡੀਆ 'ਤੇ ਗਰੁੱਪ ਚੈਟ ਦੇ ਲੀਕ ਹੋਏ ਸਕਰੀਨਸ਼ਾਟ ਸਾਹਮਣੇ ਆਉਣ ਤੋਂ ਬਾਅਦ ਇਸ ਸਾਜ਼ਿਸ਼ ਦਾ ਪਰਦਾ ਫਾਸ਼ ਹੋਇਆ, ਜਿਸ ਨਾਲ ਸੁਰੱਖਿਆ ਏਜੰਸੀਆਂ ਵਿੱਚ ਚਿੰਤਾ ਪੈਦਾ ਹੋ ਗਈ ਤੇ ਉਹ ਹਰਕਤ ਵਿਚ ਆਈਆਂ।

'ਵਾਰਿਸ ਪੰਜਾਬ ਦੇ ਟੀਮ' ਨਾਮੀ ਇਸ ਵ੍ਹਟਸਐਪ ਗਰੁੱਪ ਨੂੰ ਦੇਸ਼-ਵਿਰੋਧੀ ਗਤੀਵਿਧੀਆਂ ਨਾਲ ਜੁੜਿਆ ਹੋਇਆ ਮੰਨਿਆ ਜਾਂਦਾ ਹੈ ਅਤੇ ਕਥਿਤ ਤੌਰ 'ਤੇ ਇਸ ਵਿੱਚ 600 ਤੋਂ ਵੱਧ ਮੈਂਬਰ ਸ਼ਾਮਲ ਹਨ।

# ਜੰਮੂ-ਸ੍ਰੀਨਗਰ ਸੜਕ ਠੀਕ ਹੋਣ ਲਈ ਪੰਜ-ਛੇ ਦਿਨ ਲੱਗਣਗੇ



**ਰਾਮਬਨ** : ਢਿੱਗਾਂ ਖਿਸਕਣ ਕਾਰਨ ਪ੍ਰਭਾਵਤ ਜੰਮੂ-ਸ੍ਰੀਨਗਰ ਕੌਮੀ ਸ਼ਾਹਰਾਹ ਸੋਮਵਾਰ ਦੂਜੇ ਦਿਨ ਵੀ ਬੰਦ ਰਿਹਾ। ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (ਐੱਨ ਐੱਚ ਏ ਆਈ) ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ 20 ਥਾਵਾਂ 'ਤੇ ਚੱਲ ਰਹੇ ਸੜਕ ਸਾਫ ਕਰਨ ਦੇ ਕਾਰਜ ਵਿੱਚ ਲਗਭਗ ਛੇ ਦਿਨ ਲੱਗਣ ਦੀ ਸੰਭਾਵਨਾ ਹੈ। ਰਾਮਬਨ ਜ਼ਿਲ੍ਹੇ 'ਚ ਭਾਰੀ ਮੀਂਹ ਅਤੇ ਬੱਦਲ ਫਟਣ ਦੌਰਾਨ ਹੜ੍ਹ, ਜ਼ਮੀਨ ਖਿਸਕਣ ਅਤੇ ਚਿੱਕੜ/ਗਾਰ ਡਿੱਗਣ ਕਾਰਨ ਐਤਵਾਰ ਨੂੰ ਕਸ਼ਮੀਰ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਨ ਵਾਲੇ 250 ਕਿੱਲੋਮੀਟਰ ਲੰਮੇ ਰਣਨੀਤਕ ਪੱਖੋਂ ਅਹਿਮ ਹਾਈਵੇ (ਜੋ ਕਿ ਹਰ ਮੌਸਮ ਵਿੱਚ ਚੱਲਣ ਵਾਲੀ ਇੱਕੋ-ਇੱਕ ਸੜਕ ਹੈ) 'ਤੇ ਸੈਂਕੜੇ ਵਾਹਨ ਫਸ ਗਏ ਸਨ।ਐੱਨ ਐੱਚ ਆਈ ਏ ਦੇ ਪ੍ਰੋਜੈਕਟ ਡਾਇਰੈਕਟਰ ਪੁਰਸ਼ੋਤਮ ਕੁਮਾਰ ਨੇ ਦੱਸਿਆ, 'ਹਾਈਵੇ 'ਤੇ ਇੱਕ ਦਰਜਨ ਤੋਂ ਵੱਧ ਥਾਵਾਂ 'ਤੇ ਖਾਸ ਕਰਕੇ ਸੇਰੀ ਅਤੇ ਮਾਰੂਗ ਦੇ ਵਿਚਕਾਰ ਚਾਰ ਕਿਲੋਮੀਟਰ ਦੇ ਰਸਤੇ 'ਤੇ ਮਿੱਟੀ ਜਮ੍ਹਾਂ ਹੋਣ ਕਾਰਨ ਸਾਨੂੰ ਇੱਕ ਚੁਣੌਤੀਪੂਰਨ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਝ ਥਾਵਾਂ 'ਤੇ ਮਿੱਟੀ ਦੀ ਉਚਾਈ 20 ਫੁੱਟ ਤੋਂ ਵੱਧ ਹੈ।

ਹਾਈਵੇ ਨੂੰ ਆਵਾਜਾਈ ਲਈ ਦੁਬਾਰਾ ਖੋਲ੍ਹਣ ਵਿੱਚ ਪੰਜ ਤੋਂ ਛੇ ਦਿਨ ਲੱਗਣ ਦੀ ਸੰਭਾਵਨਾ ਹੈ। ਪੰਥਿਆਲ ਅਤੇ ਕੇਲਾ ਮੋੜ ਦੇ ਨੇੜੇ ਹਾਈਵੇ ਨੂੰ ਵੱਡਾ ਨੁਕਸਾਨ ਹੋਇਆ ਹੈ।'

# ਕਹਿਰ ਵਾਪਰਿਆ



**ਜਲੰਧਰ** : ਪ੍ਰਸਿਧ ਲੱਕੀ ਢਾਬਾ ਦੇ ਮਾਲਕ ਬਰਿੰਦਰ ਲੱਕੀ ਦੇ ਘਰ ਖੁਸ਼ੀਆਂ ਮਾਤਮ ਵਿੱਚ ਬਦਲ ਗਈਆਂ, ਜਦ ਸੋਮਵਾਰ ਸਵੇਰੇ ਐੱਸ ਯੂ ਵੀ ਨੇ ਉਨ੍ਹਾ ਦੇ ਇਕਲੌਤੇ ਤਿੰਨ ਸਾਲਾ ਬੇਟੇ ਤ੍ਰਿਪੁਲ ਹੰਸ ਨੂੰ ਕੁਚਲ ਦਿੱਤਾ। ਵਿਆਹ ਦੇ ਅੱਠ ਸਾਲ ਬਾਅਦ ਪੈਦਾ ਹੋਏ ਤ੍ਰਿਪੁਲ ਨੂੰ ਪਰਵਾਰ ਮੁੰਡਨ ਲਈ ਮੰਦਰ ਲਿਜਾਣ ਲਈ ਤਿਆਰ ਹੋ ਰਿਹਾ ਸੀ, ਜਦੋਂ ਐੱਸ ਯੂ ਵੀ ਚਾਲਕ ਕਿਸ਼ਨਪੁਰਾ ਚੌਕ ਨੇੜੇ ਪਹਿਲਾਂ ਇੱਕ ਕੁੱਤੇ ਤੇ ਫਿਰ ਤ੍ਰਿਪੁਲ ਨੂੰ ਟੱਕਰ ਮਾਰ ਕੇ ਫਰਾਰ ਹੋ ਗਿਆ। ਹਾਲਾਂਕਿ ਬਾਅਦ ਵਿੱਚ ਰਾਮਾ ਮੰਡੀ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ। ਹਾਦਸੇ ਤੋਂ ਬਾਅਦ ਉਹ ਤ੍ਰਿਪੁਲ ਨੂੰ ਪਹਿਲਾਂ ਮੈਟਰੋ ਹਸਪਤਾਲ ਲੈ ਕੇ ਗਏ ਤੇ ਬਾਅਦ ਵਿੱਚ ਇਕ ਹੋਰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪਰਵਾਰ ਦੇ ਰਿਸ਼ਤੇਦਾਰ ਸੋਮਨਾਥ ਨੇ ਦੱਸਿਆ ਕਿ ਹਾਦਸੇ ਤੋਂ ਪਹਿਲਾਂ ਤ੍ਰਿਪੁਲ ਉਸ ਦੇ ਨਾਲ ਸੀ।

# ਹਿਮਾਚਲ ਪੁਲਸ ਨੇ ਨਸ਼ਿਆਂ ਨਾਲ ਪੰਜਾਬ ਦੇ ਦੋ ਮੁੰਡਿਆਂ ਸਣੇ 8 ਫੜੇ

**ਬਿਲਾਸਪੁਰ** : ਹਿਮਾਚਲ 'ਚ ਬਿਲਾਸਪੁਰ ਜ਼ਿਲ੍ਹੇ ਦੀ ਪੁਲਸ ਨੇ ਅੱਠ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ 15.83 ਗ੍ਰਾਮ ਚਿੱਟਾ (ਹੈਰੋਇਨ) ਅਤੇ 4.48 ਗ੍ਰਾਮ ਚਰਸ ਬਰਾਮਦ ਕੀਤੀ ਹੈ। ਇਨ੍ਹਾਂ ਵਿੱਚ ਪੰਜਾਬ ਦੇ ਦੋ, ਮੰਡੀ ਦੇ ਤਿੰਨ ਅਤੇ ਬਿਲਾਸਪੁਰ ਜ਼ਿਲ੍ਹੇ ਦੇ ਤਿੰਨ ਨੌਜਵਾਨ ਸ਼ਾਮਲ ਹਨ।

ਵਿਸ਼ੇਸ਼ ਟੀਮ ਨੇ ਐਤਵਾਰ ਨੂੰ ਬੱਲੋਹ ਟੋਲ ਪਲਾਜ਼ਾ ਦੇ ਨੇੜੇ ਕੀਰਤਪੁਰ-ਨੇਰ ਚੌਕ 'ਤੇ ਬੈਰੀਕੇਡ 'ਤੇ ਟੈਕਸੀ ਵਿੱਚੋਂ 5.50 ਗ੍ਰਾਮ ਚਿੱਟਾ ਬਰਾਮਦ ਕਰਕੇ ਹਰੀਸ਼ ਕੁਮਾਰ, ਸੁਨੀਲ ਕੁਮਾਰ ਅਤੇ ਚਮਨ ਲਾਲ ਨੂੰ ਗ੍ਰਿਫਤਾਰ ਕੀਤਾ, ਜੋ ਕਿ ਮੰਡੀ ਜ਼ਿਲ੍ਹੇ ਦੇ ਰਹਿਣ ਵਾਲੇ ਹਨ। ਬਿਲਾਸਪੁਰ ਪੁਲਸ ਨੇ ਸ਼ਹਿਰ ਦੇ ਡਾਇਰਾ ਸੈਕਟਰ ਵਿੱਚ ਸ਼੍ਰੀ ਲਕਸ਼ਮੀ ਨਾਰਾਇਣ ਮੰਦਰ ਦੇ ਨੇੜੇ ਪੈਦਲ ਜਾ ਰਹੇ ਨੌਜਵਾਨ ਅਕਸ਼ੈ ਕੁਮਾਰ ਤੋਂ ਕਥਿਤ ਤੌਰ 'ਤੇ 17 ਮਿਲੀਗ੍ਰਾਮ ਚਿੱਟਾ ਅਤੇ 3.50 ਗ੍ਰਾਮ ਚਰਸ ਬਰਾਮਦ ਕੀਤੀ। ਨਿਹਾਲ ਸੈਕਟਰ ਵਿੱਚ ਇੱਕ ਦੁੱਧ ਚਿਲਿੰਗ ਪਲਾਂਟ ਵਿੱਚ ਨੌਜਵਾਨ ਸ਼ਿਵਮ ਤੋਂ ਕਥਿਤ ਤੌਰ 'ਤੇ 6 ਮਿਲੀਗ੍ਰਾਮ ਚਿੱਟਾ ਅਤੇ 98 ਮਿਲੀਗ੍ਰਾਮ ਹਸ਼ੀਸ਼ ਬਰਾਮਦ ਹੋਈ। ਪੁਲਸ ਨੇ ਢੋਲਰਾ ਗੇਟ ਨੇੜੇ ਪੁਰਾਣੇ ਚੰਡੀਗੜ੍ਹ-ਮਨਾਲੀ ਹਾਈਵੇਅ 'ਤੇ ਇੱਕ ਚੈੱਕਪੋਸਟ 'ਤੇ ਕਾਰ ਨੂੰ ਰੋਕ ਕੇ ਤਲਾਸ਼ੀ ਦੌਰਾਨ ਲਗਭਗ 10 ਗ੍ਰਾਮ ਚਿੱਟੇ ਦਾ ਪੈਕੇਟ ਬਰਾਮਦ ਕਰਕੇ ਬਿਲਾਸਪੁਰ ਦੇ ਰਹਿਣ ਵਾਲੇ ਲੋਕੇਸ਼ ਕੁਮਾਰ ਅਤੇ ਪੰਜਾਬ ਦੇ ਸ਼ਿਆਮ ਅਤੇ ਮਿੰਟੂ ਸਿੰਘ ਨੂੰ ਗ੍ਰਿਫਤਾਰ ਕੀਤਾ।

# ਢੱਡਰੀਆਂ ਵਾਲੇ ਨੂੰ ਮੁੱਖ ਧਾਰਾ 'ਚ ਆਉਣ ਦਾ ਸੱਦਾ

**ਅੰਮ੍ਰਿਤਸਰ** : ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੱਦਾ ਦਿੱਤਾ ਹੈ ਕਿ ਸਿੱਖ ਧਰਮ ਦੀ ਪ੍ਰਚਾਰ ਲਹਿਰ ਨੂੰ ਤਿੱਖਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਮਦਮੀ ਟਕਸਾਲ, ਨਿਹੰਗ ਸਿੰਘ ਦਲ, ਸਿੱਖ ਜਥੇਬੰਦੀਆਂ, ਮਿਸ਼ਨਰੀ ਕਾਲਜ, ਸੰਸਥਾਵਾਂ ਤੇ ਪ੍ਰਚਾਰਕ ਅੱਗੇ ਆਉਣ।

ਸੋਮਵਾਰ ਇੱਥੇ ਪ੍ਰੈਸ ਕਾਨਫਰੰਸ ਦੌਰਾਨ ਜਥੇਦਾਰ ਗੜਗੱਜ ਨੇ ਕਿਹਾ ਕਿ ਗੁਰੂ ਸਿਧਾਂਤਾਂ ਅਨੁਸਾਰ ਸਾਨੂੰ ਸਾਰਿਆਂ ਨੂੰ ਇੱਕਜੁੱਟਤਾ ਨਾਲ ਸਿੱਖੀ ਦਾ ਪ੍ਰਚਾਰ-ਪ੍ਰਸਾਰ ਕਰਨਾ ਚਾਹੀਦਾ ਹੈ ਅਤੇ ਪੰਜਾਬ ਅੰਦਰ ਧਰਮ ਪਰਿਵਰਤਨ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਇਸ ਦੀ ਵੱਡੀ ਲੋੜ ਹੈ। ਉਨ੍ਹਾ ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਸਮੇਤ ਹੋਰ ਸਿੱਖ ਸ਼ਖਸੀਅਤਾਂ, ਜਿਨ੍ਹਾਂ ਦੇ ਮਾਮਲੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਚੱਲ ਰਹੇ ਹਨ, ਨੂੰ ਆਪਣਾ ਪੱਖ ਰੱਖਣ ਲਈ ਵੀ ਸੱਦਾ ਦਿੱਤਾ ਤਾਂ ਜੋ ਇੱਕਜੁੱਟਤਾ ਨਾਲ ਪੰਜਾਬ ਅੰਦਰ ਧਰਮ ਪਰਿਵਰਤਨ ਨੂੰ ਠੱਲ੍ਹਣ ਦੇ ਨਾਲ-ਨਾਲ ਸਿੱਖੀ ਦੇ ਪ੍ਰਚਾਰ ਨੂੰ ਪ੍ਰਚੰਡ ਕੀਤਾ ਜਾ ਸਕੇ। ਉਨ੍ਹਾਂ ਸਪਸ਼ਟ ਕੀਤਾ ਕਿ ਜੇ ਭਾਈ ਢੱਡਰੀਆਂ ਵਾਲੇ ਤੇ ਹੋਰ ਸਿੱਖ ਸ਼ਖਸੀਅਤਾਂ ਖਾਲਸਾ ਪੰਥ ਦੀ ਮੁੱਖ ਧਾਰਾ ਵਿੱਚ ਆ ਕੇ ਪ੍ਰਚਾਰ-ਪ੍ਰਸਾਰ ਦਾ ਕਾਰਜ ਕਰਨਾ ਚਾਹੁੰਦੀਆਂ ਹਨ ਤਾਂ ਗੁਰੂ ਸਾਹਿਬਾਨ ਦੇ ਫਲਸਫੇ ਤੇ ਸਿਧਾਂਤ ਮੁਤਾਬਕ ਸ੍ਰੀ ਅਕਾਲ ਤਖਤ ਸਾਹਿਬ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ। ਇਸ ਲਈ ਉਹ ਸਮਰਪਣ ਭਾਵ ਨਾਲ ਗੁਰੂ ਦੇ ਦਰਬਾਰ ਵਿਖੇ ਆਉਣ। ਜਥੇਦਾਰ ਨੇ ਕਿਹਾ ਕਿ ਸਿੱਖ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਵਾਰਕ ਮੈਂਬਰਾਂ, ਪੁਰਾਤਨ ਸਿੱਖ ਯੋਧਿਆਂ, ਸ਼ਹੀਦਾਂ ਅਤੇ ਸਿੱਖ ਇਤਿਹਾਸ ਦੇ ਵਿਭਿੰਨ ਪਹਿਲੂਆਂ ਉੱਪਰ ਬਣਦੀਆਂ ਫਿਲਮਾਂ/ਐਨੀਮੇਸ਼ਨ ਫਿਲਮਾਂ ਦੇ ਮਾਮਲਿਆਂ ਨੂੰ ਲੈ ਕੇ 2 ਮਈ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਸਮੂਹ ਸਿੱਖ ਜਥੇਬੰਦੀਆਂ, ਬੁੱਧੀਜੀਵੀਆਂ ਅਤੇ ਵਿਦਵਾਨਾਂ ਦੀ ਇੱਕ ਮੀਟਿੰਗ ਸੱਦੀ ਗਈ ਹੈ। ਉਨ੍ਹਾ ਕਿਹਾ ਕਿ ਸਿੱਖ ਇਤਿਹਾਸ ਸੰਬੰਧੀ ਫਿਲਮਾਂ ਨੂੰ ਲੈ ਕੇ ਸਿੱਖ ਜਗਤ ਵਿਚ ਅਕਸਰ ਹੀ ਚਿੰਤਾ ਬਣੀ ਰਹਿੰਦੀ ਹੈ ਅਤੇ ਜਦੋਂ ਵੀ ਅਜਿਹੇ ਮਾਮਲੇ ਸਾਹਮਣੇ ਆਉਂਦੇ ਹਨ ਤਾਂ ਸਿੱਖ ਕੌਮ ਅੰਦਰ ਰੋਸ ਅਤੇ ਰੋਹ ਦੀ ਭਾਵਨਾ ਪ੍ਰਗਟ ਹੁੰਦੀ ਹੈ।

## ਝਾਰਖੰਡ 'ਚ 8 ਨਕਸਲੀ ਮਾਰੇ

**ਰਾਂਚੀ** : ਸੋਮਵਾਰ ਸਵੇਰੇ ਝਾਰਖੰਡ ਦੇ ਬੋਕਾਰੋ ਜ਼ਿਲ੍ਹੇ ਵਿੱਚ ਸੀ ਆਰ ਪੀ ਐੱਫ ਅਤੇ ਪੁਲਸ ਦੇ ਕੋਬਰਾ ਕਮਾਂਡੋਜ਼ ਨੇ 8 ਨਕਸਲੀ ਮਾਰ ਦਿੱਤੇ। ਮਾਰੇ ਜਾਣ ਵਾਲਿਆਂ ਵਿੱਚ ਪ੍ਰਯਾਗ ਮਾਂਝੀ ਉਰਫ ਵਿਵੇਕ 'ਤੇ ਇੱਕ ਕਰੋੜ, ਅਰਵਿੰਦ ਯਾਦਵ 'ਤੇ 25 ਲੱਖ ਤੇ ਸਾਹਿਬਰਾਮ ਮਾਝੀ 'ਤੇ 10 ਲੱਖ ਰੁਪਏ ਦਾ ਇਨਾਮ ਐਲਾਨਿਆ ਹੋਇਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ ਦੇ ਲਾਲਪਾਨੀਆ ਖੇਤਰ ਦੇ ਲੁਗੂ ਹਿਲਜ਼ 'ਚ ਸਵੇਰੇ 5.30 ਵਜੇ ਦੇ ਕਰੀਬ ਗੋਲੀਬਾਰੀ ਸ਼ੁਰੂ ਹੋਈ, ਜਿਸ ਵਿੱਚ 8 ਨਕਸਲੀ ਮਾਰੇ ਗਏ। ਇਸ ਦੌਰਾਨ ਇੱਕ ਏ ਕੇ ਰਾਈਫਲ, ਤਿੰਨ ਇੰਸਾਸ ਰਾਈਫਲ, ਇੱਕ ਸੈਲਫ-ਲੋਡਿੰਗ ਰਾਈਫਲ, ਅੱਠ ਦੇਸੀ ਬੰਦੂਕਾਂ ਅਤੇ ਇੱਕ ਪਿਸਤੌਲ ਜ਼ਬਤ ਕੀਤੀ ਗਈ। ਜਵਾਨਾਂ ਵਿੱਚੋਂ ਕਿਸੇ ਦੇ ਜ਼ਖਮੀ ਹੋਣ ਦੀ ਖਬਰ ਨਹੀਂ ਹੈ।

## ਅੱਜ-ਨਾਮਾ

ਟੈਰਿਫ ਵਾਲਾ ਖਿਚਾਅ ਜਿਹਾ ਵਧੀ ਜਾਵੇ,
ਨਹੀਂ ਹੈ ਦਿੰਦਾ ਟਰੰਪ ਕੋਈ ਰਾਹ ਬੇਲੀ।
ਚੀਨ ਵਰਗਿਆਂ ਨੂੰ ਪੈ ਰਹੀ ਮਾਰ ਦਿੱਸੇ,
ਯੂਰਪੀ ਲੋਕਾਂ ਦੇ ਸੁੱਕੇ ਪਏ ਸਾਹ ਬੇਲੀ।
ਜਾਪਾਨ ਤੀਕਰ ਖਿਚਾਅ ਦੀ ਮਾਰ ਪੁੱਜੀ,
ਸਾਥੀ ਮੁਲਕ ਪਏ ਕਰਨ ਸਲਾਹ ਬੇਲੀ।
ਆਕੜ-ਝਾਕੜ ਕੇ ਚੁੱਪ ਨੇ ਰਹਿ ਜਾਂਦੇ,
ਜਾਂਦੀ ਕਿਸੇ ਦੀ ਪੇਸ਼ ਨਹੀਂ ਵਾਹ ਬੇਲੀ।
ਧੌਂਸਬਾਜ਼ੀ ਦਾ ਯੁੱਗ ਆ ਨਵਾਂ ਆਇਆ,
ਕਰ'ਤੇ ਆੜੀ ਆ ਬਾਬੇ ਨੇ ਤੰਗ ਬੇਲੀ।
ਮਾਰਦਾ ਟੈਰਿਫ ਦਾ ਤੋਲਵਾਂ ਡੰਗ ਬੇਲੀ,
ਦਿੱਤੀ ਸਾਂਝ ਉਸ ਛਿੱਕੇ 'ਤੇ ਟੰਗ ਬੇਲੀ।

-ਤੀਸ ਮਾਰ ਖਾਂ

# ਮਹਾਰਾਸ਼ਟਰ 'ਚ ਚੋਣ ਕਮਿਸ਼ਨ ਨੇ ਗੜਬੜ ਕੀਤੀ : ਰਾਹੁਲ



**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਅਮਰੀਕਾ ਵਿੱਚ ਮਹਾਰਾਸ਼ਟਰ ਚੋਣਾਂ ਦੇ ਮੁੱਦੇ ਦਾ ਜ਼ਿਕਰ ਕਰਦਿਆਂ ਚੋਣ ਕਮਿਸ਼ਨ 'ਤੇ ਸਮਝੌਤਾ ਕਰਨ ਦਾ ਦੋਸ਼ ਲਗਾਇਆ। ਉਨ੍ਹਾ ਕਿਹਾ ਕਿ ਸਿਸਟਮ ਵਿੱਚ ਇੱਕ ਵੱਡੀ ਖਰਾਬੀ ਹੈ। ਅਮਰੀਕਾ ਪਹੁੰਚੇ ਰਾਹੁਲ ਗਾਂਧੀ ਦਾ ਸਵਾਗਤ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਸੈਮ ਪਿਤ੍ਰੋਦਾ ਨੇ ਕੀਤਾ।

ਰਾਹੁਲ ਗਾਂਧੀ ਨੇ ਅਮਰੀਕੀ ਸ਼ਹਿਰ ਬੋਸਟਨ ਵਿੱਚ ਬ੍ਰਾਊਨ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਇੱਕ ਸੈਸ਼ਨ ਨੂੰ ਸੰਬੋਧਨ ਕਰਦਿਆਂ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਤੇ ਚੋਣ ਕਮਿਸ਼ਨ ਦੀ ਪਾਰਦਰਸ਼ਤਾ ਦਾ ਮੁੱਦਾ ਉਠਾਇਆ। ਰਾਹੁਲ ਨੇ ਕਿਹਾ ਕਿ ਚੋਣ ਕਮਿਸ਼ਨ ਸਮਝੌਤਾ ਕਰ ਗਿਆ ਹੈ। ਰਾਹੁਲ ਨੇ ਕਿਹਾ ਕਿ ਮਹਾਰਾਸ਼ਟਰ ਵਿੱਚ ਬਾਲਗਾਂ ਨਾਲੋਂ ਵੱਧ ਲੋਕਾਂ ਨੇ ਚੋਣਾਂ ਵਿੱਚ ਵੋਟ ਪਾਈ। ਚੋਣ ਕਮਿਸ਼ਨ ਨੇ ਸ਼ਾਮ 5.30 ਵਜੇ ਵੋਟਿੰਗ ਦੇ ਅੰਕੜੇ ਜਾਰੀ ਕੀਤੇ। 65 ਲੱਖ ਵੋਟਰਾਂ ਨੇ ਸ਼ਾਮ 5:30 ਵਜੇ ਤੋਂ 7:30 ਵਜੇ ਦੇ ਵਿਚਕਾਰ ਆਪਣੀ ਵੋਟ ਪਾਈ, ਪਰ ਇਹ ਸਰੀਰਕ ਤੌਰ 'ਤੇ ਸੰਭਵ ਨਹੀਂ। ਰਾਹੁਲ ਨੇ ਦਲੀਲ ਦਿੱਤੀ ਕਿ ਇੱਕ ਵੋਟ ਪਾਉਣ ਵਿੱਚ ਲਗਭਗ 3 ਮਿੰਟ ਲੱਗਦੇ ਹਨ। ਜੇ ਤੁਸੀਂ ਥੋੜ੍ਹਾ ਜਿਹਾ ਹਿਸਾਬ ਲਗਾਓ, ਤਾਂ ਇਸ ਦਾ ਮਤਲਬ ਹੈ ਕਿ ਲੋਕ ਸਵੇਰੇ 2 ਵਜੇ ਤੱਕ ਲਾਈਨਾਂ ਵਿੱਚ ਖੜ੍ਹੇ ਹੁੰਦੇ, ਪਰ ਅਜਿਹਾ ਨਹੀਂ ਹੋਇਆ। ਰਾਹੁਲ ਨੇ ਦੋਸ਼ ਲਗਾਇਆ ਕਿ ਜਦੋਂ ਅਸੀਂ ਪੁੱਛਿਆ ਕਿ ਕੀ ਵੀਡੀਓਗ੍ਰਾਫੀ ਚੱਲ ਰਹੀ ਹੈ, ਤਾਂ ਉਨ੍ਹਾਂ ਇਸ ਤੋਂ ਇਨਕਾਰ ਕਰ ਦਿੱਤਾ। ਉਸ ਨੇ ਨਾ ਸਿਰਫ ਇਨਕਾਰ ਕੀਤਾ, ਸਗੋਂ ਕਾਨੂੰਨ ਵੀ ਬਦਲ ਦਿੱਤਾ। ਤੁਹਾਨੂੰ ਹੁਣ ਵੀਡੀਓਗ੍ਰਾਫੀ ਬਾਰੇ ਪੁੱਛਣ ਦੀ ਇਜਾਜ਼ਤ ਨਹੀਂ ਹੈ। ਰਾਹੁਲ ਨੇ ਕਿਹਾ ਕਿ ਇਹ ਬਿਲਕੁਲ ਸਪੱਸ਼ਟ ਹੈ ਕਿ ਚੋਣ ਕਮਿਸ਼ਨ ਨੇ ਸਮਝੌਤਾ ਕੀਤਾ ਹੈ। ਇਹ ਵੀ ਸਪੱਸ਼ਟ ਹੈ ਕਿ ਸਿਸਟਮ ਵਿੱਚ ਇਕ ਵੱਡੀ ਖਰਾਬੀ ਹੈ। ਅਸੀਂ ਮੀਡੀਆ ਅਤੇ ਹੋਰ ਸਾਧਨਾਂ ਰਾਹੀਂ ਇਸ ਮੁੱਦੇ ਨੂੰ ਜਨਤਕ ਤੌਰ 'ਤੇ ਕਈ ਵਾਰ ਉਠਾਇਆ ਹੈ।

ਭਾਜਪਾ ਦੇ ਰਾਸ਼ਟਰੀ ਬੁਲਾਰੇ ਪ੍ਰਦੀਪ ਭੰਡਾਰੀ ਨੇ ਕਿਹਾ ਕਿ ਲੋਕਤੰਤਰ ਵਿਰੋਧੀ, ਭਾਰਤ ਵਿਰੋਧੀ ਰਾਹੁਲ ਗਾਂਧੀ, ਜੋ ਭਾਰਤੀ ਵੋਟਰਾਂ ਦਾ ਵਿਸ਼ਵਾਸ ਨਹੀਂ ਜਿੱਤ ਸਕੇ, ਨੇ ਵਿਦੇਸ਼ੀ ਧਰਤੀ 'ਤੇ ਭਾਰਤੀ ਲੋਕਤੰਤਰੀ ਪ੍ਰਕਿਰਿਆ 'ਤੇ ਸਵਾਲ ਉਠਾਉਣਾ ਸ਼ੁਰੂ ਕਰ ਦਿੱਤਾ ਹੈ।

# ਪਤਨੀ ਨੇ ਸਾਬਕਾ ਡੀ ਜੀ ਪੀ 'ਤੇ ਪਹਿਲਾਂ ਮਿਰਚਾਂ ਧੂੜੀਆਂ ਤੇ ਫਿਰ ਮਾਰ-ਮੁਕਾਇਆ !

**ਬੇਂਗਲੂਰੂ** : ਕਰਨਾਟਕ ਦੇ ਸਾਬਕਾ ਡੀ ਜੀ ਪੀ ਓਮ ਪ੍ਰਕਾਸ਼ ਦੇ ਕਤਲ ਮਾਮਲੇ ਦੀ ਜਾਂਚ ਕਰ ਰਹੀ ਪੁਲਸ ਨੂੰ ਪਤਾ ਲੱਗਾ ਹੈ ਕਿ ਉਨ੍ਹਾ ਦੀ ਪਤਨੀ ਪੱਲਵੀ ਨੇ ਚਾਕੂ ਮਾਰ ਕੇ ਹੱਤਿਆ ਕਰਨ ਤੋਂ ਪਹਿਲਾਂ ਉਨ੍ਹਾ ਦੇ ਚਿਹਰੇ 'ਤੇ ਲਾਲ ਮਿਰਚਾਂ ਧੂੜੀਆਂ ਸਨ। ਪੁਲਸ ਨੇ ਪੱਲਵੀ ਨੂੰ ਹਿਰਾਸਤ ਵਿੱਚ ਲੈ ਲਿਆ ਹੈ, ਕਿਉਂਕਿ ਉਹ ਕਤਲ ਕੇਸ ਦੀ ਮੁੱਖ ਮਸ਼ਕੂਕ ਹੈ। ਪੁਲਸ ਨੇ ਸਾਬਕਾ ਡੀ ਜੀ ਪੀ ਦੀ ਧੀ ਕ੍ਰਿਤੀ ਨੂੰ ਵੀ ਹਿਰਾਸਤ ਵਿੱਚ ਲਿਆ ਹੈ। ਓਮ ਪ੍ਰਕਾਸ਼, ਜੋ ਬਿਹਾਰ ਦੇ ਚੰਪਾਰਨ ਦੇ ਰਹਿਣ ਵਾਲੇ ਤੇ 1981 ਬੈਚ ਦੇ ਆਈ ਪੀ ਐੱਸ ਅਧਿਕਾਰੀ ਸਨ, ਐਤਵਾਰ ਸ਼ਹਿਰ ਦੇ ਪਾਸ਼ ਐੱਚ ਐੱਸ ਆਰ ਲੇਅਆਊਟ ਵਿੱਚ ਆਪਣੇ ਤਿੰਨ ਮੰਜ਼ਲਾ ਘਰ ਦੀ ਜ਼ਮੀਨੀ ਮੰਜ਼ਲ 'ਤੇ ਮ੍ਰਿਤਕ ਮਿਲੇ ਸਨ। ਸੂਤਰਾਂ ਨੇ ਦਾਅਵਾ ਕੀਤਾ ਕਿ ਜੋੜੇ ਦਰਮਿਆਨ ਤਲਖ-ਕਲਾਮੀ ਤੋਂ ਬਾਅਦ ਪੱਲਵੀ ਨੇ ਪ੍ਰਕਾਸ਼ ਦੀਆਂ ਅੱਖਾਂ ਵਿਚ ਲਾਲ ਮਿਰਚਾਂ ਧੂੜ ਦਿੱਤੀਆਂ ਸਨ। ਉਹ ਅੱਖਾਂ ਵਿੱਚ ਜਲਣ ਤੋਂ ਰਾਹਤ ਪਾਉਣ ਲਈ ਭੱਜ ਰਹੇ ਸਨ ਤਾਂ ਪੱਲਵੀ ਨੇ ਚਾਕੂ ਨਾਲ ਕਈ ਵਾਰ ਕੀਤੇ, ਜਿਸ ਨਾਲ ਉਨ੍ਹਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਉਪਰੰਤ ਪੱਲਵੀ ਨੇ ਆਪਣੀ ਸਹੇਲੀ ਨੂੰ ਵੀਡੀਓ ਕਾਲ ਕੀਤੀ ਅਤੇ ਕਥਿਤ ਤੌਰ 'ਤੇ ਕਿਹਾ, 'ਮੈਂ ਉਸ ਰਾਖਸ਼ ਨੂੰ ਮਾਰ ਦਿੱਤਾ ਹੈ।' ਸੂਤਰਾਂ ਨੇ ਦੱਸਿਆ ਕਿ ਇਹ ਕਤਲ ਜੋੜੇ ਵਿਚਕਾਰ ਅਕਸਰ ਹੋਣ ਵਾਲੇ ਝਗੜਿਆਂ ਦਾ ਸਿੱਟਾ ਸੀ। ਇਹ ਵੀ ਪਤਾ ਲੱਗਾ ਹੈ ਕਿ ਕਰਨਾਟਕ ਦੇ ਡਾਂਡੇਲੀ ਵਿੱਚ ਇੱਕ ਜ਼ਮੀਨ ਨਾਲ ਸੰਬੰਧਤ ਵਿਵਾਦ ਸੀ। ਕੁਝ ਮਹੀਨੇ ਪਹਿਲਾਂ ਪੱਲਵੀ ਨੇ ਸ਼ਿਕਾਇਤ ਦਰਜ ਕਰਵਾਉਣ ਲਈ ਐੱਚ ਐੱਸ ਆਰ ਲੇਅਆਊਟ ਪੁਲਸ ਥਾਣੇ ਵਿਚ ਸੰਪਰਕ ਕੀਤਾ ਸੀ। ਜਦੋਂ ਥਾਣੇ ਦੇ ਸਟਾਫ ਨੇ ਸਹਿਮਤੀ ਨਹੀਂ ਦਿੱਤੀ, ਤਾਂ ਉਸ ਨੇ ਪੁਲਸ ਸਟੇਸ਼ਨ ਦੇ ਸਾਹਮਣੇ ਧਰਨਾ ਪ੍ਰਦਰਸ਼ਨ ਕੀਤਾ। ਇਹ ਵੀ ਪਤਾ ਲੱਗਾ ਹੈ ਕਿ ਪੱਲਵੀ ਨੂੰ ਸਕਾਈਜ਼ੋਫਰੀਨੀਆ ਦਾ ਪਤਾ ਲੱਗਿਆ ਸੀ ਅਤੇ ਉਹ ਦਵਾਈ ਵੀ ਲੈ ਰਹੀ ਸੀ।

## ਕਲਾਕਾਰਾਂ ਨੂੰ ਸਮੁੱਚੇ ਸਮਾਜ ਦਾ ਫ਼ਿਕਰ ਹੁੰਦੈ : ਮੂਲ ਚੰਦ ਸ਼ਰਮਾ



**ਧੂਰੀ (ਸੁਖਦੇਵ ਸ਼ਰਮਾ)**-'ਦੁਨੀਆ ਵਿੱਚ ਤਿੰਨ ਤਰ੍ਹਾਂ ਦੇ ਇਨਸਾਨ ਹੁੰਦੇ ਹਨ। ਆਪਣੇ ਆਪ ਦਾ, ਆਪਣੇ ਪਰਿਵਾਰ ਦਾ ਤੇ ਸਮਾਜ ਦਾ ਫ਼ਿਕਰ ਕਰਨ ਵਾਲੇ। ਕਲਾਕਾਰ ਲੋਕ ਭਾਵੇਂ ਉਹ ਕਿਸੇ ਵੀ ਕਲਾ ਨਾਲ ਜੁੜੇ ਹੋਣ, ਉਹ ਸਮੁੱਚੇ ਸਮਾਜ ਦੇ ਦੁੱਖ ਸੁੱਖ ਨੂੰ ਸਮਝਦੇ ਤੇ ਉਸ ਪ੍ਰਤੀ ਫ਼ਿਕਰਮੰਦ ਵੀ ਹੁੰਦੇ ਹਨ।' ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬੀ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਨੇ ਲੇਖਕ/ਪਾਠਕ ਕਲਾ ਮੰਚ ਲੁਬਾਣਾ ਟੇਕੂ (ਨਾਭਾ) ਦੇ ਦੂਸਰੇ ਮਾਸਿਕ ਸਾਹਿਤਕ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਬੀਤੇ ਮਹੀਨੇ ਉਪਰੋਕਤ ਮੰਚ ਦੀ ਸਥਾਪਨਾ ਪਿੰਡ ਲੁਬਾਣਾ ਵਿਖੇ ਲੇਖਕਾਂ, ਪਾਠਕਾਂ, ਕਲਾਕਾਰਾਂ ਤੇ ਕਲਾ ਪ੍ਰੇਮੀਆਂ ਦੇ ਹੋਏ ਇਕੱਠ ਵਿੱਚ ਕੀਤੀ ਗਈ ਸੀ। ਅੱਜ ਉਸ ਦੀ ਦੂਸਰੀ ਮਾਸਿਕ ਇਕੱਤਰਤਾ ਕਾਰਜਕਾਰੀ ਪ੍ਰਧਾਨ ਸ੍ਰੀ ਰਾਮ ਲੁਬਾਣਾ ਟੇਕੂ ਦੀ ਪ੍ਰਧਾਨਗੀ ਹੇਠ ਅਲੌਹਰਾਂ ਗੇਟ ਨਾਭਾ ਵਿਖੇ ਕੀਤੀ ਗਈ, ਜਿਸ ਵਿੱਚ ਮੂਲ ਚੰਦ ਸ਼ਰਮਾ ਉੱਪ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪੰਜਾਬੀ ਸਾਹਿਤ, ਮਾਤ ਭਾਸ਼ਾ, ਕਲਾ ਤੇ ਸੱਭਿਆਚਾਰ ਦੀ ਸਾਂਭ ਸੰਭਾਲ ਤੇ ਪ੍ਰਫੁਲਤਾ ਲਈ ਵਿਚਾਰ ਚਰਚਾ ਕਰਨ ਤੋਂ ਇਲਾਵਾ ਸਰਵਸ੍ਰੀ ਹਰਬੰਸ ਸਿੰਘ ਮੰਡੌਰ, ਨਵਤੇਜ ਸਿੰਘ ਗੁਰਨਾ, ਰਾਜ ਫੈਜਗੜ੍ਹੀਆ, ਹਰਕੇਸ਼ ਕੌਰ, ਪਾਲ ਸਿੰਘ ਭਜੀ ਪਨੈਚਾਂ, ਗਰੀਬ ਦਾਸ ਬੇਦੂਪੁਰ, ਸਰੂਪ ਸਿੰਘ ਚੌਧਰੀ ਮਾਜਰਾ, ਮਾਸਟਰ ਕਰਮ ਸਿੰਘ, ਗੁਰਜੰਟ ਸਿੰਘ ਸਹੋਤਾ ਤੇ ਸੇਵਾ ਮੁਕਤ ਪੰਚਾਇਤ ਅਫਸਰ ਰਾਮ ਸ਼ਰਮਾ ਲੁਬਾਣਾ ਟੇਕੂ ਨੇ ਆਪੋ ਆਪਣੀਆਂ ਸੱਜਰੀਆਂ ਤੇ ਚੋਣਵੀਆਂ ਰਚਨਾਵਾਂ ਪੇਸ਼ ਕਰਕੇ ਖ਼ੂਬ ਰੰਗ ਬੰਨ੍ਹਿਆ। ਅੰਤ ਵਿੱਚ ਫ਼ੈਸਲਾ ਕੀਤਾ ਗਿਆ ਕਿ ਅਗਲੀ ਇਕੱਤਰਤਾ ਪਿੰਡ ਲੁਬਾਣਾ ਵਿਖੇ ਮਈ ਮਹੀਨੇ ਦੇ ਤੀਸਰੇ ਐਤਵਾਰ ਹੋਵੇਗੀ, ਉਸ ਵਿੱਚ ਸਮੂਹ ਅਹੁਦੇਦਾਰਾਂ ਦੀ ਬਕਾਇਦਾ ਚੋਣ ਕਰ ਕੇ ਮੰਚ ਨੂੰ ਹੋਰ ਸਰਗਰਮ ਕੀਤਾ ਜਾਵੇਗਾ।

## ਅੱਖਾਂ ਦੇ ਮੁਫ਼ਤ ਕੈਂਪ 'ਚ 113 ਮਰੀਜ਼ਾਂ ਦੀ ਜਾਂਚ, 16 ਅਪ੍ਰੇਸ਼ਨ ਲਈ ਚੁਣੇ



**ਸ਼ੇਰਪੁਰ (ਰਵੀ ਟਿੱਬਾ)**-'ਜਿਸ ਨੇ ਇੱਕ ਅੱਖ ਨੂੰ ਰੋਸ਼ਨੀ ਦਿੱਤੀ, ਉਸ ਨੇ ਜ਼ਿੰਦਗੀ ਨੂੰ ਰੌਸ਼ਨ ਕਰ ਦਿੱਤਾ।' ਇਹ ਪੰਗਤੀਆਂ ਅੱਜ ਪਿੰਡ ਟਿੱਬਾ ਵਿਖੇ ਉਸ ਵੇਲੇ ਸੱਚ ਹੋ ਗਈਆਂ, ਜਦੋਂ ਉੱਘੇ ਸਮਾਜਸੇਵੀ ਪਿਆਰਾ ਸਿੰਘ ਇੰਸਪੈਕਟਰ ਮਾਹਮਦਪੁਰ ਤੇ ਉਨ੍ਹਾਂ ਦੇ ਪਰਵਾਰ ਵੱਲੋਂ ਲਗਾਏ ਗਏ ਅੱਖਾਂ ਦੇ ਮੁਫ਼ਤ ਕੈਂਪ ਵਿੱਚ ਸੈਂਕੜੇ ਲੋਕਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ।ਇਹ ਮੁਫ਼ਤ ਕੈਂਪ ਨਗਰ ਪੰਚਾਇਤ ਟਿੱਬਾ ਦੇ ਸਹਿਯੋਗ ਨਾਲ ਆਯੋਜਤ ਕੀਤਾ ਗਿਆ।ਏਕ ਜੋਤਿ ਆਈ ਹਸਪਤਾਲ ਮਲੇਰਕੋਟਲਾ ਦੀ ਵਿਸ਼ੇਸ਼ ਮੈਡੀਕਲ ਟੀਮ ਵੱਲੋਂ 113 ਮਰੀਜ਼ਾਂ ਦੀ ਜਾਂਚ ਕੀਤੀ ਗਈ, ਜਿਸ ਵਿੱਚੋਂ 16 ਮਰੀਜ਼ ਅਪ੍ਰੇਸ਼ਨ ਲਈ ਚੁਣੇ ਗਏ, ਜਿਨ੍ਹਾਂ ਦੇ ਮੁਫ਼ਤ ਅਪ੍ਰੇਸ਼ਨ 21 ਅਪ੍ਰੈਲ ਨੂੰ ਏਕ ਜੋਤਿ ਹਸਪਤਾਲ ਮਲੇਰਕੋਟਲਾ ਵਿਖੇ ਕਰਵਾਏ ਗਏ।ਇਸ ਮੌਕੇ ਮਰੀਜ਼ਾਂ ਨੂੰ ਨਿਰੀਖਣ ਤੋਂ ਇਲਾਵਾ ਹੋਰ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ।ਕੈਂਪ ਦਾ ਉਦਘਾਟਨ ਸ਼੍ਰੀਮਤੀ ਸੁਰਿੰਦਰ ਕੌਰ ਸਰਪੰਚ ਪਿੰਡ ਟਿੱਬਾ ਵੱਲੋਂ ਕੀਤਾ ਗਿਆ। ਸਮਾਰੋਹ ਦੌਰਾਨ ਨਗਰ ਪੰਚਾਇਤ ਵੱਲੋਂ ਏਕ ਜੋਤਿ ਹਸਪਤਾਲ ਦੀ ਟੀਮ ਦਾ ਹਾਰ ਪਾ ਕੇ ਤੇ ਟਰਾਫੀ ਦੇ ਕੇ ਸਨਮਾਨ ਕੀਤਾ ਗਿਆ।ਇਸ ਦੇ ਨਾਲ ਨਾਲ ਪਿਆਰਾ ਸਿੰਘ ਇੰਸਾਂ ਤੇ ਉਨ੍ਹਾਂ ਦੇ ਪਰਵਾਰ ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਸਮਾਗਮ ਵਿੱਚ ਹਾਜ਼ਰੀ ਲਗਾਉਣ ਵਾਲਿਆਂ ਵਿੱਚ ਸਾਬਕਾ ਐੱਮ.ਐੱਲ.ਏ. ਸ੍ਰ. ਸੁਰਿੰਦਰਪਾਲ ਸਿੰਘ ਸਿਬੀਆ, ਬਲਾਕ ਪ੍ਰਧਾਨ ਪ੍ਰਮਿੰਦਰ ਸਿੰਘ ਸੰਮੀ ਠੁੱਲੀਵਾਲ, ਨੀਟਾ ਸਿੰਗਲਾ (ਸਾਬਕਾ ਚੇਅਰਮੈਨ ਸ਼ੇਰਪੁਰ), ਕੁਲਵੰਤ ਸਿੰਘ ਟਿੱਬਾ, ਬਲਦੇਵ ਸ਼ਰਮਾ ਹਮੀਦੀ, ਕਰਮਜੀਤ ਪੰਚਾਇਤ ਮੈਂਬਰ, ਹੈਪੀ ਸ਼ਰਮਾ, ਜੈਲਾ ਸਿੰਘ ਮਿਸਤਰੀ ਤੇ ਪਿੰਡ ਟਿੱਬਾ ਦੇ ਹੋਰ ਮਾਣਯੋਗ ਵਿਅਕਤੀ ਸ਼ਾਮਲ ਸਨ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵਿਦਿਆਰਥੀਆਂ ਨੇ ਲਿਆ ਪ੍ਰਣ




**ਬਾਘਾ ਪੁਰਾਣਾ (ਮਨੀ ਸਿਗਲਾ)**-ਬਾਘਾ ਪੁਰਾਣਾ ਦੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ, ਜੋ ਸੰਸਥਾ ਦੇ ਸੰਸਥਾਪਕ ਪ੍ਰਿੰਸੀਪਲ ਗੁਰਦੇਵ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਦੀ ਯੋਗ ਤੇ ਸੁਚੱਜੀ ਅਗਵਾਈ ਵਿੱਚ ਵਿਦਿਆਰਥੀਆਂ ਦੀ ਪੜ੍ਹਾਈ ਦੇ ਨਾਲ-ਨਾਲ ਸਮਾਜਿਕ ਵਿਕਾਸ ਲਈ ਹਮੇਸ਼ਾ ਵਚਨਬੱਧ ਹੈ, ਵਿਖੇ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਲੈਕਚਰਾਰ ਹਰਜਿੰਦਰਪਾਲ ਸਿੰਘ ਨੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਸੰਦੀਪ ਮਹਿਤਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਨਸ਼ੇ ਵਿਅਕਤੀ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਅਪਾਹਜ ਬਣਾਉਣ ਦੇ ਨਾਲ-ਨਾਲ ਉਸ ਵਿਅਕਤੀ ਦੀ ਆਰਥਿਕਤਾ ਨੂੰ ਵੀ ਡਾਵਾਂ-ਡੋਲ ਕਰ ਦਿੰਦੇ ਹਨ, ਜੋ ਵਿਅਕਤੀ ਇਕ ਵਾਰ ਇਨ੍ਹਾਂ ਨਸ਼ਿਆਂ ਦੀ ਗ੍ਰਿਫਤ ਵਿੱਚ ਆ ਜਾਂਦਾ ਹੈ, ਉਹ ਕਦੇ ਵੀ ਇਸ ਦਲਦਲ ਵਿੱਚੋਂ ਬਾਹਰ ਨਹੀਂ ਨਿਕਲ ਸਕਦਾ।ਇਸ ਲਈ ਵਿਦਿਆਰਥੀਆਂ ਨੂੰ ਹਮੇਸ਼ਾ ਨਸ਼ਿਆਂ ਤੇ ਨਸ਼ਾ ਕਰਨ ਵਾਲਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ।ਇਸ ਮੌਕੇ ਵਿਦਿਆਰਥੀਆਂ ਨੇ ਨਸ਼ਾ ਨਾ ਕਰਨ ਦਾ ਦ੍ਰਿੜ੍ਹ ਸੰਕਲਪ ਕਰਦਿਆਂ ਇਹ ਪ੍ਰਣ ਲਿਆ ਕਿ ਉਹ ਕਦੇ ਵੀ ਕਿਸੇ ਪ੍ਰਕਾਰ ਦਾ ਕੋਈ ਨਸ਼ਾ ਨਹੀਂ ਕਰਨਗੇ ਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਇਸ ਬੁਰਾਈ ਤੋਂ ਬਚਣ ਲਈ ਸੁਚੇਤ ਕਰਨਗੇ।ਇਸ ਮੌਕੇ ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ, ਕੋਆਰਡੀਨੇਟਰ ਮੁਕੇਸ਼ ਅਰੋੜਾ, ਕੋਆਰਡੀਨੇਟਰ (ਮਿਡਲ) ਮੈਡਮ ਦੀਪਿਕਾ ਮਨਚੰਦਾ, ਮੈਡਮ ਖੁਸ਼ਪ੍ਰੀਤ ਕੌਰ ਤੋਂ ਇਲਾਵਾ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਰਿਹਾ।

## ਸਿੱਖਿਆ ਕ੍ਰਾਂਤੀ ਪ੍ਰੋਗਰਾਮ ਬਦਲ ਰਿਹੈ ਸਕੂਲਾਂ ਦੀ ਨੁਹਾਰ : ਜਗਦੀਪ ਗੋਲਡੀ



**ਜਲਾਲਾਬਾਦ (ਜੀਤ ਕੁਮਾਰ)**-ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਤੇ ਸਿੱਖਿਆ ਮੰਤਰੀ ਸ੍ਰ. ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰਾਜ ਵਿੱਚ ਸ਼ੁਰੂ ਹੋਇਆ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਸੂਬੇ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਰਿਹਾ ਹੈ। ਇਹ ਗੱਲ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਸ਼ਹਿਰ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਤੇ ਸਕੂਲ ਆਫ ਐਮੀਨੈਂਸ ਵਿੱਚ ਹੋਏ ਸਮਾਗਮਾਂ ਦੌਰਾਨ ਆਖੀ। ਇਸ ਮੌਕੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਤਿੰਨ ਸਾਲਾਂ ਵਿੱਚ ਸਕੂਲਾਂ ਦੀ ਰੰਗਤ ਤੇ ਰੌਣਕ ਬਦਲ ਗਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕਦੇ ਵੀ ਸਕੂਲਾਂ ਦੇ ਵਿਕਾਸ ਲਈ ਇਸ ਕਦਰ ਗਰਾਂਟਾਂ ਪ੍ਰਾਪਤ ਨਹੀਂ ਹੋਈਆਂ ਸਨ। ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਜਿੱਥੇ ਨਵੇਂ ਅਧਿਆਪਕ ਭਰਤੀ ਕੀਤੇ ਗਏ ਹਨ, ਉੱਥੇ ਕੱਚੇ ਅਧਿਆਪਕਾਂ ਨੂੰ ਵੀ ਪੱਕਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ 12 ਹਜ਼ਾਰ ਅਧਿਆਪਕ ਪੱਕੇ ਕੀਤੇ ਹਨ ਤੇ 20 ਹਜ਼ਾਰ ਨਵੇਂ ਅਧਿਆਪਕ ਭਰਤੀ ਕੀਤੇ ਹਨ। ਉਨ੍ਹਾਂ ਕਿਹਾ ਕਿ ਜਲਾਲਾਬਾਦ ਇੱਕ ਵਿਸ਼ੇਸ਼ ਹਲਕਾ ਹੈ, ਜਿੱਥੇ ਦੋ ਸਕੂਲ ਆਫ ਐਮੀਨੈਂਸ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਬੱਚਿਆਂ ਨੂੰ ਕਿਤਾਬਾਂ ਤੇ ਵਰਦੀਆਂ ਸੈਸ਼ਨ ਦੇ ਸ਼ੁਰੂ ਵਿੱਚ ਹੀ ਮਿਲ ਰਹੀਆਂ ਹਨ। ਇਸ ਦੌਰਾਨ ਉਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ 16 ਲੱਖ 15 ਹਜ਼ਾਰ ਰੁਪਏ ਦੇ ਕੰਮਾਂ ਦਾ ਉਦਘਾਟਨ ਕੀਤਾ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਨੇ ਸਰਕਾਰੀ ਸਕੂਲ ਆਫ ਐਮੀਨੈਂਸ ਵਿੱਚ ਪਿਛਲੇ ਤਿੰਨ ਸਾਲ ਵਿੱਚ ਦੋ ਕਰੋੜ 62 ਲੱਖ ਰੁਪਏ ਦੇ ਵਿਕਾਸ ਕੰਮ ਕਰਵਾਏ ਹਨ। ਇਸ ਮੌਕੇ ਜਲਾਲਾਬਾਦ ਦੇ ਐੱਸ ਡੀ ਐੱਮ ਕੰਵਰਜੀਤ ਸਿੰਘ ਮਾਨ, ਜ਼ਿਲ੍ਹਾ ਸਿੱਖਿਆ ਕੋਆਰਡੀਨੇਟਰ ਦੇਵਰਾਜ ਸ਼ਰਮਾ, ਬਲਾਕ ਸਿੱਖਿਆ ਕੋਆਰਡੀਨੇਟਰ ਤਿਲਕ ਰਾਜ ਤੋਂ ਇਲਾਵਾ ਸਕੂਲ ਸਟਾਫ ਤੇ ਇਲਾਕੇ ਦੇ ਪਤਵੰਤੇ ਹਾਜ਼ਰ ਸਨ।

## ਮਾਤਾ ਬਿਮਲਾ ਦੇਵੀ ਦੇ ਦੇਹਾਂਤ 'ਤੇ ਜਗਸੀਰ ਸ਼ਰਮਾ ਨਾਲ ਦੁੱਖ ਪ੍ਰਗਟ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸੂਬੇ ਦੇ ਸੀਨੀਅਰ ਜਰਨਲਿਸਟ ਤੇ ਉੱਘੇ ਸਮਾਜ ਸੇਵੀ ਸ੍ਰੀ ਜਗਸੀਰ ਸ਼ਰਮਾ ਬਿਲਾਸਪੁਰ ਕੈਨੇਡਾ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ, ਜਦ ਬੀਤੇ ਦਿਨ ਉਨ੍ਹਾਂ ਦੇ ਸਤਿਕਾਰਯੋਗ ਸੱਸ (ਮਾਤਾ) ਬਿਮਲਾ ਦੇਵੀ (77 ਸਾਲ) ਪਿੰਡ ਕੋਕਰੀ ਕਲਾਂ (ਮੋਗਾ) ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਪਰਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ।ਉਨ੍ਹਾਂ ਦੇ ਸਦਾ ਲਈ ਇਸ ਦੁਨੀਆ ਤੋਂ ਰੁਖ਼ਸਤ ਹੋ ਜਾਣ ਬਾਅਦ ਜਗਸੀਰ ਸ਼ਰਮਾ ਤੇ ਸਮੂਹ ਪਰਵਾਰ ਨਾਲ਼ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਵਿਧਾਇਕ ਬੀਬੀ ਸਰਵਜੀਤ ਕੌਰ ਮਾਣੂੰਕੇ, ਜਸਵਿੰਦਰ ਸਿੰਘ ਘਾਰੂ ਸਾਬਕਾ ਐੱਸ ਪੀ, ਜਥੇਦਾਰ ਜਗਰਾਜ ਸਿੰਘ ਦੌਧਰ ਮੈਂਬਰ ਸ਼੍ਰੋਮਣੀ ਕਮੇਟੀ, ਬਰਜਿੰਦਰ ਸਿੰਘ ਬਰਾੜ (ਮੱਖਣ) ਪ੍ਰਧਾਨ ਭੁਪਿੰਦਰ ਸਿੰਘ ਸਾਹੋਕੇ, ਮਨਮੁੱਖ ਭਾਰਤੀ ਪੱਤੋ, ਚੇਅਰਮੈਨ ਬਰਿੰਦਰ ਮਧੇਕੇ, ਸੁਖਵੀਰ ਸਿੰਘ ਧਾਲੀਵਾਲ ਰਾਊਕੇ (ਕੈਨੇਡਾ) ਸਰਪੰਚ ਸੁਖਦੀਪ ਸਿੰਘ ਸੀਪਾ ਦੌਧਰ, ਸਰਪੰਚ ਜਗਜੀਤ ਸਿੰਘ ਦੌਧਰ ਗਰਬੀ, ਪੱਤਰਕਾਰ ਗੋਪੀ ਰਾਊਕੇ, ਐੱਸ ਐੱਚ ਓ ਪੂਰਨ ਸਿੰਘ ਧਾਲੀਵਾਲ, ਐੱਸ ਐੱਚ ਓ ਗੁਰਮੇਲ ਸਿੰਘ, ਏ ਐੱਸ ਆਈ ਜਸਵੰਤ ਸਿੰਘ ਸਰਾਂ, ਪੱਤਰਕਾਰ ਚਮਕੌਰ ਸਿੰਘ ਮਾਛੀਕੇ (ਕੈਨੇਡਾ), ਪੱਤਰਕਾਰ ਰਣਜੀਤ ਬਾਵਾ ਮਾਛੀਕੇ, ਹਰਪ੍ਰੀਤ ਸਿੰਘ ਦੌਧਰ ਯੂ ਐੱਸ ਏ, ਬਲਰਾਜ ਸਿੰਘ ਚੂਹੜਚੱਕ ਯੂ ਐੱਸ ਏ, ਬਲਜਿੰਦਰ ਸਿੰਘ ਪੱਪੂ ਦੌਧਰ, ਭੁਪਿੰਦਰ ਸਿੰਘ ਢਿੱਲੋਂ, ਪੱਤਰਕਾਰ ਹਰਦੀਪ ਸਿੰਘ ਕੌਸ਼ਲ ਮੱਲ੍ਹਾ, ਪੱਤਰਕਾਰ ਦਾਰਾ ਭਾਗੀਕੇ, ਲੱਖਾ ਸਹਿਜਪਾਲ ਦੌਧਰ ਕੈਨੇਡਾ, ਪੱਤਰਕਾਰ ਜਗਜੀਤ ਸਿੰਘ ਖਾਈ, ਪੱਤਰਕਾਰ ਮਨਪ੍ਰੀਤ ਸਿੰਘ ਮੱਲੇਆਣਾ, ਪੱਤਰਕਾਰ ਚਮਕੌਰ ਸਿੰਘ ਲੋਪੋਂ, ਪੱਤਰਕਾਰ ਕਰਮਜੀਤ ਸਿੰਘ ਦੌਧਰ, ਪੱਤਰਕਾਰ ਸਾਧੂ ਰਾਮ ਲੰਗੇਆਣਾ, ਪੱਤਰਕਾਰ ਰਾਜਵਿੰਦਰ ਰੌਂਤਾ, ਪੱਤਰਕਾਰ ਗੁਰਮੀਤ ਸਿੰਘ ਰਾਮੂਵਾਲਾ, ਪੱਤਰਕਾਰ ਮਨਦੀਪ ਸਿੰਘ ਝਾਂਜੀ, ਸਰਬਜੀਤ ਸਿੰਘ ਦੇਹੜਕਾ, ਲਵਲੀ ਮਾਛੀਕੇ ਤੋਂ ਇਲਾਵਾ ਇਲਾਕੇ ਭਰ ਦੀਆਂ ਸਿਆਸੀ, ਗੈਰ-ਸਿਆਸੀ, ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਸਮੂਹ ਪਰਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦਿਆਂ ਹਮਦਰਦੀ ਪ੍ਰਗਟ ਕੀਤੀ ਗਈ।

## ਮੋਗਾ ਜ਼ਿਲ੍ਹੇ 'ਚ ਲਗਾਤਾਰ ਅੱਗ ਦਾ ਕਹਿਰ, ਸੱਦਾ ਸਿੰਘ ਵਾਲਾ 'ਚ 13 ਏਕੜ ਕਣਕ ਸੁਆਹ

### ਅਕਾਲੀ ਦਲ ਹਲਕਾ ਇੰਚਾਰਜ ਸੰਨੀ ਗਿੱਲ, ਰਾਜਿੰਦਰ ਸਿੰਘ ਡੱਲਾ ਨੇ ਕਿਸਾਨਾਂ ਨੂੰ ਮੁਆਵਜ਼ਾ ਦਿੱਤੇ ਜਾਣ ਦੀ ਕੀਤੀ ਮੰਗ





**ਮੋਗਾ (ਇਕਬਾਲ ਸਿੰਘ ਖਹਿਰਾ)**-ਜ਼ਿਲ੍ਹੇ 'ਚ ਕੁਦਰਤੀ ਕਰੋਪੀ ਕਰਕੇ ਲਗਾਤਾਰ ਤੀਜੇ ਦਿਨ ਵੀ ਕਿਸਾਨਾਂ ਦੀਆਂ ਸੱਧਰਾਂ ਸੜ ਕੇ ਸੁਆਹ ਹੋ ਗਈਆਂ। ਪੁੱਤਾਂ ਵਾਂਗੂ ਪਾਲੀ ਫ਼ਸਲ ਕਿਸਾਨਾਂ ਦੀਆਂ ਅੱਖਾਂ ਸਾਹਮਣੇ ਪਿੰਡ ਸੱਦਾ ਸਿੰਘ ਵਾਲਾ ਵਿਖੇ ਸੜਕ ਸੁਆਹ ਹੋ ਗਈ। ਦੁੱਖਦਾਇਕ ਗੱਲ ਇਹ ਹੈ ਕਿ ਇਸ ਤੋਂ ਪਹਿਲਾ ਕੜਿਆਲ, ਮਾੜੀ ਮੁਸਤਫ਼ਾ ਸਮੇਤ ਹੋਰਨਾਂ ਪਿੰਡਾਂ ਵਿਚ ਪਹਿਲਾ ਅੱਗ ਕਣਕ ਦੀ ਫ਼ਸਲ ਨੂੰ ਰਾਖ ਕਰ ਚੁੱਕੀ ਹੈ।

ਜਾਣਕਾਰੀ ਮੁਤਾਬਕ ਪਿੰਡ ਸੱਦਾ ਸਿੰਘ ਵਾਲਾ ਵਿੱਚ 4 ਕਿੱਲੇ ਕਣਕ ਕਿਸਾਨ ਰੇਸ਼ਮ ਸਿੰਘ ਪੁੱਤਰ ਭਜਨ ਸਿੰਘ ਤੇ 9 ਕਿੱਲੇ ਕਣਕ ਕਿਸਾਨ ਜੋਗਿੰਦਰ ਸਿੰਘ ਦੀ ਅੱਗ ਦੀ ਭੇਂਟ ਚੜ੍ਹ ਗਈ। ਇਸ ਮੌਕੇ ਤੇ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਅਤੇ ਸੀਨੀਅਰ ਅਕਾਲੀ ਆਗੂ ਰਾਜਿੰਦਰ ਸਿੰਘ ਡੱਲਾ ਕਿਸਾਨਾਂ ਦੇ ਖ਼ੇਤਾਂ ਵਿਚ ਪੁੱਜੇ ਅਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਅਕਾਲੀ ਆਗੂ ਰਾਜਵਿੰਦਰ ਸਿੰਘ ਮਾਹਲਾ ਵੀ ਹਾਜ਼ਰ ਸਨ। ਸੰਨੀ ਗਿੱਲ ਤੇ ਰਾਜਿੰਦਰ ਸਿੰਘ ਡੱਲਾ ਨੇ ਵੱਖ ਵੱਖ ਬਿਆਨਾਂ ਵਿਚ ਕਿਹਾ ਕਿ ਇਹ ਬਹੁਤ ਦੁੱਖਦਾਇਕ ਘਟਨਾ ਹੈ ਕਿਉਂਕਿ ਕਿਸਾਨ ਦਿਨ ਰਾਤ ਮਿਹਨਤ ਕਰਕੇ ਆਪਣੀ ਫ਼ਸਲ ਨੂੰ ਪਾਲਦਾ ਹੈ ਤੇ ਫ਼ਸਲ ਦੇ ਉਸ ਦੀ ਅਰਥਵਿਵਸਥਾ ਹੁੰਦੀ ਹੈ, ਪਰ ਅੱਜ ਦੋ ਕਿਸਾਨਾਂ ਦੀ ਕਣਕ ਦੀ ਫ਼ਸਲ ਸੜਕੇ ਤਬਾਹ ਹੋ ਗਈ।ਉਨ੍ਹਾਂ ਕਿਹਾ ਕਿ ਸੂਬੇ ਦਾ ਅੰਨਦਾਤਾ ਪਹਿਲਾਂ ਹੀ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੈ ਤੇ ਅਜਿਹੀ ਹਾਲਤ ਵਿੱਚ ਜੇਕਰ ਕਿਸਾਨ ਦੀ ਫਸਲ ਨੁਕਸਾਨੀ ਜਾਵੇ ਤਾਂ ਇਸ ਤੋਂ ਵੱਡਾ ਘਾਟਾ ਹੋਰ ਕਿਸੇ ਨੂੰ ਨਹੀਂ ਕਿਹਾ ਜਾ ਸਕਦਾ।ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸੜੀ ਕਣਕ ਲਈ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ ਤਾਂ ਕਿ ਕਿਸਾਨ ਮਾਯੂਸ ਨਾ ਹੋਣ। ਇਸ ਮੌਕੇ ਉਹਨਾਂ ਤੋਂ ਇਲਾਵਾ ਗੁਰਜੰਟ ਸਿੰਘ ਰਾਮੂੰਵਾਲਾ, ਸੁਖਚੈਨ ਸਿੰਘ, ਮੇਹਰ ਸਿੰਘ, ਗੁਰਮੇਲ ਸਿੰਘ, ਗੁਰਪ੍ਰੀਤ ਸਿੰਘ, ਪ੍ਰਦੀਪ ਸਿੰਘ ਤੇ ਪੀ ਏ ਗੁਰਵੀਰ ਸਿੰਘ ਲਵਲੀ ਹਾਜ਼ਰ ਸਨ।

## ਤਬਾਹ ਹੋਈ ਕਣਕ ਦਾ 70 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ : ਬੱਧਨੀ, ਖੋਸਾ

### ਨੌਜਵਾਨਾਂ/ਵਿਦਿਆਰਥੀਆਂ ਵੱਲੋਂ ਮੁੱਖ ਮੰਤਰੀ ਪੰਜਾਬ ਨੂੰ ਭੇਜੇ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਵੱਲੋਂ ਅੱਜ ਮੁੱਖ ਮੰਤਰੀ ਪੰਜਾਬ ਦੇ ਨਾਮ ਮੰਗ ਪੱਤਰ ਭੇਜ ਕੇ ਮੰਗ ਕੀਤੀ ਗਈ ਹੈ ਕਿ ਪਿਛਲੇ ਦੋ ਦਿਨਾਂ ਵਿੱਚ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਅੱਗ ਨਾਲ ਤਬਾਹ ਹੋਈ ਕਣਕ ਦਾ ਮੁਆਵਜ਼ਾ ਪੀੜਤ ਕਿਸਾਨਾਂ ਨੂੰ ਦੇਣ ਸਬੰਧੀ ਮੰਗ ਕੀਤੀ ਹੈ।ਇਸ ਸੰਬੰਧੀ ਇੱਥੇ ਨੌਜਵਾਨਾਂ ਤੇ ਵਿਦਿਆਰਥੀਆਂ ਦੇ ਆਗੂਆਂ ਨੇ ਐਸ.ਡੀ.ਐੱਮ ਸ੍ਰੀ ਸਾਰੰਗਪ੍ਰੀਤ ਸਿੰਘ ਔਜਲਾ ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਵਫਦ ਦੀਆਂ ਅਗਵਾਈ ਸਰਵ ਭਾਰਤ ਨੌਜਵਾਨ ਸਭਾ ਪੰਜਾਬ ਦੇ ਪ੍ਰਧਾਨ ਕਰਮਵੀਰ ਬੱਧਨੀ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਸਕੱਤਰ ਸਵਰਾਜ ਖੋਸਾ ਨੇ ਕੀਤੀ।ਮੰਗ ਪੱਤਰ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਪਿਛਲੇ ਦੋ ਦਿਨਾਂ ਤੋਂ ਲਗਾਤਾਰ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿੱਚ ਭਿਆਨਕ ਅੱਗ ਲੱਗਣ ਨਾਲ ਕਿਸਾਨਾਂ ਦੀ ਹਜ਼ਾਰਾਂ ਏਕੜ ਕਣਕ ਦੀ ਫਸਲ, ਨਾੜ, ਘਰਬਾਰ, ਪਸ਼ੂ ਤੇ ਖੇਤੀ ਦੇ ਸੰਦ (ਟਰੈਕਟਰ, ਕੰਬਾਈਨ) ਸੜ ਕੇ ਸਵਾਹ ਹੋ ਗਏ ਹਨ, ਜਿਸ ਨਾਲ ਕਿਸਾਨਾਂ ਦਾ ਕਰੋੜਾਂ ਦਾ ਨੁਕਸਾਨ ਹੋਇਆ ਹੈ।ਆਗੂਆਂ ਨੇ ਇਹ ਵੀ ਕਿਹਾ ਇਸ ਭਾਰੀ ਨੁਕਸਾਨ ਦੀ ਵੱਡੀ ਜ਼ਿੰਮੇਵਾਰ ਪ੍ਰਸ਼ਾਸਨ ਕੋਲ ਫਾਇਰ ਬ੍ਰਿਗੇਡ ਦੀ ਘਾਟ ਹੈ।ਅੱਗ ਲੱਗਣ ਦੇ ਕਈ ਕਈ ਘੰਟੇ ਬਾਅਦ ਵੀ ਫਾਇਰ ਬ੍ਰਿਗੇਡ ਨਹੀਂ ਪਹੁੰਚੀ ਤੇ ਕਿਸਾਨਾਂ ਅਤੇ ਆਮ ਲੋਕਾਂ ਨੂੰ ਖੁਦ ਹੀ ਜੱਦੋ ਜਹਿਦ ਕਰਨੀ ਪਈ।ਕਿਸਾਨਾਂ ਨੇ ਆਪਣੀਆਂ ਜਾਨਾਂ ਖ਼ਤਰੇ ਵਿੱਚ ਪਾ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਮੌਕੇ 'ਤੇ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਜਾਂ ਸਰਕਾਰ ਦਾ ਨੁਮਾਇੰਦਾ ਨਹੀਂ ਪਹੁੰਚ ਸਕਿਆ।ਆਗੂਆਂ ਨੇ ਮੰਗ ਪੱਤਰ ਰਾਹੀਂ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਅੱਗ ਵਿੱਚ ਨੁਕਸਾਨ ਹੋਈ ਕਣਕ ਦੀ ਫਸਲ ਤੇ ਤੂੜੀ ਵਾਲੇ ਨਾੜ ਦਾ 70 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।ਜਿਨ੍ਹਾਂ ਦੇ ਖੇਤ ਵਿੱਚ ਘਰ ਸੜੇ ਤੇ ਖੇਤੀ ਦੇ ਸੰਦਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਦੀ ਤੁਰੰਤ ਗਿਰਦਾਵਰੀ ਕਰਕੇ ਬਣਦਾ ਮੁਆਵਜ਼ਾ ਦਿੱਤਾ ਜਾਵੇ।ਇਸ ਮੌਕੇ ਉਨ੍ਹਾਂ ਨਾਲ ਲਖਵੀਰ ਸਿੰਘ ਰਾਜੂ, ਸੁਖਦੀਪ ਕੌਰ, ਬੇਹੜ ਬੁੱਟਰ, ਹਰਜੀਤ ਮੋਹਗੜੀ, ਜਸਪ੍ਰੀਤ ਕੌਰ ਆਦਿ ਹਾਜ਼ਰ ਸਨ।

## ਕੁਲਾਰ ਸਰਬਸੰਮਤੀ ਨਾਲ ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਦੇ ਪ੍ਰਧਾਨ ਬਣੇ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਦੀ ਮਹੀਨਾਵਾਰ ਮੀਟਿੰਗ ਏ ਐਸ ਸੀਨੀਅਰ ਸਕੈਡੰਰੀ ਸਕੂਲ ਖੰਨਾ ਵਿਖੇ ਹੋਈ।ਇਸ ਮੀਟਿੰਗ ਦੀ ਪ੍ਰਧਾਨਗੀ ਸੱਥ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾ ਤੇ ਨਵੇਂ ਚੁਣੇ ਪ੍ਰਧਾਨ ਕਿਰਨਦੀਪ ਸਿੰਘ ਕੁਲਾਰ ਵੱਲੋਂ ਕੀਤੀ ਗਈ।ਰਚਨਾਵਾਂ ਦੇ ਦੌਰ ਵਿੱਚ ਗੀਤਕਾਰ ਬਾਵਾ ਹੋਲੀਆਂ, ਪਰਮਜੀਤ ਸਿੰਘ ਮੰਡੀਆਂ ਖੁਰਦ, ਸੁਖਵਿੰਦਰ ਸਿੰਘ ਬਿੱਟੂ ਖੰਨੇਵਾਲਾ, ਹਰਚਰਨ ਸਿੰਘ ਬਧੌਛੀ, ਪ੍ਰਸਿੱਧ ਗ਼ਜ਼ਲਗੋ ਨਰੇਸ਼ ਨਿਮਾਣਾ, ਨਰਿੰਦਰ ਮਣਕੂ, ਰਾਜ ਸਿੰਘ ਬਧੌਛੀ, ਮਨਜੀਤ ਸਿੰਘ ਧੰਜਲ, ਸੁਖਵਿੰਦਰ ਸਿੰਘ ਭਾਦਲਾ, ਜਸਵੀਰ ਸਿੰਘ ਝੱਜ, ਗੁਰੀ ਤੁਰਮਰੀ, ਸੱਥ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾ ਨੇ ਆਪੋ ਆਪਣੀਆਂ ਰਚਨਾਵਾਂ ਸੁਣਾਈਆਂ। ਸਾਰੀਆਂ ਹੀ ਸੁਣਾਈਆਂ ਗਈਆਂ ਰਚਨਾਵਾਂ 'ਤੇ ਉਸਾਰੂ ਢੰਗ ਨਾਲ ਚਰਚਾ ਕੀਤੀ ਗਈ।ਇਸ ਮੀਟਿੰਗ ਵਿੱਚ ਪੰਜਾਬੀ ਸਾਹਿਤ ਸਭਾ ਸਾਂਝੀ ਸੰਸਥਾ ਵੱਲੋਂ ਚੁਣੀ ਗਈ ਨਵੀਂ ਕਾਰਜਕਾਰਨੀ ਪ੍ਰਧਾਨ ਕਿਰਨਦੀਪ ਸਿੰਘ ਕੁਲਾਰ, ਸੀਨੀਅਰ ਮੀਤ ਪ੍ਰਧਾਨ ਹਰਬੰਸ ਸਿੰਘ ਬਗਲੀ ਸਾਨ, ਮੀਤ ਪ੍ਰਧਾਨ ਬਲਜੀਤ ਸਿੰਘ ਲਹਿਰ, ਪ੍ਰਚਾਰ ਸਕੱਤਰ ਰਵਿੰਦਰ ਕੌਲਗੜ੍ਹ, ਪ੍ਰੈੱਸ ਸਕੱਤਰ ਸੁਖਵਿੰਦਰ ਸਿੰਘ ਬਿੱਟੂ ਖੰਨੇ ਵਾਲੇ, ਕਾਰਜ ਕਰਨੀ ਮੈਂਬਰ ਪੰਜਾਬੀ ਲੋਕ ਗਾਇਕ ਪਰਮਿੰਦਰ ਸੇਖੋਂ ਤੇ ਪਰਮਜੀਤ ਸਿੰਘ ਮੁੰਡੀਆਂ ਨੂੰ ਵਧਾਈਆਂ ਦਿੱਤੀਆਂ ਗਈਆਂ।ਸਾਹਿਤਕਾਰਾਂ ਵੱਲੋਂ ਗੁਰਪ੍ਰੀਤ ਤੁਰਮਰੀ ਦਾ ਲਿਖਿਆ ਤੇ ਗਾਇਕ ਪਰਮਿੰਦਰ ਸਿੰਘ ਅਲਬੇਲਾ ਵੱਲੋਂ ਗਾਏ ਨਵੇਂ ਸਿੰਗਲ ਟਰੈਕ 'ਇੱਜ਼ਤਾਂ' ਰਿਲੀਜ਼ ਹੋਣ 'ਤੇ ਵਧਾਈਆਂ ਦਿੱਤੀਆਂ ਗਈਆਂ। ਮੀਟਿੰਗ ਦੀ ਕਾਰਵਾਈ ਸੁਖਵਿੰਦਰ ਭਾਦਲਾ ਤੇ ਗੁਰੀ ਤੁਰਮਰੀ ਵੱਲੋਂ ਬਾਖ਼ੂਬੀ ਢੰਗ ਨਾਲ ਨਿਭਾਈ ਗਈ।ਇਸ ਮੀਟਿੰਗ ਵਿੱਚ ਆਏ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਨਵੇਂ ਚੁਣੇ ਗਏ ਪ੍ਰਧਾਨ ਕਿਰਨਦੀਪ ਸਿੰਘ ਕੁਲਾਰ ਵੱਲੋਂ ਵਿਸ਼ੇਸ਼ ਤੌਰ 'ਤੇ ਕੀਤਾ ਗਿਆ। ਇਸ ਸਮੇਂ ਕਿਰਨਦੀਪ ਸਿੰਘ ਕੁਲਾਰ ਨੇ ਕਿਹਾ ਕਿ ਮੈਂ ਇਲਾਕੇ ਦੀਆਂ ਸਾਰੀਆਂ ਹੀ ਸਾਹਿਤ ਸਭਾਵਾਂ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਨਾਲ ਲੈ ਕੇ ਚੱਲਾਂਗਾ।ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਦੀ ਚੜ੍ਹਦੀ ਕਲਾ ਲਈ ਸੱਥ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀ ਸਲਾਹ ਨਾਲ ਪਿੰਡਾਂ ਦੀਆਂ ਸੱਥਾਂ ਵਿੱਚ ਜਾ ਕੇ ਸਾਹਿਤਕ ਮੀਟਿੰਗਾ ਕੀਤੀਆਂ ਜਾਣਗੀਆਂ।

## ਬਿਜਲੀ ਘਰ 'ਚ ਲੱਗੀ ਅੱਗ



**ਮਲੋਟ (ਗੁਰਮੀਤ ਸਿੰਘ ਮੱਕੜ)**-ਮਲੋਟ-ਬਠਿੰਡਾ ਰੋਡ 'ਤੇ ਸਥਿਤ ਬਿਜਲੀ ਘਰ ਵਿਚ ਭਿਆਨਕ ਅੱਗ ਲੱਗ ਗਈ। ਜਾਣਕਾਰੀ ਮੁਤਾਬਿਕ ਸ਼ਾਰਟ ਸਰਕਟ ਕਾਰਨ ਬਿਜਲੀ ਘਰ ਪਏ ਟਰਾਂਸਫ਼ਾਰਮਰਾਂ ਨੂੰ ਅੱਗ ਲੱਗ ਗਈ, ਪ੍ਰੰਤੂ ਗਰਿੱਡ ਦਾ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਮੌਕੇ 'ਤੇ ਪਹੁੰਚੇ ਫਾਇਰ ਬ੍ਰਿਗੇਡ ਕਰਮਚਾਰੀਆਂ ਨੇ ਕਾਫ਼ੀ ਮਿਹਨਤ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ।

## ਮਾਨਵ ਸੇਵਾ ਉੱਤਮ ਸੇਵਾ ਵੱਲੋਂ ਖ਼ੂਨਦਾਨ ਤੇ ਮੈਡੀਕਲ ਚੈੱਕਅੱਪ ਕੈਂਪ

### ਲੋੜਵੰਦਾਂ ਦੀ ਮਦਦ ਲਈ ਹਰ ਸੰਸਥਾ ਨੂੰ ਅਜਿਹੇ ਕੈਂਪ ਜ਼ਰੂਰ ਲਗਾਉਣੇ ਚਾਹੀਦੇ : ਜੱਸੀ, ਸਿੰਗਲਾ, ਬਾਂਸਲ



**ਨਾਭਾ (ਵਰਿੰਦਰ ਵਰਮਾ)**

ਮਾਨਵ ਸੇਵਾ ਉੱਤਮ ਸੇਵਾ (ਰਜਿ.) ਸਟੇਟ ਐਵਾਰਡੀ ਸੰਸਥਾ ਨਾਭਾ ਵੱਲੋਂ ਸਵਰਗੀ ਪ੍ਰਤਾਪ ਚੰਦ ਗੁਪਤਾ ਦੀ ਯਾਦ ਵਿੱਚ ਸੰਵਾਦ ਗਰੁੱਪ ਨਾਭਾ ਦੇ ਸਹਿਯੋਗ ਨਾਲ ਤੀਸਰਾ ਫ਼ਰੀ ਮੈਡੀਕਲ ਚੈੱਕਅਪ ਤੇ 24ਵਾਂ ਖ਼ੂਨਦਾਨ ਕੈਂਪ ਆਰੀਆ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਗੇਟ ਨਾਭਾ ਵਿਖੇ ਲਗਾਇਆ ਗਿਆ।ਇਸ ਕੈਂਪ ਵਿੱਚ ਲਾਈਫ਼ ਲਾਈਨ ਬਲੱਡ ਬੈਂਕ ਪਟਿਆਲਾ ਦੇ ਡਾਕਟਰ ਦੀ ਟੀਮ ਵੱਲੋਂ 57 ਖ਼ੂਨਦਾਨੀਆਂ ਤੋਂ ਖ਼ੂਨ ਇਕੱਤਰ ਕੀਤਾ ਗਿਆ।ਕੈਂਪ ਦੇ ਮੁੱਖ ਮਹਿਮਾਨ ਜ਼ਿਲ੍ਹਾ ਯੋਜਨਾ ਬੋਰਡ ਚੇਅਰਮੈਨ ਜੱਸੀ ਸੋਹੀਆ ਵਾਲਾ, ਸਮਾਜ ਸੇਵੀ ਸੂਰਜ ਭਾਨ ਸਿੰਗਲਾ ਤੇ ਅਸ਼ੋਕ ਬਾਂਸਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਸੰਸਥਾ ਵੱਲੋਂ ਕੀਤਾ ਗਿਆ ਇਹ ਉਪਰਾਲਾ ਬਹੁਤ ਹੀ ਵਧੀਆ ਹੈ।ਉਨ੍ਹਾਂ ਕਿਹਾ ਕਿ ਲੋੜਵੰਦਾਂ ਦੀ ਮਦਦ ਲਈ ਹਰ ਸੰਸਥਾਵਾਂ ਨੂੰ ਅਜਿਹੇ ਕੈਂਪ ਲਗਾਉਣੇ ਚਾਹੀਦੇ ਹਨ।ਇਸ ਕੈਂਪ ਵਿੱਚ ਡਾਕਟਰ ਯਸ਼ਪਾਲ ਗੋਇਲ (ਸ਼ੂਗਰ, ਬੀ.ਪੀ. ਤੇ ਦਿਲ ਦੇ ਰੋਗਾ ਦੇ ਮਾਹਰ ਯੂ.ਕੇ. ਗੋਲਡ ਮੈਡਲਿਸਟ ਸਾਬਕਾ ਐੱਸ. ਆਰ. ਜੀ. ਐੱਮ.ਸੀ. ਪਟਿਆਲਾ), ਡਾ. ਏਕਤਾ (ਔਰਤ ਰੋਗਾ ਦੇ ਮਾਹਰ), ਡਾ. ਹਰਦੀਪ ਸਿੰਘ ਰੰਧਾਵਾ (ਅੱਖਾਂ ਦੇ ਰੋਗਾਂ ਦੇ ਮਾਹਰ), ਡਾ. ਗੌਰਵ ਬਾਠਲਾ (ਹੱਡੀਆਂ ਦੇ ਜੋੜਾਂ ਦੇ ਮਾਹਰ), ਡਾ. ਇੰਦਰਪ੍ਰੀਤ ਕੌਰ ਫ਼ਿਜਿਓਥਰੈਪਿਸਟ ਆਦਿ ਨੇ 340 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ।ਕੈਂਪ ਦੌਰਾਨ ਡਾ. ਯਸ਼ਪਾਲ ਗੋਇਲ ਦੀ ਟੀਮ ਵੱਲੋਂ ਫਾਇਬਰੋ ਸਕੈਨ ਵਿੱਚ 150 ਮਰੀਜ਼ਾਂ ਨੇ ਟੈਸਟ ਕਰਵਾਇਆ ਤੇ 3 ਮਹੀਨੇ ਵਾਲੀ ਸ਼ੂਗਰ ਤੇ ਯੂਰਿਕ ਐਸਿਡ ਟੈਸਟ ਫ਼ਰੀ ਕੀਤੇ ਗਏ ਅਤੇ ਮਰੀਜ਼ਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਗਈਆਂ ਅਤੇ ਡਾ. ਕੰਗਜ਼ ਲੈਬ ਵੱਲੋਂ ਈਸੀਜੀ ਤੇ ਹੋਰ ਟੈਸਟ ਕੀਤੇ ਗਏ।ਕੈਂਪ ਵਿੱਚ ਬੀ ਐੱਮ ਡੀ ਟੈਸਟ ਵਿੱਚ 100 ਦੇ ਕਰੀਬ ਮਰੀਜ਼ਾਂ ਨੇ ਲਾਭ ਉਠਾਇਆ।ਕੈਂਪ ਵਿੱਚ ਉਮੇਸ਼ ਕਾਲੜਾ, ਧੀਰਜ ਕਾਲੜਾ ਤੇ ਕੁਲਵੰਤ ਸਿੰਘ ਸਿਆਣ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।

ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਤੇ ਸਮੂਹ ਮੈਂਬਰਾਂ ਵੱਲੋਂ ਮੁੱਖ ਮਹਿਮਾਨ, ਆਈਆਂ ਹੋਈਆਂ ਸ਼ਖ਼ਸੀਅਤਾਂ ਤੇ ਖ਼ੂਨਦਾਨੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਇੰਪਰੂਵਮੈਂਟ ਟਰਸੱਟ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ, ਸਕੂਲ ਪ੍ਰਿੰਸੀਪਲ ਅਸ਼ਵਨੀ ਮਦਾਨ, ਸੰਜੀਵ ਗਰਗ ਪੰਜਾਬ ਨੈਸ਼ਨਲ ਬੈਂਕ, ਸੁਧੀਰ ਕਾਲੜਾ, ਰਾਕੇਸ਼ ਸਿੰਗਲਾ, ਰਾਮ ਕ੍ਰਿਸ਼ਨ ਭੱਲਾ, ਨਰਿੰਦਰ ਵਰਮਾ, ਵਿਨੋਦ ਕੁਮਾਰ, ਬਲਦੇਵ ਕੁਮਾਰ, ਸਾਹਿਲ ਗੁਪਤਾ ਆਦਿ ਹਾਜ਼ਰ ਸਨ।

## ਬਿਜਲੀ ਕਾਰਪੋਰੇਸ਼ਨ ਦੇ ਨਿੱਜੀਕਰਨ ਵਿਰੁੱਧ ਸੰਘਰਸ਼ ਨੂੰ ਸਾਂਝਾ, ਵਿਸ਼ਾਲ ਤੇ ਤੇਜ਼ ਕਰਨ ਲਈ ਜ਼ੋਰਦਾਰ ਯਤਨ ਜੁਟਾਉਣ ਦੀ ਲੋੜ : ਇਨਕਲਾਬੀ ਜਮਹੂਰੀ ਫਰੰਟ

**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਇਨਕਲਾਬੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰ ਗੁਰਦਿਆਲ ਸਿੰਘ ਭੰਗਲ ਤੇ ਸੂਬਾ ਕਮੇਟੀ ਮੈਂਬਰ ਸੁਖਵੰਤ ਸਿੰਘ ਸੇਖੋਂ ਵੱਲੋਂ ਇੱਕ ਪ੍ਰੈੱਸ ਬਿਆਨ ਰਾਹੀਂ ਪੰਜਾਬ ਸਰਕਾਰ ਵੱਲੋਂ ਬਿਜਲੀ ਕਾਰਪੋਰੇਸ਼ਨ ਦੇ ਨਿੱਜੀਕਰਨ ਦੀਆਂ ਤਿਆਰੀਆਂ ਤੇਜ਼ ਕਰਨ ਦੇ ਫੈਸਲੇ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਬਿਜਲੀ ਖੇਤਰ ਵਿੱਚ ਕੰਮ ਕਰਦੇ ਰੈਗੂਲਰ, ਆਊਟਸੋਰਸਡ ਤੇ ਪੈਨਸ਼ਨਰ ਸਾਥੀਆਂ ਨੂੰ ਅਪੀਲ ਕੀਤੀ ਗਈ ਕਿ ਨਿੱਜੀਕਰਨ ਦੇ ਇਸ ਤਬਾਹਕੁਨ ਹੱਲੇ ਵਿਰੁੱਧ ਵਿਸ਼ਾਲ, ਸਾਂਝੇ ਲੰਬੇ ਤੇ ਤਿੱਖੇ ਸੰਘਰਸ਼ ਦੀਆਂ ਜ਼ੋਰਦਾਰ ਤਿਆਰੀਆਂ ਵਿੱਚ ਜੁਟਣ ਦੀ ਲੋੜ ਹੈ, ਕਿਉਂਕਿ ਪੰਜਾਬ ਸਰਕਾਰ ਪਿਛਲੇ ਦਿਨਾਂ ਤੋਂ ਜਿਸ ਕਿਸਮ ਦੇ ਕਦਮ ਲੈ ਰਹੀ ਹੈ, ਉਨ੍ਹਾਂ ਤੋਂ ਸਪੱਸ਼ਟ ਹੈ ਕਿ ਉਹ ਕਾਰਪੋਰੇਟ ਘਰਾਣਿਆਂ ਦੀ ਸੇਵਾ ਲਈ ਜਲਦੀ ਹੀ ਬਿਜਲੀ ਕਾਰਪੋਰੇਸ਼ਨ ਦਾ ਭੋਗ ਪਾਉਣ ਦੀਆਂ ਤਿਆਰੀਆਂ ਵਿੱਚ ਜੁਟੀ ਹੋਈ ਹੈ।ਲਾਲੜੂ ਤੇ ਖਰੜ ਡਵੀਜ਼ਨ ਦੀ ਨਿੱਜੀਕਰਨ ਦੀ ਵਿਉਂਤ 21 ਅਪ੍ਰੈਲ ਵਾਲੇ ਦਿਨ ਪੰਜਾਬ ਵਿਕਾਸ ਕਾਰਪੋਰੇਸ਼ਨ ਕੋਲ ਪੇਸ਼ ਕਰਨ ਦਾ ਸਰਕਾਰੀ ਧੰਦਾ ਨਿਜੀਕਰਨ ਦੇ ਅਮਲ ਨੂੰ ਤੇਜ਼ ਕਰਨ ਦੀ ਇੱਕ ਹੋਰ ਉਦਾਹਰਣ ਸਾਡੇ ਸਾਹਮਣੇ ਹੈ।ਉਨ੍ਹਾਂ ਕਿਹਾ ਕਿ ਨਿੱਜੀਕਰਨ ਦੀ ਲੋੜ ਵਜੋਂ ਲਏ ਜਾ ਰਹੇ ਇਹ ਕਦਮ ਬੜੇ ਸਾਜ਼ਿਸ਼ੀ ਤੇ ਧੋਖੇ ਭਰੇ ਢੰਗ ਤਰੀਕੇ ਨਾਲ ਲਏ ਜਾ ਰਹੇ ਹਨ।ਇੱਕ ਪਾਸੇ ਇਸ ਤਬਾਹਕੁਨ ਹਮਲੇ ਨੂੰ ਲਾਗੂ ਕਰਦਿਆਂ ਖਪਤਕਾਰਾਂ ਪ੍ਰਤੀ ਝੂਠਾ ਹੇਜ ਜਤਾਉਣ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਦੂਸਰੇ ਪਾਸੇ ਬਿਜਲੀ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਧਰਨਿਆਂ ਮੁਜ਼ਾਹਰਿਆਂ ਤੇ ਹੜਤਾਲਾਂ ਕਾਰਨ ਦੋਖੀਆਂ ਵਜੋਂ ਪੇਸ਼ ਕਰਕੇ ਉਨ੍ਹਾਂ ਦੀ ਨਿੱਜੀਕਰਨ ਵਿਰੁੱਧ ਸਾਂਝ ਨੂੰ ਤੋੜਨ ਦੇ ਯਤਨ ਕੀਤੇ ਜਾ ਰਹੇ ਹਨ।ਇਸ ਸਾਜ਼ਿਸ਼ੀ ਤੇ ਧੋਖੇ ਭਰੇ ਢੰਗ ਨਾਲ ਪਿਛਲੇ ਦਿਨੀਂ ਖਪਤਕਾਰਾਂ ਨੂੰ ਮੁਲਾਜ਼ਮਾਂ ਦੇ ਧਰਨਿਆਂ, ਮੁਜ਼ਾਹਰਿਆਂ ਤੇ ਹੜਤਾਲਾਂ ਵਾਲੇ ਦਿਨਾਂ ਦੌਰਾਨ ਨਿਰਵਿਘਨ ਸਪਲਾਈ ਦੇਣ ਦੇ ਨਾਂਅ ਹੇਠ ਹਰ ਇੱਕ ਡਵੀਜ਼ਨ ਪੱਧਰ 'ਤੇ ਆਊਟਸੋਰਸਡ ਕੰਪਨੀਆਂ ਰਾਹੀਂ ਇਕ ਸਪੈਸ਼ਲ ਗੈਂਗ ਤਿਆਰ ਕਰਨ ਦੇ ਹੁਕਮ ਜਾਰੀ ਕੀਤੇ ਗਏ, ਕੰਮ ਦੌਰਾਨ ਮੈਨਪਾਵਰ ਦੀ ਘਾਟ ਨੂੰ ਪੂਰਾ ਕਰਨ ਲਈ ਵਿਭਾਗ ਵੱਲੋਂ ਨਵੀਂ ਤੇ ਪੱਕੀ ਭਰਤੀ ਕਰਨ ਦੀ ਥਾਂ ਠੇਕੇ 'ਤੇ ਬਾਹਰੀ ਸਰੋਤਾਂ ਤੋਂ ਲੇਬਰ ਦਾ ਪ੍ਰਬੰਧ ਕਰਨ ਦੇ ਹੋਰ ਨਵੇਂ ਹੁਕਮ ਜਾਰੀ ਕੀਤੇ ਗਏ ਹਨ, ਜਿਨ੍ਹਾਂ ਦਾ ਮਕਸਦ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਨਾ ਨਹੀਂ, ਸਗੋਂ ਨਿੱਜੀਕਰਨ ਵਿਰੁੱਧ ਸੰਘਰਸ਼ ਨੂੰ ਅਸਫਲ ਬਣਾਉਣ ਦੀ ਸਾਜ਼ਿਸ਼ ਹੈ।ਖਪਤਕਾਰਾਂ ਤੇ ਬਿਜਲੀ ਮੁਲਾਜ਼ਮਾਂ ਨੂੰ ਇੱਕ ਦੂਸਰੇ ਵਿਰੁੱਧ ਉਕਸਾ ਕੇ ਖੜ੍ਹੇ ਕਰਨ ਦੀ ਫੁੱਟ-ਪਾਊ ਸਾਜ਼ਿਸ਼ ਹੈ, ਜਿਸ ਨੂੰ ਅਸਫਲ ਬਣਾ ਕੇ ਨਿੱਜੀਕਰਨ ਵਿਰੁੱਧ ਸੰਘਰਸ਼ ਨੂੰ ਸਫ਼ਲ ਬਣਾਉਣ ਦੀ ਲੋੜ ਹੈ।ਇਸ ਹਾਲਤ ਵਿੱਚ ਸਭ ਤੋਂ ਪਹਿਲੀ ਲੋੜ ਵੱਖ ਵੱਖ ਜਥੇਬੰਦੀਆਂ ਵਿੱਚ ਵੰਡੇ ਹੋਏ ਬਿਜਲੀ ਮੁਲਾਜ਼ਮ ਸਾਥੀਆਂ ਨੂੰ ਇੱਕ ਸਾਂਝੇ ਸੰਘਰਸ਼ ਦੇ ਪਲੇਟਫਾਰਮ 'ਤੇ ਇਕੱਠੇ ਕਰਨ ਦੀ ਅਹਿਮ ਲੋੜ ਹੈ ਅਤੇ ਦੂਸਰੇ ਪਾਸੇ ਨਿੱਜੀਕਰਨ ਦੀ ਮਾਰ ਹੇਠ ਆਉਣ ਵਾਲੇ ਖਪਤਕਾਰਾਂ ਨੂੰ ਸਰਕਾਰ ਦੇ ਝੂਠੇ ਹੇਜ ਦੇ ਧੋਖੇ ਪਿੱਛੇ ਛੁਪੇ ਸੱਚ ਨੂੰ ਉਜਾਗਰ ਕਰਕੇ ਨਿੱਜੀਕਰਨ ਵਿਰੁੱਧ ਸੰਘਰਸ਼ ਨੂੰ ਵਿਸ਼ਾਲ, ਸਾਂਝੇ ਤੇ ਤਿੱਖਾ ਕਰਨ ਦੀ ਲੋੜ ਹੈ।ਇਸ ਹਾਲਤ ਵਿੱਚ ਇਨਕਲਾਬੀ ਜਮਹੂਰੀ ਫਰੰਟ ਪੰਜਾਬ ਵੱਲੋਂ ਸਮੁੱਚੇ ਬਿਜਲੀ ਮੁਲਾਜ਼ਮਾਂ ਨੂੰ ਅਪੀਲ ਹੈ ਕਿ ਬਿਨਾਂ ਸ਼ੱਕ ਸਾਡੇ ਆਪਸੀ ਇਤਰਾਜ਼ ਤੇ ਮੱਤਭੇਦ ਹੋਣਗੇ, ਜਿਨ੍ਹਾਂ ਕਾਰਨ ਅਸੀਂ ਵੱਖ ਵੱਖ ਜਥੇਬੰਦੀਆਂ ਵਿੱਚ ਵੰਡੇ ਹੋਏ ਹਾਂ, ਪਰ ਇਹ ਆਪਸੀ ਮੱਤਭੇਦ, ਸਰਕਾਰ ਨਾਲ ਟਕਰਾਵੇਂ ਸਬੰਧਾਂ ਤੋਂ ਉਪਰ ਨਹੀਂ ਹਨ।ਇਸ ਲਈ ਇਸ ਸਮੇਂ ਜਦੋਂ ਨਿੱਜੀਕਰਨ ਦੇ ਇਸ ਤਬਾਹਕੁਨ ਹੱਲੇ ਕਾਰਨ ਸਾਡੀ ਹੋਂਦ ਨੂੰ ਹੀ ਖ਼ਤਰਾ ਹੈ ਤਾਂ ਇਨ੍ਹਾਂ ਮਤਭੇਦਾਂ ਨੂੰ ਪਿੱਛੇ ਛੱਡ ਕੇ ਆਪਣੀ ਹੋਂਦ ਤੇ ਆਪਣੇ ਹਿੱਤਾਂ ਨੂੰ ਬਚਾਉਣ ਲਈ ਸਾਂਝੇ ਸੰਘਰਸ਼ ਦੀ ਉਸਾਰੀ ਇਸ ਸਮੇਂ ਦੀ ਪ੍ਰਮੁੱਖ ਲੋੜ ਹੈ।

## ਸ਼ਾਰਟ ਸਰਕਟ ਕਾਰਨ ਮਜ਼ਦੂਰ ਦੇ ਘਰ ਲੱਗੀ ਅੱਗ, ਲੱਖਾਂ ਦਾ ਸਾਮਾਨ ਸੁਆਹ



**ਮਲੋਟ (ਗੁਰਮੀਤ ਸਿੰਘ ਮੱਕੜ)**-ਸ਼ਹਿਰ ਦੇ ਨੇੜਲੇ ਪਿੰਡ ਡੱਬਵਾਲੀ ਮਲਕੋ ਕੀ ਵਿਖੇ ਇੱਕ ਮਜ਼ਦੂਰ ਦਰਸ਼ਨ ਸਿੰਘ ਦੇ ਘਰ ਵਿਖੇ ਰਾਤ ਨੂੰ ਅਚਾਨਕ ਅੱਗ ਲੱਗਣ ਕਰਕੇ ਜਿੱਥੇ ਉਸਦੇ ਕਮਰੇ ਦੀ ਛੱਤ ਡਿੱਗ ਪਈ, ਉੱਥੇ ਉਸ ਕਮਰੇ ਵਿੱਚ ਪਿਆ ਘਰ ਦਾ ਲਗਭਗ ਸਾਰਾ ਹੀ ਸਾਮਾਨ ਸੜ ਗਿਆ ਹੈ। ਦਰਸ਼ਨ ਸਿੰਘ ਨੇ ਆਪਣੀ ਦਰਦ ਭਰੀ ਦਾਸਤਾਂ ਦੱਸਦਿਆਂ ਕਿਹਾ ਕਿ ਉਸਦੇ ਤਿੰਨ ਧੀਆਂ ਅਤੇ ਦੋ ਪੁੱਤਰ ਹਨ, ਜਦਕਿ ਉਸ ਦੀ ਪਤਨੀ ਦੀ ਮੌਤ ਹੋ ਚੁੱਕੀ ਹੈ ਤੇ ਉਹ ਘਰ ਹੀ ਲੋਕਾਂ ਦੇ ਕੱਪੜੇ ਬਣਾ ਕੇ ਜਾਂ ਦਿਹਾੜੀ ਕਰਕੇ ਆਪਣੇ ਬੱਚਿਆਂ ਨੂੰ ਪਾਲ ਰਿਹਾ ਸੀ ਕਿ ਬੀਤੀ ਰਾਤ ਅਚਾਨਕ ਉਨ੍ਹਾਂ ਦੇ ਘਰ ਕਮਰੇ ਵਿੱਚ ਬਿਜਲੀ ਦੀ ਸ਼ਾਰਟ ਸਰਕਟ ਹੋਣ ਕਰਕੇ ਅਚਾਨਕ ਅੱਗ ਲੱਗ ਗਈ, ਜਿਸ ਕਰਕੇ ਉਸਦੇ ਕਮਰੇ ਦੀ ਛੱਤ ਜੋ ਕਾਨਿਆਂ ਦੀ ਪਾਈ ਹੋਈ ਸੀ ਸੜ ਕੇ ਸਵਾਹ ਹੋ ਗਈ। ਇਸ ਤੋਂ ਵੱਡਾ ਦੁਖਾਂਤ ਇਹ ਹੋਇਆ ਕਿ ਉਸ ਨੇ ਕੁੜੀ ਦੇ ਵਿਆਹ ਲਈ ਦਾਜ ਦਾ ਸਾਮਾਨ ਜੋ ਜੋੜਿਆ ਸੀ, ਉਹ ਵੀ ਸੜ ਕੇ ਸਵਾਹ ਹੋ ਗਿਆ। ਇਸ ਤੋਂ ਇਲਾਵਾ ਉਸ ਦੇ ਬੱਚਿਆਂ ਦੇ ਸਕੂਲ ਸੰਬੰਧੀ ਕਾਗਜ਼ਾਤ ਪੇਪਰ ਜਿਸ ਵਿੱਚ ਸਰਟੀਫਿਕੇਟ ਤੇ ਹੋਰ ਪੇਪਰ ਵੀ ਇਸ ਅਗਨ ਦੀ ਭੇਟ ਚੜ੍ਹ ਗਏ। ਇਸ ਮਜ਼ਦੂਰ ਦਰਸ਼ਨ ਸਿੰਘ ਦਾ ਘਰ ਅੱਗ ਦੀ ਭੇਟ ਚੜ੍ਹ ਕੇ ਵੱਡਾ ਨੁਕਸਾਨ ਹੋ ਗਿਆ। ਉਸ ਨੇ ਖੁਦ ਵੀ ਸਰਕਾਰ ਤੋਂ ਸਹਾਇਤਾ ਦੀ ਮੰਗ ਕੀਤੀ ਹੈ, ਉੱਥੇ ਪਿੰਡ ਦੇ ਹੋਰ ਵਿਅਕਤੀਆਂ ਨੇ ਵੀ ਮਜ਼ਦੂਰ ਦਰਸ਼ਨ ਸਿੰਘ ਦੀ ਵੱਧ ਤੋਂ ਵੱਧ ਆਰਥਿਕ ਮੱਦਦ ਕਰਨ ਦੀ ਅਪੀਲ ਕਰਦਿਆਂ ਲੋਕਾਂ ਨੂੰ ਵੀ ਇਸ ਪਰਿਵਾਰ ਦੀ ਮੱਦਦ ਕਰਨ ਦੀ ਅਪੀਲ ਕੀਤੀ ਹੈ।

## 5994 ਅਧਿਆਪਕਾਂ 'ਤੇ ਲਾਠੀਚਾਰਜ ਮੰਦਭਾਗਾ : ਅਮਨਦੀਪ ਸ਼ਰਮਾ

**ਬੁਢਲਾਡਾ (ਅਸ਼ੋਕ ਲਾਕੜਾ)**-5994 ਅਧਿਆਪਕਾਂ ਤੇ ਕੀਤੇ ਲਾਠੀਚਾਰਜ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਮੁੱਖ ਅਧਿਆਪਕ ਜਥੇਬੰਦੀ ਪੰਜਾਬ ਦੇ ਸੂਬਾ ਪ੍ਰਧਾਨ ਅਮਨਦੀਪ ਸ਼ਰਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਵਿੱਚੋਂ ਚੁਣੀ ਗਈ ਸੀ।ਇਹ ਸਰਕਾਰ ਨੂੰ ਚੁਣਨ ਵਿੱਚ ਬੇਰੁਜ਼ਗਾਰਾਂ ਦਾ ਵੱਡਾ ਰੋਲ ਸੀ। ਉਨਾਂ ਕਿਹਾ ਕਿ ਬਾਕੀ ਸਰਕਾਰਾਂ ਵਾਂਗ ਇਸ ਸਰਕਾਰ ਵੱਲੋਂ ਵੀ ਬੇਰੁਜ਼ਗਾਰ ਅਧਿਆਪਕਾਂ ਤੇ ਲਾਠੀ ਚਾਰਜ ਕਰਨਾ ਮੰਦਭਾਗੀ ਗੱਲ ਹੈ।ਜਥੇਬੰਦੀ ਪੰਜਾਬ ਦੇ ਸੂਬਾ ਪ੍ਰਚਾਰ ਸਕੱਤਰ ਗੁਰਜੰਟ ਸਿੰਘ ਬੱਛੋਆਣਾ ਨੇ ਕਿਹਾ ਕਿ ਰਹਿੰਦੇ 5994 ਅਧਿਆਪਕਾਂ ਨੂੰ ਤੁਰੰਤ ਨਿਯੁਕਤੀ ਪੱਤਰ ਦੇ ਕੇ ਸਕੂਲਾਂ ਵਿੱਚ ਹਾਜ਼ਰ ਕਰਵਾਇਆ ਜਾਵੇ। ਉਨਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਅਧਿਆਪਕਾਂ ਦੀ ਕੁੱਟਮਾਰ ਕਰਨਾ ਬਹੁਤ ਹੀ ਗਲਤ ਹੈ।ਜਥੇਬੰਦੀ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਜਸ਼ਨਦੀਪ ਸਿੰਘ ਕੁਲਾਣਾ, ਰਘਵਿੰਦਰ ਸਿੰਘ ਧੂਲਕਾ, ਭਗਵੰਤ ਭਟੇਜਾ, ਪਰਮਜੀਤ ਤੂਰ, ਲਵਨੀਸ਼ ਗੋਇਲ ਨਾਭਾ, ਜਸਵੀਰ ਸਿੰਘ ਹੁਸ਼ਿਆਰਪੁਰ, ਸਤਿੰਦਰ ਸਿੰਘ ਦੁਆਬੀਆ, ਗੁਰਪ੍ਰੀਤ ਸਿੰਘ,ਬਲਵਿੰਦਰ ਸਿੰਘ ਹਾਕਮ ਵਾਲਾ, ਦਿਲਜੀਤ ਖਾਰਾ, ਸੁਖਬੀਰ ਸੰਗਰੂਰ, ਅਮਨਦੀਪ ਸਿੰਘ ਪਾਤੜਾ, ਸੁਖਵਿੰਦਰ ਸਿੰਘਲਾ ਬਰੇਟਾ, ਸੁਖਦੇਵ ਸਿੰਘ ਆਦਿ ਸਾਥੀਆਂ ਨੇ ਲਾਠੀਚਾਰਜ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ।

...ਸਫ਼ਾ 1 ਦੇ ਬਾਕੀ

### ਨਵੀਂ ਖੇਤੀ ਤੇ ਮੰਡੀਕਰਨ...

ਵਹਿਸ਼ੀਆਨਾ ਜਬਰ ਦਾ ਨਿਸ਼ਾਨਾ ਬਣਾਉਣ ਦੇ ਰਾਹ ਤੁਰੀ ਪੰਜਾਬ ਸਰਕਾਰ ਇਹਨਾਂ ਕਦਮਾਂ ਤੋਂ ਬਾਜ਼ ਆਏ। ਸਾਬਕਾ ਡੀ ਜੀ ਪੀ (ਜੇਲ੍ਹਾਂ) ਸ਼ਸ਼ੀ ਕਾਂਤ ਦੀ ਰਿਪੋਰਟ, ਜੋ ਨਸ਼ਾ ਤਸਕਰਾਂ 'ਤੇ ਉਂਗਲ ਧਰਦੀ ਹੈ, ਉਹ ਜਨਤਕ ਕੀਤੀ ਜਾਵੇ। ਆਮ ਲੋਕਾਂ ਤੇ ਨਸ਼ਾ ਸੌਦਾਗਰ ਦੱਸ ਕੇ ਬੁਲਡੋਜ਼ਰ ਚਾੜ੍ਹਨ ਦਾ ਹੱਲਾ ਤੁਰੰਤ ਬੰਦ ਕੀਤਾ ਜਾਏ। ਨਸ਼ਾ ਤਸਕਰੀ ਦੇ ਅਸਲ ਮੁਜਰਮਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

ਪ੍ਰਧਾਨਗੀ ਮੰਡਲ ਤੇ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ (ਸਹਿ-ਸੰਪਾਦਕ) ਤੇ ਵਿਜੈ ਬੰਬੇਲੀ (ਸਹਿਯੋਗੀ ਸੰਪਾਦਕ) ਵੱਲੋਂ 'ਵਿਰਸਾ' ਲੋਕ-ਅਰਪਣ ਕੀਤਾ ਗਿਆ।

ਪ੍ਰਧਾਨਗੀ ਮੰਡਲ ਦੀ ਤਰਫ਼ੋਂ ਬੋਲਦਿਆਂ ਕਮੇਟੀ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਇੱਕ ਸਦੀ ਤੋਂ ਵੀ ਵੱਧ ਅਰਸਾ ਪਹਿਲਾਂ ਗ਼ਦਰ ਪਾਰਟੀ ਦੀ ਦੂਰ-ਦ੍ਰਿਸ਼ਟੀ ਦਾ ਇਹ ਹੋਕਾ ਸੀ ਕਿ ਦੁਨੀਆ ਭਰ ਦੇ ਲੋਕਾਂ ਦੀਆਂ ਮਰਜਾਂ ਦੀ ਜੜ੍ਹ ਸਾਮਰਾਜ ਅਤੇ ਉਸ ਦੇ ਸੇਵਾਦਾਰਾਂ ਦੇ ਲੋਕ-ਦੋਖੀ ਰਾਜ ਵਿੱਚ ਲੱਗੀ ਹੈ। ਇਹ ਸਾਡੇ ਸਮੇਂ ਦਾ ਵੀ ਸੱਚ ਹੈ। ਉਹਨਾ ਕਮੇਟੀ ਦੇ ਬੁਲਾਵੇ 'ਤੇ ਸਭ ਬੁਲਾਰਿਆਂ ਦੇ ਆਉਣ 'ਤੇ ਧੰਨਵਾਦ ਕੀਤਾ। ਸਮਾਗਮ 'ਚ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਕਮੇਟੀ ਦੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਨੇ ਅਦਾ ਕੀਤੀ। ਉਹਨਾ ਗ਼ਦਰ ਪਾਰਟੀ ਦੇ ਬੁਨਿਆਦੀ ਅਸੂਲਾਂ ਉਪਰ ਪਹਿਰਾ ਦੇਣ ਲਈ ਕਿਹਾ।

ਅਮਰੀਕੀ ਉਪ-ਰਾਸ਼ਟਰਪਤੀ ਦੇ ਅੱਜ ਦਿੱਲੀ ਆਉਣ ਅਤੇ ਭਾਰਤੀ ਹਾਕਮਾਂ ਨਾਲ ਨਵੀਆਂ ਲੋਕ-ਵਿਰੋਧੀ ਸੰਧੀਆਂ ਕਰਨ ਖ਼ਿਲਾਫ਼ ਸਮਾਗਮ ਉਪਰੰਤ ਬੀ ਐੱਮ ਸੀ ਚੌਕ ਤੱਕ ਮਾਰਚ ਕੀਤਾ ਗਿਆ। ਸਮਾਗਮ ਦਾ ਮੰਚ ਸੰਚਾਲਨ ਕਮੇਟੀ ਮੈਂਬਰ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

## ਵਿਜ਼ਡਮ ਵਰਲਡ ਸਕੂਲ ਥਾਂਦੇਵਾਲਾ ਵਿਖੇ ਸਾਲਾਨਾ ਐਥਲੈਟਿਕ ਮੀਟ ਕਰਵਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਵਿਜ਼ਡਮ ਵਰਲਡ ਸਕੂਲ ਥਾਂਦੇਵਾਲਾ ਵਿਖੇ ਚੌਥੀ ਸਾਲਾਨਾ ਐਥਲੈਟਿਕ ਮੀਟ ਦਾ ਆਯੋਜਨ ਬੜੀ ਧੂਮਧਾਮ ਤੇ ਉਤਸ਼ਾਹ ਭਰੇ ਮਾਹੌਲ ਵਿੱਚ ਕੀਤਾ ਗਿਆ।ਸਮਾਰੋਹ ਦੀ ਅਗਵਾਈ ਸਕੂਲ ਦੇ ਚੇਅਰਮੈਨ ਸ੍ਰ. ਜਸਵਿੰਦਰ ਸਿੰਘ ਨੇ ਕੀਤੀ, ਜਦਕਿ ਡਾਇਰੈਕਟਰ ਸ੍ਰ. ਦਲਜੀਤ ਸਿੰਘ, ਪ੍ਰਿੰਸੀਪਲ ਸੁਮਨ ਰਾਣੀ, ਵਾਈਸ ਪ੍ਰਿੰਸੀਪਲ ਸੋਨੀਆ ਤੇ ਸਕੂਲ ਕੋਆਰਡੀਨੇਟਰ ਮੈਡਮ ਪੂਨਮ ਸ਼ਰਮਾ ਮੌਜੂਦ ਰਹੇ।ਸਮਾਰੋਹ ਦੀ ਸ਼ੁਰੂਆਤ ਰੰਗ-ਬਿਰੰਗੇ ਗੁਬਾਰਿਆਂ ਨੂੰ ਆਸਮਾਨ ਵਿੱਚ ਛੱਡ ਕੇ ਕੀਤੀ ਗਈ, ਜਿਸ ਨਾਲ ਪੂਰੇ ਪਰਿਸਰ ਵਿੱਚ ਖੁਸ਼ੀ ਤੇ ਉਤਸ਼ਾਹ ਦੀ ਲਹਿਰ ਦੌੜ ਗਈ।ਚਾਰ ਹਾਊਸਾਂ ਸਤਲੁਜ, ਰਾਵੀ, ਚਨਾਬ ਤੇ ਜੇਹਲਮ ਦੇ ਵਿਦਿਆਰਥੀਆਂ ਵੱਲੋਂ ਕੀਤੇ ਗਏ ਵਿਧੀਵਤ ਮਾਰਚ ਪਾਸਟ ਨੇ ਸਮਾਰੋਹ ਦੀ ਗੰਭੀਰਤਾ ਤੇ ਉਤਸ਼ਾਹ ਨੂੰ ਨਵੀਂਆਂ ਉਚਾਈਆਂ ਦਿੱਤੀਆਂ।ਸਮਾਗਮ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਐਥਲੈਟਿਕ ਮੁਕਾਬਲਿਆਂ ਵਿੱਚ ਭਰਪੂਰ ਉਤਸ਼ਾਹ ਤੇ ਜੋਸ਼ ਨਾਲ ਭਾਗ ਲਿਆ।ਇਹ ਮੁਕਾਬਲੇ 100 ਮੀਟਰ, 200 ਮੀਟਰ, 400 ਮੀਟਰ ਤੇ 600 ਮੀਟਰ ਦੌੜਾਂ ਤੋਂ ਲੈ ਕੇ ਹਾਰਡਲ ਰੇਸ, ਥ੍ਰੀਲੈੱਗ ਰੇਸ, ਲੈਮਨ ਰੇਸ, ਰਿਲੇਅ ਰੇਸ, ਸ਼ਾਟਪੁੱਟ ਤੇ ਲੌਂਗ ਜੰਪ ਤੱਕ ਵਿਸਥਾਰਤ ਸਨ।ਖੋ-ਖੋ ਦੇ ਮੁਕਾਬਲਿਆਂ ਨੇ ਵਿਸ਼ੇਸ਼ ਰੂਪ ਵਿੱਚ ਦਰਸ਼ਕਾਂ ਦਾ ਧਿਆਨ ਆਪਣੀ ਵੱਲ ਖਿੱਚਿਆ, ਜਿਸ ਵਿੱਚ ਜੇਹਲਮ ਹਾਊਸ ਦੇ ਲੜਕੇ ਤੇ ਲੜਕੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਜਿੱਤ ਹਾਸਲ ਕੀਤੀ।ਸਮਾਰੋਹ ਦਾ ਸਭ ਤੋਂ ਰੋਮਾਂਚਕ ਪਲ ਟੈਗ ਆਫ ਵਾਰ ਰਿਹਾ, ਜੋ ਦਰਸ਼ਕਾਂ ਲਈ ਆਕਰਸ਼ਣ ਦਾ ਕੇਂਦਰ ਬਣਿਆ।ਦੋਹਾਂ ਪੱਖਾਂ ਦੇ ਜੋਸ਼ ਤੇ ਟੀਮ ਵਰਕ ਨੇ ਖੇਡਾਂ ਦੀ ਮਹੱਤਤਾ ਨੂੰ ਦਰਸਾਇਆ।ਅੰਤ ਵਿੱਚ ਰਾਵੀ ਹਾਊਸ ਨੂੰ 'ਬੈਸਟ ਹਾਊਸ' ਦੇ ਖਿਤਾਬ ਨਾਲ ਨਵਾਜਿਆ ਗਿਆ, ਜਦਕਿ ਜੇਹਲਮ ਹਾਊਸ ਨੇ 'ਰਨਰ-ਅੱਪ' ਦੀ ਉਪਲਬਧੀ ਹਾਸਲ ਕੀਤੀ।ਸਮਾਗਮ ਦੀ ਸਫਲਤਾ 'ਚ ਮੈਡਮ ਮੋਨਿਕਾ ਰਾਣੀ, ਨੀਸ਼ੂ, ਕਰੁਣਾ, ਮਨਜੀਤ ਕੌਰ, ਨਿਕਿਤਾ, ਪੂਨਮ ਤਨੇਜਾ, ਪੂਜਾ ਸ਼ਰਮਾ, ਹਰਮਨਜੀਤ ਕੌਰ, ਸਵਿੰਕਲ, ਮਨਪ੍ਰੀਤ ਲੂਥਰਾ, ਸਟੈਫੀ, ਸੁਨੀਤਾ ਸੁਖਵੀਰ ਕੌਰ, ਵੰਦਨਾ, ਪੁਪਿੰਦਰ ਕੌਰ, ਸ਼ਿਫਾਲੀ, ਸਵਿਤਾ, ਰਜਨੀ ਬਾਲਾ, ਰਜਨੀ ਖਾਨ, ਅਮਨਦੀਪ ਕੌਰ, ਪਰਮਪਾਲ, ਜੋਤੀ ਕੌਰ, ਜੋਤੀ ਸਿਧਾਣਾ, ਅਰਮਨ ਕੌਰ, ਸਿਮਰਜੀਤ ਕੌਰ, ਰਣਜੀਤ ਕੌਰ, ਪ੍ਰਵੀਨ ਕੌਰ, ਸੁਨੀਤਾ, ਏਕਤਾ ਤੇ ਨਿਸ਼ਠਾ ਦੇ ਨਾਲ ਨਾਲ ਕੁਲਦੀਪ ਸ਼ਰਮਾ, ਪ੍ਰਦੀਪ ਕੁਮਾਰ ਤੇ ਦੀਦਾਰ ਸਿੰਘ ਦਾ ਵੀ ਮਹੱਤਵਪੂਰਣ ਯੋਗਦਾਨ ਰਿਹਾ।

## ਝੱਖੜ ਕਾਰਨ ਹੋਏ ਨੁਕਸਾਨ ਬਾਰੇ ਧੂਰੀ ਵਿਕਾਸ ਮੰਚ ਵੱਲੋਂ ਐੱਸ ਡੀ ਐੱਮ ਨੂੰ ਮੰਗ ਪੱਤਰ

### ਪੀੜਤ ਆਪੋ-ਆਪਣੇ ਕੇਸ ਜਲਦ ਦਫ਼ਤਰ ਜਮ੍ਹਾਂ ਕਰਵਾਉਣ : ਐੱਸ ਡੀ ਐੱਮ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪਿਛਲੇ ਦਿਨੀਂ ਆਏ ਝੱਖੜ ਕਾਰਨ ਹੋਏ ਨੁਕਸਾਨ ਦੀ ਪੂਰਤੀ ਕਰਵਾਉਣ ਲਈ ਅੱਜ ਧੂਰੀ ਵਿਕਾਸ ਮੰਚ ਦੇ ਵਫ਼ਦ ਵੱਲੋਂ ਐੱਸ.ਡੀ.ਐੱਮ. ਧੂਰੀ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਮ 'ਤੇ ਮੰਗ ਪੱਤਰ ਸੌਂਪਿਆ ਗਿਆ।ਧੂਰੀ ਵਿਕਾਸ ਮੰਚ ਨੇ ਮੰਗ ਪੱਤਰ ਰਾਹੀਂ ਕਿਹਾ ਕਿ ਲੰਘੇ ਦਿਨੀਂ ਆਏ ਤੇਜ਼ ਝੱਖੜ, ਹਨੇਰੀ ਕਾਰਨ ਇਲਾਕੇ ਦੇ ਉਦਯੋਗਪਤੀਆਂ ਤੇ ਵਪਾਰੀਆਂ ਦੇ ਵਪਾਰਕ ਅਦਾਰਿਆਂ ਵਿੱਚ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ, ਜਿਸ ਦੀ ਪੂਰਤੀ ਲਈ ਸਰਕਾਰ ਤੋਂ ਆਰਥਿਕ ਸਹਾਇਤਾ ਦੀ ਮੰਗ ਕੀਤੀ ਗਈ ਹੈ, ਕਿਉਂਕਿ ਪਹਿਲਾਂ ਹੀ ਆਰਥਿਕ ਮੰਦਵਾੜੇ ਦਾ ਸ਼ਿਕਾਰ ਵਪਾਰੀਆਂ ਤੇ ਉਦਯੋਗਪਤੀਆਂ ਨੂੰ ਸਰਕਾਰ ਦੀ ਸੁਵੱਲ੍ਹੀ ਨਜ਼ਰ ਦੀ ਲੋੜ ਹੈ।

ਮੰਚ ਦੇ ਵਫ਼ਦ ਵੱਲੋਂ ਸ਼ਹਿਰ ਅੰਦਰਲੀ ਸੰਗਰੂਰ ਬਾਈਪਾਸ ਤੋਂ ਮਾਲੇਰਕੋਟਲਾ ਬਾਈਪਾਸ ਤੱਕ ਬਣ ਰਹੀ ਅੰਦਰੂਨੀ ਸੜਕ ਦੇ ਕੰਮ ਦੀ ਸੁਸਤ ਚਾਲ ਨੂੰ ਤੇਜ਼ ਕਰਨ ਦੀ ਮੰਗ ਵੀ ਕੀਤੀ ਤੇ ਐੱਸ.ਡੀ.ਐੱਮ. ਨੇ ਮੌਕੇ 'ਤੇ ਹੀ ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਨੂੰ ਕੰਮ ਵਿੱਚ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ।ਐੱਸ.ਡੀ.ਐੱਮ. ਵਿਕਾਸ ਹੀਰਾ ਨੇ ਝੱਖੜ ਕਾਰਨ ਹੋਏ ਨੁਕਸਾਨ ਦੇ ਪੀੜਤ ਕਾਰੋਬਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪੋ ਆਪਣੇ ਕੇਸ ਬਣਾ ਕੇ ਜਲਦੀ ਦਫ਼ਤਰ ਵਿੱਚ ਜਮ੍ਹਾਂ ਕਰਵਾਉਣ ਤਾਂ ਜੋ ਉਨ੍ਹਾਂ ਦੀ ਫੀਲਡ ਰਿਪੋਰਟ ਕਰਵਾ ਕੇ ਮੁਆਵਜ਼ੇ ਦੇ ਕੇਸ ਸਰਕਾਰ ਨੂੰ ਭੇਜੇ ਜਾ ਸਕਣ।ਇਸ ਮੌਕੇ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ, ਐਡਵੋਕੇਟ ਰਾਜੇਸ਼ਵਰ ਚੌਧਰੀ, ਪ੍ਰਧਾਨ ਅਮਨ ਗਰਗ, ਸਕੱਤਰ ਜਨਰਲ ਹੰਸ ਰਾਜ ਬਜਾਜ, ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ, ਸੁਰਿੰਦਰਪਾਲ ਸਿੰਘ ਨੀਟਾ, ਸ਼ੀਤਲ ਗਰਗ, ਵਿਨੋਦ ਕੁਮਾਰ ਮੋਦੀ, ਸੁਮਿਤ ਬਾਂਸਲ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ਼ ਚੰਦ ਫ਼ਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : **nawanzamana@gmail.com** * **Web : www.nawanzamana.in**

# ਐੱਲ ਪੀ ਯੂ ਦੀ ਤੀਜੀ ਏ ਆਈ ਯੂ ਨੈਸ਼ਨਲ ਵੂਮੈਨ ਸਟੂਡੈਂਟ ਪਾਰਲੀਮੈਂਟ 'ਚ ਸ਼ਾਨਦਾਰ ਜਿੱਤ



ਜਲੰਧਰ (ਸ਼ੈਲੀ ਐਲਬਰਟ)

ਪ੍ਰਤਿਭਾ, ਲੀਡਰਸ਼ਿਪ ਅਤੇ ਨਾਗਰਿਕ ਸ਼ਮੂਲੀਅਤ ਦੇ ਇੱਕ ਸ਼ਾਨਦਾਰ ਸੰਗਮ ਵਿੱਚ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ ਓਡੀਸ਼ਾ ਵਿੱਚ ਆਯੋਜਿਤ ਅਤੇ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ (ਏਆਈਯੂ) ਦੁਆਰਾ ਆਯੋਜਿਤ ਤੀਜੀ ਏਆਈਯੂ ਨੈਸ਼ਨਲ ਵੂਮੈਨ ਸਟੂਡੈਂਟ ਪਾਰਲੀਮੈਂਟ 2024-25 ਵਿੱਚ ਓਵਰਆਲ ਚੈਂਪੀਅਨ ਬਣ ਕੇ ਉਭਰੀ। ਇਸ ਸਮਾਗਮ ਨੇ ਭਾਰਤ ਭਰ ਦੀਆਂ 30 ਤੋਂ ਵੱਧ ਯੂਨੀਵਰਸਿਟੀਆਂ ਦੇ 200 ਤੋਂ ਵੱਧ ਚੋਟੀ ਦੇ ਵਿਦਿਆਰਥੀ ਪ੍ਰਤੀਨਿਧੀਆਂ ਇਕੱਠਾ ਹੋਏ। ਐਲਪੀਯੂ ਦੀ ਟੀਮ ਨੇ ਇੱਕ ਅਮਿੱਟ ਛਾਪ ਛੱਡੀ, ਛੇ ਚੋਟੀ ਦੇ ਸਨਮਾਨਾਂ ਵਿੱਚੋਂ ਚਾਰ ਪ੍ਰਾਪਤ ਕਰਨ ਵਾਲੀ ਇਕਲੌਤੀ ਯੂਨੀਵਰਸਿਟੀ ਬਣ ਗਈ । ਐਲਪੀਯੂ ਦੀ ਨੁਮਾਇੰਦਗੀ ਵਿਦੁਸ਼ੀ ਸਿੰਘ ਨੇ ਪ੍ਰਧਾਨ ਮੰਤਰੀ ਵਜੋਂ, ਸਵਾਸਤਿਕ ਬੀ ਨੇ ਪ੍ਰਧਾਨ ਵਜੋਂ ਅਤੇ ਦੀਆ ਤੋਮਰ ਨੇ ਵ੍ਹਿਪ ਵਜੋਂ ਕੀਤੀ। ਇਨ੍ਹਾਂ ਵਿਦਿਆਰਥੀਆਂ ਨੇ ਆਪਣੀ ਭਾਸ਼ਣ ਕਲਾ ਅਤੇ ਸੂਝ ਨਾਲ ਇਕੱਠ ਨੂੰ ਮੰਤਰਮੁਗਧ ਕਰ ਦਿੱਤਾ ਕਿਉਂਕਿ ਉਨ੍ਹਾਂ ਨੇ ਯੂਨੀਫਾਰਮ ਬਿੱਲ ਕੋਡ, ਦੂਰਸੰਚਾਰ ਬਿੱਲ ਅਤੇ ਇੱਕ ਰਾਸ਼ਟਰ ਇੱਕ ਚੋਣ ਵਰਗੇ ਗੁੰਝਲਦਾਰ ਰਾਸ਼ਟਰੀ ਮੁੱਦਿਆਂ ਨੂੰ ਸੰਬੋਧਿਤ ਕੀਤਾ। ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਉਨ੍ਹਾਂ ਨੂੰ ਚੋਟੀ ਦੇ ਵਿਅਕਤੀਗਤ ਪੁਰਸਕਾਰ ਦਿੱਤੇ, ਜਿਸ ਵਿੱਚ ਦੀਆ ਤੋਮਰ ਨੂੰ ਸਰਵੋਤਮ ਵ੍ਹਿਪ ਅਤੇ ਸਰਵੋਤਮ ਸਪੀਕਰ ਦੋਵਾਂ ਨਾਲ ਸਨਮਾਨਿਤ ਕੀਤਾ ਗਿਆ, ਸਵਾਸਤਿਕਾ ਬੀ ਨੂੰ ਸਰਵੋਤਮ ਸਪੀਕਰ ਚੁਣਿਆ ਗਿਆ। ਇਸ ਸ਼ਾਨਦਾਰ ਪ੍ਰਾਪਤੀ ਤੇ, ਐਲਪੀਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਅਤੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਸੰਧੂ ਨੇ ਟੀਮ ਨੂੰ ਵਧਾਈ ਦਿੱਤੀ ਅਤੇ ਉਤਸ਼ਾਹਿਤ ਕੀਤਾ। ਡਾ. ਰਸ਼ਮੀ ਮਿੱਤਲ ਨੇ ਜ਼ੋਰ ਦੇ ਕੇ ਕਿਹਾ ਕਿ ਐਲਪੀਯੂ ਹਰ ਖੇਤਰ ਵਿੱਚ ਮੋਹਰੀ ਹੈ।

# ਤਰਕਸ਼ੀਲ ਸੁਸਾਇਟੀ ਜ਼ੋਨ ਮਾਨਸਾ ਦੇ ਚੋਣ ਅਜਲਾਸ 'ਚ ਅੰਮ੍ਰਿਤ ਰਿਸ਼ੀ ਸਰਬਸੰਮਤੀ ਨਾਲ਼ ਬਣੇ ਜੱਥੇਬੰਦਕ ਮੁਖੀ



ਮਾਨਸਾ (ਆਤਮਾ ਸਿੰਘ ਪਮਾਰ)

ਤਰਕਸ਼ੀਲ ਸੁਸਾਇਟੀ ਪੰਜਾਬ ਜ਼ਿਲ੍ਹਾ ਮਾਨਸਾ ਦਾ ਅਜਲਾਸ ਟੀਚਰ ਹੋਮ ਮਾਨਸਾ ਵਿਖੇ ਸੂਬਾ ਆਗੂ ਗੁਰਪ੍ਰੀਤ ਸ਼ਹਿਣਾ ਦੀ ਪ੍ਰਧਾਨਗੀ ਹੇਠ ਹੋਇਆ।ਅਜਲਾਸ ਵਿੱਚ ਜ਼ਿਲ੍ਹਾ ਮਾਨਸਾ ਦੀਆਂ ਇਕਾਈਆਂ ਭੀਖੀ, ਮਾਨਸਾ, ਝੁਨੀਰ, ਖੀਵਾ ਅਤੇ ਬੁਢਲਾਡਾ ਨੇ ਭਾਗ ਲਿਆ।ਸ਼ੁਰੂ ਵਿੱਚ ਇਕਾਈਆਂ ਨੇ ਆਪਣਾ ਦੋ ਸਾਲ ਦਾ ਲੇਖਾ-ਜੋਖਾ ਤੇ ਕੀਤੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ।ਫਿਰ ਜ਼ੋਨ ਮਾਨਸਾ ਦੇ ਆਗੂ ਮਾ. ਲੱਖਾ ਸਿੰਘ, ਗੁਰਦੀਪ ਸਿੰਘ ਸਿੱਧੂ, ਭੁਪਿੰਦਰ ਫ਼ੌਜੀ ਤੇ ਕ੍ਰਿਸ਼ਨ ਮਾਨਬੀਬੜੀਆਂ ਨੇ ਆਪਣੇ ਦੋ ਸਾਲ ਦੇ ਕਾਰਜਕਾਲ ਦੇ ਕੰਮਾਂ ਨੂੰ ਡੈਲੀਗੇਟਾਂ ਦੇ ਸਾਹਮਣੇ ਰੱਖਿਆ।ਸੂਬਾ ਆਗੂ ਗੁਰਪ੍ਰੀਤ ਸ਼ਹਿਣਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਤਰਕਸ਼ੀਲ ਸੁਸਾਇਟੀ ਅੱਗੇ ਬਹੁਤ ਸਾਰੀਆਂ ਚੁਣੌਤੀਆਂ ਹਨ, ਹੁਣ ਕੇਵਲ ਗੱਲ ਅੰਧਵਿਸ਼ਵਾਸ ਦੀ ਹੀ ਨਹੀਂ ਰਹਿ ਗਈ ਹੁਣ ਹਕੂਮਤ ਦੇ ਜਬਰ ਖਿਲਾਫ਼ ਵੀ ਆਪਣੀ ਆਵਾਜ਼ ਬੁਲੰਦ ਕਰਨੀ ਪਵੇਗੀ।ਹਕੂਮਤ ਵੱਲੋਂ ਲਗਾਤਾਰ ਘੱਟ ਗਿਣਤੀਆਂ 'ਤੇ ਵਾਰ ਕੀਤੇ ਜਾ ਰਹੇ ਹਨ।ਸਭ ਜਥੇਬੰਦੀਆਂ ਨੂੰ ਰਲ ਕੇ ਇੱਕ ਮੰਚ 'ਤੇ ਇਕੱਠਾ ਹੋਣਾ ਪਵੇਗਾ।ਇਸ ਮੌਕੇ ਗੁਰਪ੍ਰੀਤ ਸ਼ਹਿਣਾ ਦੀ ਦੇਖ ਰੇਖ 'ਚ ਸਰਬਸੰਮਤੀ ਨਾਲ਼ ਅੰਮ੍ਰਿਤ ਰਿਸ਼ੀ ਨੂੰ ਜ਼ਿਲ੍ਹਾ ਮਾਨਸਾ ਦਾ ਜਥੇਬੰਦਕ ਮੁਖੀ ਚੁਣਿਆ ਗਿਆ।ਗੁਰਦੀਪ ਸਿੰਘ ਸਿੱਧੂ ਨੂੰ ਵਿੱਤ ਵਿਭਾਗ ਮੁਖੀ, ਮੀਡੀਆ ਵਿਭਾਗ ਮੁਖੀ ਭੁਪਿੰਦਰ ਫ਼ੌਜੀ, ਮਾਨਸਿਕ ਸਿਹਤ ਮਸ਼ਵਰਾ ਵਿਭਾਗ ਮੁਖੀ ਜਸਵੀਰ ਸੋਨੀ ਬੁਢਲਾਡਾ ਤੇ ਸੱਭਿਆਚਾਰ ਵਿਭਾਗ ਮੁਖੀ ਕ੍ਰਿਸ਼ਨ ਮਾਨਬੀਬੜੀਆਂ ਨੂੰ ਸਭ ਦੀ ਸਹਿਮਤੀ ਨਾਲ਼ ਚੁਣਿਆ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਬੰਸ ਸਿੰਘ ਢਿੱਲੋਂ, ਅਜੈਬ ਸਿੰਘ, ਮਾ. ਮਹਿੰਦਰ ਪਾਲ, ਜਸਪਾਲ ਅਤਲਾ, ਜਗਸੀਰ ਸਿੰਘ ਜੱਗੂ, ਧਰਮਿੰਦਰ ਸੋਨੀ, ਬੂਟਾ ਸਿੰਘ ਬੀਰ, ਅੰਮ੍ਰਿਤ ਪਾਲ, ਪਰਮਿੰਦਰ ਸਿੰਘ ਖੀਵਾ, ਗੁਰਪ੍ਰੀਤ ਸਿੰਘ, ਕੈਪਟਨ ਗੁਲਾਬ ਸਿੰਘ, ਬਲਕਾਰ ਸਿੰਘ ਅਤਲਾ ਅਤੇ ਸੁਖਵਿੰਦਰ ਸਿੰਘ ਆਦਿ ਆਗੂ ਵੀ ਹਾਜ਼ਰ ਸਨ।

## ਖਰੜ ਤੇ ਲਾਲੜੂ ਡਵੀਜ਼ਨਾਂ ਨੂੰ ਨਿੱਜੀ ਹੱਥਾਂ 'ਚ ਦੇਣ ਦੀ ਸਖ਼ਤ ਨਿੰਦਾ

ਤਰਨ ਤਾਰਨ (ਨ ਜ਼ ਸ)–ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਦਲਜੀਤ ਸਿੰਘ ਦਵੀ, ਭੁਪਿੰਦਰ ਸਿੰਘ ਨਦੋਹ, ਅਮਰਜੀਤ ਸਿੰਘ ਡਿੱਖੀਵਿੰਡ, ਸਰਨੈਲ ਸਿੰਘ ਬੰਠੇ ਭੈਣੀ, ਮੇਜਰ ਸਿੰਘ ਚਾਟੀਵਿੰਡ ਨੇ ਵਰਚੂਅਲ ਮੀਟਿੰਗ ਰਾਹੀਂ ਪੰਜਾਬ ਸਰਕਾਰ ਅਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਵੱਲੋਂ ਖਰੜ ਤੇ ਲਾਲੜੂ ਡਵੀਜ਼ਨਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਤਕਨੀਕੀ ਕਰਮਚਾਰੀਆਂ ਦੀਆਂ 60 ਫੀਸਦੀ ਅਸਾਮੀਆਂ ਨੂੰ ਰੈਗੂਲਰ ਭਰਤੀ ਕਰਨ ਦੀ ਬਜਾਏ ਨਿੱਜੀ ਹੱਥਾਂ ਵਿੱਚ ਸੌਂਪਿਆ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਪਬਲਿਕ ਸੈਕਟਰ ਦੇ ਵੱਡੇ ਅਦਾਰੇ ਦਾ ਭੋਗ ਪਾ ਕੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਤਕਨੀਕੀ ਬੇਰੁਜ਼ਗਾਰਾਂ ਨੂੰ ਲਾਂਭੇ ਕੀਤਾ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਖੇਤੀ ਅਤੇ ਕਿਸਾਨਾਂ ਕੋਲੋਂ ਪਬਲਿਕ ਅਦਾਰੇ ਲਈ ਐਕਵਾਇਰ ਕੀਤੀ ਜ਼ਮੀਨ ਨੂੰ ਕਿਸ਼ਤਾਂ ਵਿੱਚ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੀ ਹੈ ਜਿਸ ਦਾ ਕਿਸਾਨ, ਮਜ਼ਦੂਰ, ਮੁਲਾਜ਼ਮ ਮੰਚਾਂ ਵੱਲੋਂ ਤਿੱਖਾ ਅਤੇ ਡਟਵਾਂ ਵਿਰੋਧ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਤੇ ਮੈਨੇਜਮੈਂਟ ਇਹ ਫੈਸਲਾ ਤੁਰੰਤ ਵਾਪਸ ਲਵੇ ਅਤੇ ਖਾਲੀ ਪਈਆਂ ਅਸਾਮੀਆਂ 'ਤੇ ਨਵੀਂ ਰੈਗੂਲਰ ਭਰਤੀ ਕਰੇ ਜਿਸ ਨਾਲ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਹਰਦੀਪ ਸਿੰਘ ਬੰਠੇ ਭੈਣੀ, ਸਤਨਾਮ ਸਿੰਘ ਨਦੋਹ, ਲਖਵਿੰਦਰ ਸਿੰਘ ਸਿਖਪੁਰ, ਪਰਮਜੀਤ ਸਿੰਘ, ਸਰਜਿੰਦਰ ਸਿੰਘ ਸਾਬਾ, ਸੱਜਣ ਸਿੰਘ, ਧਰਮ ਸਿੰਘ ਕਲਸੀ ਆਦਿ ਆਗੂ ਵੀ ਹਾਜ਼ਰ ਸਨ।

## ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)–ਅੰਮ੍ਰਿਤਸਰ ਦਿਹਾਤੀ ਦੇ ਐੱਸ ਐੱਸ ਪੀ ਮਨਿੰਦਰ ਸਿੰਘ ਆਈ. ਪੀ. ਐੱਸ. ਵੱਲੋਂ ਟ੍ਰੈਫਿਕ ਨਿਯਮਾਂ ਦੀਆਂ ਉਲੰਘਣਾ ਕਰਨ ਵਾਲਿਆਂ ਵਿਰੁੱਧ ਮੁਹਿੰਮ ਨੂੰ ਦਿੱਤੀਆਂ ਸਖ਼ਤ ਹਦਾਇਤਾਂ ਅਨੁਸਾਰ ਅੱਜ ਮਜੀਠਾ ਹਲਕੇ ਵਿੱਚ ਪੈਂਦੇ ਇਤਿਹਾਸਕ ਕਸਬਾ ਚਵਿੰਡਾ ਦੇਵੀ ਵਿਖੇ ਇੰਸਪੈਕਟਰ ਚਰਨਜੀਤ ਸਿੰਘ ਵੱਲੋਂ ਆਪਣੀ ਪੁਲਸ ਪਾਰਟੀ ਨਾਲ ਟ੍ਰੈਫਿਕ ਨਿਯਮਾਂ ਦੀ ਨਾ ਪਾਲਣਾ ਕਰਨ ਵਾਲਿਆਂ ਵਿਰੁੱਧ 35 ਤੋਂ ਵੱਧ ਚਲਾਨ ਕੱਟੇ ਅਤੇ ਪਟਾਕੇ ਮਾਰਨ ਵਾਲੇ 3 ਮੋਟਰਸਾਈਕਲਾ ਨੂੰ ਬੌਂਡ ਕੀਤਾ ਗਿਆ।ਇਸ ਮੌਕੇ ਇੰਸਪੈਕਟਰ ਚਰਨਜੀਤ ਸਿੰਘ ਨੇ ਕਿਹਾ ਕਿ ਭੈੜੇ ਅਨਸਰਾਂ ਵਿਰੁੱਧ ਚਲਾਈ ਗਈ ਇਹ ਮੁਹਿੰਮ ਇਸੇ ਤਰ੍ਹਾਂ ਜਾਰੀ ਰਹੇਗੀ।ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਵਾਹਨਾਂ ਦੇ ਕਾਗਜ਼ ਪੱਤਰ ਪੂਰੇ ਰੱਖਣ।ਇਸ ਮੌਕੇ ਚੌਕੀ ਇੰਚਾਰਜ ਅਮਨਜੀਤ ਸਿੰਘ ਅਮਨ ਚਵਿੰਡਾ ਦੇਵੀ, ਕਮਲਜੀਤ ਸਿੰਘ, ਰਣਜੀਤ ਸਿੰਘ, ਇੰਦਰਮੋਹਣ ਸਿੰਘ, ਮੇਜਰ ਸਿੰਘ (ਸਾਰੇ ਏ ਐੱਸ ਆਈ) ਆਦਿ ਪੁਲਸ ਮੁਲਾਜ਼ਮ ਹਾਜ਼ਰ ਸਨ।

## ਨੁਸ਼ਹਿਰਾ ਮੋੜ ਤੋਂ ਸਟੇਡੀਅਮ ਨੂੰ ਜਾਣ ਵਾਲੀ ਸੜਕ ਦੀ ਸਾਰ ਲੈਣ ਦੀ ਮੰਗ

ਗੁਰਦਾਸਪੁਰ, (ਜਨਕ ਮਹਾਜਨ)–ਨਵਾਂ ਸ਼ਾਲਾ ਤੋਂ ਨੁਸ਼ਹਿਰਾ ਦੇ ਖੇਡ ਸਟੇਡੀਅਮ ਨੂੰ ਜਾਣ ਵਾਲੀ ਸੰਪਰਕ ਸੜਕ ਦੀ ਹਾਲਤ ਕਾਫੀ ਖਰਾਬ ਹੋਈ ਪਈ ਹੈ ਅਤੇ ਇਸ ਵਿੱਚ ਡੂੰਘੇ-ਡੂੰਘੇ ਟੋਏ ਪਏ ਹੋਣ ਕਾਰਨ ਰਾਹਗੀਰਾਂ ਨੂੰ ਕਾਫੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਅਕਾਲੀ ਆਗੂ ਯੂਥ ਹਰਪ੍ਰੀਤ ਸਿੰਘ ਸੈਣੀ ਨੇ ਦੱਸਿਆ ਕਿ ਇੱਕ ਸਾਲ ਤੋਂ ਪਿੰਡ ਨੁਸ਼ਹਿਰਾ ਦੇ ਸਟੇਡੀਅਮ ਨੂੰ ਜਾਣ ਵਾਲੀ ਸੜਕ ਟੁੱਟੀ ਪਈ ਹੈ ਅਤੇ ਸੜਕ ਵਿਚਕਾਰ ਟੋਏ ਹੋਣ ਕਾਰਨ ਲੋਕਾਂ ਦਾ ਜਨ ਜੀਵਨ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋ ਰਿਹਾ ਹੈ। ਉਨ੍ਹਾਂ ਕਿਹਾ ਇਸ ਸੜਕ ਤੋਂ ਅੱਧੀ ਦਰਜਨ ਦੇ ਕਰੀਬ ਪਿੰਡਾਂ ਦੇ ਲੋਕ ਆਉਂਦੇ-ਜਾਂਦੇ ਹਨ ਅਤੇ ਕਈ ਕਿਸਾਨ ਮੰਡੀ ਵਿੱਚ ਫਸਲ ਲਿਆਉਣ ਸਮੇਂ ਇਸ ਸੜਕ ਰਾਹੀਂ ਜਦੋਂ ਗੁਜ਼ਰਦੇ ਹਨ ਤਾਂ ਉਨ੍ਹਾਂ ਦੇ ਵਾਹਨ ਖਰਾਬ ਹੋ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਸੀਨੀਅਰ ਅਧਿਕਾਰੀਆਂ ਦੇ ਧਿਆਨ ਹਿੱਤ ਲਿਆਉਣ ਨੂੰ ਦੇ ਬਾਵਜੂਦ ਵੀ ਇਸ ਦਾ ਕੋਈ ਹੱਲ ਨਹੀਂ ਹੋਇਆ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਸੜਕ ਦੀ ਮੁਰੰਮਤ ਪਹਿਲ ਦੇ ਅਧਾਰ 'ਤੇ ਕਰਵਾਈ ਜਾਵੇ।



## ਸਵਿਤਾ ਮਰਵਾਹਾ ਦੀ ਗਿਆਰਵੀਂ ਬਰਸੀ ਮਨਾਈ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)–ਭਾਰਤੀ ਸਟੇਟ ਬੈਂਕ ਆਫ ਇੰਡੀਆ ਦੇ ਸਾਬਕਾ ਉਚ ਅਧਿਕਾਰੀ ਓਮ ਪ੍ਰਕਾਸ਼ ਮਰਵਾਹਾ ਦੀ ਧਰਮ ਪਤਨੀ ਸਵਰਗੀ ਸਵਿਤਾ ਮਰਵਾਹਾ ਦੀ ਗਿਆਰਵੀਂ ਬਰਸੀ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਵਿਖੇ ਮਨਾਈ ਗਈ।ਇਸ ਮੌਕੇ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ।ਅਰਦਾਸ ਕਰਨ ਉਪਰੰਤ ਸਵਰਗੀ ਸਵਿਤਾ ਮਰਵਾਹਾ ਨੂੰ ਆਏ ਹੋਏ ਪਤਵੰਤਿਆਂ ਵੱਲੋਂ ਸ਼ਰਧਾਂਜਲੀਆ ਭੇਟ ਕੀਤੀਆਂ ਗਈਆਂ।ਇਸ ਮੌਕੇ ਗੁਰੂ ਦਾ ਅਤੁਟ ਲੰਗਰ ਵਰਤਾਇਆ ਗਿਆ।ਇਸ ਮੌਕੇ ਉਨ੍ਹਾਂ ਦੇ ਪੁੱਤਰ ਸੁਸ਼ੀਲ ਕੁਮਾਰ ਪਿੰਕਾ ਮਰਵਾਹਾ, ਪੁੱਤਰ ਵਧੂ, ਅਰਪ ਮਰਵਾਹਾ, ਵਿੱਕੀ ਭੰਡਾਰੀ, ਕਰਨ ਭੱਲਾ, ਦਿਵਤ ਮਰਵਾਹਾ, ਪਲਵ ਮਰਵਾਹਾ, ਕੰਨਿਕਾ ਮਰਵਾਹਾ, ਨਿਸ਼ਾ ਭੱਲਾ, ਮਮਤਾ ਮਹਾਜਨ, ਰਵਿੰਦਰ ਮਹਾਜਨ, ਅਨੁਜ ਮਹਾਜਨ ਆਦਿ ਆਏ ਹੋਏ ਪਤਵੰਤੇ ਹਾਜ਼ਰ ਸਨ।

## ਸੇਮ ਨਾਲੇ ਦੀ ਸਫ਼ਾਈ ਤੇ ਡੂੰਘਾਈ ਨਾ ਹੋਣ ਕਾਰਨ ਕਿਸਾਨ ਪ੍ਰੇਸ਼ਾਨ

ਗੁਰਦਾਸਪੁਰ, (ਜਨਕ ਮਹਾਜਨ)–ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਪੈਂਦੇ ਪਿੰਡ ਚਾਵਾ ਤੇ ਪੁਰਾਣਾ ਸ਼ਾਲਾ ਵਿਚਕਾਰ ਵਗਦੇ ਸੇਮ ਨਾਲੇ ਦੀ ਸਫਾਈ ਤੇ ਡੂੰਘਾਈ ਨਾ ਹੋਣ ਕਾਰਨ ਇਸ ਵਿੱਚ ਲੰਬੀ-ਲੰਬੀ ਜੰਗਲੀ ਘਾਹ ਬੂਟੀ ਉੱਗੀ ਪਈ ਹੈ ਜਿਸ ਕਾਰਨ ਵਰਖਾ ਦੇ ਦਿਨਾਂ ਵਿੱਚ ਪਾਣੀ ਦਾ ਵਹਾਓ ਸਹੀ ਨਾ ਹੋਣ ਕਰਕੇ ਸੇਮ ਨਾਲੇ ਦਾ ਪਾਣੀ ਓਵਰਫਲੋ ਹੋ ਕੇ ਨਾਲੇ ਕੰਢੇ ਪੈਂਦੇ ਕਿਸਾਨਾਂ ਦੇ ਖੇਤਾਂ ਵਿੱਚ ਪੱਕੀ ਫਸਲ ਬਰਬਾਦ ਕਰ ਦਿੰਦਾ ਹੈ। ਪੰਜਾਬ ਸਰਕਾਰ ਵੱਲੋਂ ਹਰ ਸਾਲ ਬੇਟ ਖੇਤਰ ਅੰਦਰ ਸੇਮ ਨਾਲਿਆਂ ਦੀ ਸਫਾਈ ਡੂੰਘਾਈ ਲਈ ਲੱਖਾਂ ਰੁਪਏ ਖਰਚ ਜਾਂਦੇ ਹਨ ਪਰ ਉਸ ਦੇ ਬਾਵਜੂਦ ਵੀ ਕੁਝ ਨਾਲਿਆਂ ਵਿੱਚ ਜੜੀ ਬੂਟੀ ਉੱਗੀ ਪਈ ਆਮ ਵੇਖਣ ਨੂੰ ਮਿਲਦੀ ਹੈ। ਬੇਟ ਖੇਤਰ ਦੇ ਕਈ ਗਰੀਬ ਕਿਸਾਨਾਂ ਦਾ ਕਹਿਣਾ ਹੈ ਕਿ ਇਨ੍ਹਾਂ ਸੇਮ ਨਾਲਿਆਂ ਦੀ ਸਹੀ ਢੰਗ ਨਾਲ ਸਫਾਈ ਡੂੰਘਾਈ ਆਦਿ ਨਾ ਹੋਣ ਕਾਰਨ ਉਨ੍ਹਾਂ ਦੀ ਫਸਲ ਖਰਾਬ ਹੋ ਜਾਂਦੀ ਹੈ ਤੇ ਪਹਿਲਾਂ ਤੋਂ ਹੀ ਕਰਜਾਈ ਕਿਸਾਨ ਹੋਰ ਕਰਜ਼ਾਈ ਹੋ ਜਾਂਦੇ ਹਨ। ਬੇਟ ਖੇਤਰ ਦੇ ਕਿਸਾਨਾਂ ਦੀ ਡਰਨੇਜ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਹੈ ਕਿ ਬਰਸਾਤ ਦਾ ਮੌਸਮ ਸ਼ੁਰੂ ਹੋਣ ਤੋਂ ਪਹਿਲਾਂ-ਪਹਿਲਾਂ ਇਨ੍ਹਾਂ ਸੇਮ ਨਾਲਿਆਂ ਦੀ ਸਫਾਈ ਤੇ ਡੂੰਘਾਈ ਆਦਿ ਕਰਵਾ ਦਿੱਤੀ ਜਾਵੇ ਤਾਂ ਜੋ ਵਰਖਾ ਦੇ ਦਿਨ ਵਿੱਚ ਮੀਂਹ ਦਾ ਪਾਣੀ ਇਨ੍ਹਾਂ ਨਾਲਿਆਂ ਰਾਹੀਂ ਸਹੀ ਢੰਗ ਨਾਲ ਫਲੋ ਹੋ ਸਕੇ ਅਤੇ ਕਿਸਾਨਾਂ ਦੀ ਫਸਲ ਦਾ ਕੋਈ ਨੁਕਸਾਨ ਨਾ ਹੋ ਸਕੇ।



## 'ਗੁਰ ਸਾਖੀ ਜੋਤਿ ਪਰਗਟੁ ਹੋਇ' ਪੁਸਤਕ ਰਿਲੀਜ਼

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)–ਪੰਜਾਬੀ ਅਧਿਐਨ ਵਿਭਾਗ ਖਾਲਸਾ ਕਾਲਜ ਅੰਮ੍ਰਿਤਸਰ ਵੱਲੋਂ ਕਰਵਾਏ ਗਏ ਸਾਹਿਤ ਸਭਾ ਸਮਾਰੋਹ ਵਿਚ 'ਗੁਰਸਾਖੀ ਜੋਤਿ ਪਰਗਟੁ ਹੋਇ, ਡਾ. ਸੁਖਮਨਪ੍ਰੀਤ ਕੌਰ ਉਦੋਕੇ ਦੁਆਰਾ ਲਿਖੀ ਗਈ ਪੁਸਤਕ ਨੂੰ ਰਿਲੀਜ਼ ਕੀਤਾ ਗਿਆ।ਇਸ ਪੁਸਤਕ ਨੂੰ ਮਨੁੱਖਤਾ ਦੀ ਸੇਵਾ ਸੁਸਾਇਟੀ ਸੰਸਥਾ ਦੇ ਬਾਨੀ ਤੇ ਰੱਬੀ ਰੂਹ, ਇਨਸਾਨੀਅਤ ਦੇ ਪੁੰਜ ਗੁਰਪ੍ਰੀਤ ਸਿੰਘ ਮਿੰਟੂ ਦੁਆਰਾ ਰਿਲੀਜ਼ ਕੀਤਾ ਗਿਆ।ਇਸ ਰੱਬੀ ਰੂਹ ਦੀ ਨਿਸ਼ਕਾਮ ਸੇਵਾ ਸਿੱਖ ਸਮਾਜ ਨੂੰ ਹੀ ਨਹੀਂ ਸਗੋਂ ਪੂਰੇ ਸਮਾਜ ਨੂੰ ਹੀ ਨੈਤਿਕਤਾ ਵੱਲ ਪ੍ਰੇਰਦੀ ਹੈ।ਇਸ ਮੌਕੇ ਵਿਭਾਗ ਦੇ ਸਮੂਹ ਅਧਿਆਪਕਾ ਨੇ ਸੁਖਮਨਪ੍ਰੀਤ ਕੌਰ ਉਦੋਕੇ ਦੇ ਇਸ ਯਤਨ ਨੂੰ ਸਲਾਹਿਆ ਤਾਂ ਜੋ ਅੱਜ ਦੀ ਪੀੜ੍ਹੀ ਜੋ ਸਿੱਖ ਵਿਰਸੇ ਤੋ ਟੁੱਟਦੀ ਜਾ ਰਹੀ ਹੈ, ਉਹ ਮੁੜ ਆਪਣੇ ਸਿੱਖ ਵਿਰਸੇ ਵੱਲ ਪਰਤ ਆਵੇ।ਇਹ ਸਮਾਰੋਹ ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਅਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਪਰਮਿੰਦਰ ਸਿੰਘ ਦੁਆਰਾ ਆਯੋਜਿਤ ਕਰਵਾਇਆ ਗਿਆ।



# ਅਮਰੀਕਾ ਦੇ ਉਪ ਰਾਸ਼ਟਰਪਤੀ ਜੇ ਡੀ ਵੈਂਸ ਦਾ ਪੁਤਲਾ ਫੂਕਿਆ



ਨੰਗਲ (ਸੁਰਜੀਤ ਸਿੰਘ ਢੇਰ)

ਕੁੱਲ ਹਿੰਦ ਕਿਸਾਨ ਸਭਾ ਦੀ ਕੇਂਦਰੀ ਕਮੇਟੀ ਦੇ ਸੱਦੇ 'ਤੇ ਜ਼ਿਲ੍ਹਾ ਕਮੇਟੀ ਰੋਪੜ ਦੇ ਮੈਂਬਰਾਂ ਨੇ ਅਮਰੀਕਾ ਦੇ ਉਪ ਰਾਸ਼ਟਰਪਤੀ ਜੇ ਡੀ ਵੈਂਸ ਜੋ ਕਿ ਭਾਰਤ ਦੇ ਦੌਰੇ 'ਤੇ ਹਨ, ਦਾ ਰੋਸ ਵਜੋਂ ਪੁਤਲਾ ਫੂਕਿਆ ਤੇ ਵਾਪਸ ਜਾਓ ਦੇ ਨਾਅਰੇ ਲਗਾਏ ਗਏ।ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ , ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ, ਪਵਨ ਕੁਮਾਰ, ਮਹਿੰਦਰ ਸਿੰਘ ਸੰਗਤਪੁਰ ਸਮੇਤ ਹੋਰ ਕਿਸਾਨ ਆਗੂਆਂ ਨੇ ਕਿਹਾ ਕਿ ਅਮਰੀਕਾ ਦੇ ਉਪ ਰਾਸ਼ਟਰਪਤੀ ਜੇ ਡੀ ਵੈਂਸ ਭਾਰਤ ਵਿੱਚ ਪਹੁੰਚੇ ਹਨ। ਉਹ ਅਤੇ ਉਸ ਦੇ ਸਹਿਯੋਗੀ ਵਣਜ ਮੰਤ੍ਰੀ ਭਾਰਤ ਸਰਕਾਰ ਨਾਲ ਟੈਰਿਫ ਦੇ ਮਸਲੇ ਸਬੰਧੀ ਅਤੇ ਅਮਰੀਕਨ ਖੇਤੀ ਉਪਜਾਂ, ਦੁੱਧ ਨਾਲ ਬਣਨ ਵਾਲੀਆਂ ਵਸਤਾਂ,ਦਾਲਾਂ,ਤੇਲ ਬੀਜ ਆਦਿ ਲਈ ਭਾਰਤੀ ਬਜਾਰ ਖੋਲਣ ਦੀਆਂ ਰਿਆਇਤੀ ਹਾਸਲ ਕਰਨ ਲਈ ਭਾਰਤੀ ਕੇਂਦਰ ਸਰਕਾਰ ਨਾਲ ਗੱਲਬਾਤ ਕਰਨਗੇ। ਭਾਰਤੀ ਖੇਤੀ ਖੇਤਰ ਪਹਿਲਾ ਹੀ ਗਹਿਰੇ ਸੰਕਟ ਵਿੱਚ ਫਸਿਆ ਹੋਇਆ ਹੈ। ਮੋਦੀ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਖੇਤੀ ਖੇਤਰ ਨੂੰ ਭਾਰਤੀ ਤੇ ਵਿਦੇਸ਼ੀ ਕਾਰਪੋਰੇਟ ਸੈਕਟਰ ਦੇ ਹਵਾਲੇ ਕਰਨ ਲਈ ਪਹਿਲਾ ਹੀ ਰਸੇ-ਪੈੜੇ ਵੱਟ ਰਹੀ ਹੈ, ਹੁਣ ਉਹ ਅਮਰੀਕਨ ਸਾਮਰਾਜ ਦੇ ਦਾਬੇ ਥੱਲੇ ਭਾਰਤ ਨੂੰ ਉਥੇ ਦੀਆਂ ਵਸਤਾਂ ਦੀ ਖੁੱਲੀ ਮੰਡੀ ਬਣਾਉਣ ਲਈ ਤਿਆਰ ਹੋਈ ਜਾਪਦੀ ਹੈ। ਇਸੇ ਲਈ ਕਿਸੇ ਵੀ ਕੇਂਦਰੀ ਸਰਕਾਰ ਦੇ ਸਬੰਧਤ ਮੰਤਰੀ ਜਾਂ ਅਧਿਕਾਰੀ ਨੇ ਇਸ ਸਬੰਧ ਵਿੱਚ ਗੱਲਬਾਤ ਦੀ ਪੁਜੀਸ਼ਨ ਸਪੱਸ਼ਟ ਨਹੀਂ ਕੀਤੀ। ਇਹ ਬਹੁਤ ਹੀ ਨਿੰਦਣਯੋਗ ਚੁੱਪੀ ਹੈ।ਆਗੂਆਂ ਨੇ ਕਿਹਾ ਹੈ ਕਿ ਭਾਰਤੀ ਕਿਸਾਨ ਵਿਕਾਊ ਨਹੀਂ ਹੈ। ਮੋਦੀ ਸਰਕਾਰ ਅਮਰੀਕਨ ਦਬਾਅ ਹੇਠ ਪਹਿਲਾ ਹੀ ਹਰ ਪੱਖੋਂ ਉਸ ਦੀ ਪਿਛਲੱਗ ਬਣ ਚੁੱਕੀ ਹੈ। ਕੋਈ ਵੀ ਕਿਸਾਨ ਅਤੇ ਖੇਤੀ ਖੇਤਰ ਦੇ ਹਿਤਾਂ ਵਿਰੁੱਧ ਸੰਭਾਵਿਤ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਭਾਰਤ ਦਾ ਕਿਸਾਨ ਬਰਬਾਦ ਹੋ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਅਮਰੀਕਾ ਨਾਲ ਕੋਈ ਵੀ ਸਮਝੌਤਾ ਨਾ ਕੀਤਾ ਜਾਵੇ।ਇਸ ਮੌਕੇ 'ਤੇ ਬਜਿੰਦਰ ਪੰਡਤ, ਗੁਰਦੇਵ ਸਿੰਘ ਬਾਗੀ, ਭਗਤ ਸਿੰਘ ਬਿਕੋ, ਰਾਮ ਕਿਸ਼ਨ ਦਬਕੇਹੜਾ, ਪ੍ਰੇਮ ਸਿੰਘ ਅਟਵਾਲ,ਟੇਕ ਚੰਦ, ਚਰਨ ਸਿੰਘ ਅਟਵਾਲ,ਕੇਵਲ ਕ੍ਰਿਸ਼ਨ,, ਜਗੀਰ ਸਿੰਘ ਰੌਲੀ,ਗੁਰਨਾਮ ਸਿੰਘ ਧਾਰਨੀ,ਜੀਤ ਸਿੰਘ ਬਰਾਰੀ ਸਮੇਤ ਹੋਰ ਕਿਸਾਨ ਮਜ਼ਦੂਰ ਹਾਜ਼ਰ ਸਨ। ਕਿਸਾਨਾਂ ਨੇ ਅੱਡਾ ਮਾਰਕੀਟ ਤੋਂ ਪੈਦਲ ਮਾਰਚ ਕਰਦੇ ਹੋਏ ਬੱਸ ਸਟੈਂਡ ਦੇ ਨੇੜੇ ਉਪ ਮੰਡਲ ਮੈਜਿਸਟਰੇਟ ਦੇ ਗੇਟ ਸਾਹਮਣੇ ਜੇ ਡੀ ਵੈਂਸ ਦਾ ਪੁਤਲਾ ਫੂਕਿਆ ਤੇ ਜੰਮ ਕੇ ਨਾਅਰੇਬਾਜ਼ੀ ਕੀਤੀ।

# ਕੈਬਨਿਟ ਮੰਤਰੀ ਕਟਾਰੂਚੱਕ ਨੇ ਨਵ-ਨਿਯੁਕਤ ਟਰੱਸਟੀਆਂ ਨੂੰ ਵਧਾਈ ਦਿੱਤੀ

ਪਠਾਨਕੋਟ (ਦਵਿੰਦਰ ਸਿੰਘ)–ਨਗਰ ਸੁਧਾਰ ਟਰੱਸਟ ਪਠਾਨਕੋਟ ਵਿਖੇ ਸ੍ਰੀ ਵਿਭੂਤੀ ਸ਼ਰਮਾ ਚੇਅਰਮੈਨ ਨਗਰ ਸੁਧਾਰ ਟਰੱਸਟ ਪਠਾਨਕੋਟ ਦੀ ਪ੍ਰਧਾਨਗੀ ਵਿੱਚ ਇੱਕ ਵਿਸ਼ੇਸ਼ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ ਤੇ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਅਤੇ ਗੁਰਦੇਵ ਸਿੰਘ ਲਾਖਣਾ ਸਕੱਤਰ ਪੰਜਾਬ ਆਮ ਆਦਮੀ ਪਾਰਟੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਿਤ ਮਿੰਟੂ ਹਲਕਾ ਇੰਚਾਰਜ ਸੁਜਾਨਪੁਰ-ਕਮ-ਜ਼ਿਲਾ ਪ੍ਰਧਾਨ ਆਮ ਆਦਮੀ ਪਾਰਟੀ ਪਠਾਨਕੋਟ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਹੀ ਬਹੁਤ ਖੁਸ਼ੀ ਦਾ ਦਿਨ ਹੈ ਕਿ ਸਿਟੀ ਪਠਾਨਕੋਟ ਦੇ ਨਤਿੰਦਰ ਸਿੰਘ ਨਾਗਰਾ ਅਤੇ ਹਰਜੀਤ ਸਿੰਘ ਨੂੰ ਨਗਰ ਸੁਧਾਰ ਟਰੱਸਟ ਪਠਾਨਕੋਟ ਦੇ ਟਰੱਸਟੀ ਨਿਯੁਕਤ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਮੈਂ ਆਮ ਆਦਮੀ ਪਾਰਟੀ ਦੇ ਹਾਜ਼ਰ ਸਾਰੇ ਹੀ ਅਹੁਦੇਦਾਰਾਂ ਅਤੇ ਕਾਰਕਰਤਾਵਾਂ ਨੂੰ ਵਧਾਈ ਦਿੰਦਾ ਹਾਂ।ਇਸ ਦੇ ਨਾਲ ਹੀ ਦੋਵੇਂ ਟਰੱਸਟੀਆਂ ਦੇ ਤਾਜਪੋਸ਼ੀ ਸਮਾਰੋਹ ਵਿੱਚ ਸ਼ਾਮਲ ਸਾਰੇ ਹੀ ਆਮ ਆਦਮੀ ਪਾਰਟੀ ਦੇ ਕਾਰਜਕਰਤਾਵਾਂ ਨੂੰ ਵੀ ਸ਼ੁਭਕਾਮਨਾਵਾਂ ਦਿੰਦਾ ਹਾਂ।ਵਿਭੂਤੀ ਸ਼ਰਮਾ ਚੇਅਰਮੈਨ ਨਗਰ ਸੁਧਾਰ ਟਰੱਸਟ ਪਠਾਨਕੋਟ ਨੇ ਕਿਹਾ ਕਿ ਅੱਜ ਦੋ ਟਰੱਸਟੀਆਂ ਦੇ ਨਗਰ ਸੁਧਾਰ ਟਰੱਸਟ ਪਰਿਵਾਰ ਅੰਦਰ ਸ਼ਾਮਿਲ ਹੋਣ 'ਤੇ ਉਨ੍ਹਾਂ ਨੂੰ ਬਹੁਤ ਖੁਸ਼ੀ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ ਪੰਜ ਹੋਰ ਨਵੇਂ ਟਰੱਸਟੀਆਂ ਦੀ ਚੋਣ ਕੀਤੀ ਜਾਵੇਗੀ। ਇਸ ਮੌਕੇ ਨਵ-ਨਿਯੁਕਤ ਟਰੱਸਟੀ ਨਤਿੰਦਰ ਸਿੰਘ ਨਾਗਰਾ ਅਤੇ ਹਰਜੀਤ ਸਿੰਘ ਨੇ ਸੰਯੁਕਤ ਤੌਰ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਆਮ ਆਦਮੀ ਪਾਰਟੀ ਅਤੇ ਸ਼੍ਰੀ ਲਾਲ ਚੰਦ ਕਟਾਰੂ ਚੱਕ ਦੇ ਤਹਿ ਦਿਲ ਤੋਂ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਅੱਜ ਦੇ ਸਮਾਰੋਹ ਵਿੱਚ ਹਾਜ਼ਰ ਹੋ ਕੇ ਉਨ੍ਹਾਂ ਦਾ ਮਾਣ ਵਧਾਇਆ ਹੈ।ਉਨ੍ਹਾਂ ਕਿਹਾ ਕਿ ਅਸੀਂ ਆਉਣ ਵਾਲੇ ਸਮੇਂ ਦੌਰਾਨ ਸਿਟੀ ਪਠਾਨਕੋਟ ਦੇ ਅੰਦਰ ਉਹ ਵਿਕਾਸ ਕਾਰਜ ਜੋ ਬਹੁਤ ਦੇਰ ਤੋਂ ਪੈਂਡਿੰਗ ਪਏ ਹਨ ਉਨ੍ਹਾਂ ਨੂੰ ਪੂਰਿਆਂ ਕਰਾਂਗੇ ਅਤੇ ਸਿਟੀ ਪਠਾਨਕੋਟ ਨੂੰ ਹੋਰ ਵੀ ਬਿਹਤਰ ਬਣਾਉਣ ਲਈ ਉਪਰਾਲੇ ਕੀਤੇ ਜਾਣਗੇ।



# ਗੁਰਦੁਆਰਾ ਬਾਬਾ ਬਘੇਲ ਸਿੰਘ ਵਿਖੇ ਧਰਮ ਪ੍ਰਚਾਰ ਲਹਿਰ ਤਹਿਤ ਕਰਵਾਇਆ ਗੁਰਮਤਿ ਸਮਾਗਮ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਚਲਾਈ ਜਾ ਰਹੀ ਧਰਮ ਪ੍ਰਚਾਰ ਲਹਿਰ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਗਰ ਹਰਿਆਣਾ 'ਚ ਸਥਿਤ ਗੁਰਦੁਆਰਾ ਬਾਬਾ ਬਘੇਲ ਸਿੰਘ ਜੀ ਵਿਖੇ ਵਿਸ਼ਾਲ ਗੁਰਮਿਤ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸਖਸ਼ੀਅਤਾਂ ਨੇ ਹਾਜ਼ਰੀ ਭਰੀ।ਸਮਾਗਮ ਪ੍ਰਤੀ ਸੰਗਤ ਵਿਚ ਵੱਡਾ ਉਤਸ਼ਾਹ ਲਹਿਰ ਦੀ ਸਫਲਤਾ ਨੂੰ ਬਿਆਨ ਕਰਦਾ ਸੀ।ਧਰਮ ਪ੍ਰਚਾਰ ਲਹਿਰ ਦੇ ਅੰਤਰਗਤ ਬੀਤੀ 8 ਫਰਵਰੀ ਨੂੰ ਗੁਰਦੁਆਰਾ ਸ੍ਰੀ ਗਰਨਾ ਸਾਹਿਬ ਬੋਦਲ ਹੁਸ਼ਿਆਰਪੁਰ ਤੋਂ ਸ਼੍ਰੋਮਣੀ ਕਮੇਟੀ ਨੇ 100 ਵਲੰਟੀਅਰ ਪ੍ਰਚਾਰਕ ਸਿੰਘਾਂ ਨੂੰ ਜਥਿਆਂ ਦੇ ਰੂਪ ਵਿੱਚ ਪਿੰਡਾਂ ਲਈ ਰਵਾਨਾ ਕੀਤਾ ਗਿਆ ਸੀ, ਜਿਨ੍ਹਾਂ ਨੇ 250 ਤੋਂ ਵੱਧ ਪਿੰਡਾਂ ਤੱਕ ਪਹੁੰਚ ਕਰਕੇ ਜਿਥੇ ਬੱਚਿਆਂ ਨੂੰ ਗੁਰਮਤਿ ਕਲਾਸਾਂ ਰਾਹੀਂ ਧਰਮ ਇਤਿਹਾਸ ਦੀ ਸਿੱਖਿਆ ਦਿੱਤੀ ਉਥੇ ਨੌਜਵਾਨਾਂ ਨੂੰ ਕੇਸ ਰੱਖਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ।ਇਹ ਪ੍ਰਚਾਰਕ ਜਥੇ ਪਿੰਡਾਂ ਅੰਦਰ ਇੱਕ ਹਫਤੇ ਤੋਂ ਲੈ ਕੇ ਪੰਦਰਾਂ ਦਿਨ ਤੱਕ ਸਿੱਖੀ ਪ੍ਰਚਾਰ ਲਈ ਕਾਰਜਸ਼ੀਲ ਰਹੇ।ਜ਼ਿਲ੍ਹੇ ਅੰਦਰ ਕੀਤੇ ਧਰਮ ਪ੍ਰਚਾਰ ਤੋਂ ਬਾਅਦ ਨਗਰ ਹਰਿਆਣਾ ਵਿਚ ਕੀਤੇ ਮੁੱਖ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਸਥਾਪਨਾ ਤੋਂ ਹੀ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕਾਰਜ ਕਰ ਰਹੀ ਹੈ।ਸ਼੍ਰੋਮਣੀ ਕਮੇਟੀ ਦੇ ਬਜਟ ਦਾ ਵੱਡਾ ਹਿੱਸਾ ਇਸੇ ਕਾਰਜ ਲਈ ਖਰਚ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਮਕਸਦ ਬੱਚਿਆਂ ਨੂੰ ਆਪਣੇ ਵਿਰਸੇ ਤੋਂ ਜਾਣੂ ਕਰਵਾਉਣ ਦੇ ਨਾਲ ਨਾਲ ਕਿਸੇ ਕਾਰਨ ਧਰਮ ਤੋਂ ਭਟਕੇ ਹੋਇਆਂ ਨੂੰ ਮੁੜ ਧਰਮ ਨਾਲ ਜੋੜਨਾ ਹੈ।ਇਸ ਮਕਸਦ ਲਈ ਪੰਜਾਬ ਦੇ ਨਾਲ ਨਾਲ ਦੂਜੇ ਸੂਬਿਆਂ ਵਿਚ ਵੀ ਧਰਮ ਪ੍ਰਚਾਰ ਲਹਿਰ ਤਹਿਤ ਸਮਾਗਮ ਹੋ ਰਹੇ ਹਨ।ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਨੇ ਵਲੰਟੀਅਰ ਸਿੰਘ ਭਰਤੀ ਕਰਕੇ ਬਾਰਡਰ ਖੇਤਰਾਂ ਵਿੱਚ ਪਿੰਡਾਂ ਅੰਦਰ ਧਾਰਮਿਕ ਕੈਂਪ ਲਗਾਏ ਸਨ, ਜਿਸ ਪ੍ਰਤੀ ਸੰਗਤਾਂ ਨੇ ਵੱਡਾ ਉਤਸ਼ਾਹ ਦਿਖਾਇਆ ਸੀ। ਹੁਣ ਵੀ 100 ਦੇ ਕਰੀਬ ਵਲੰਟੀਅਰ ਅਤੇ ਪ੍ਰਚਾਰਕ ਸਿੰਘਾਂ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ 250 ਤੋਂ ਵੱਧ ਪਿੰਡਾਂ ਵਿੱਚ ਘਰ ਘਰ ਤੱਕ ਪਹੁੰਚ ਕਰਕੇ ਸੰਗਤਾਂ ਨੂੰ ਸਿੱਖ ਵਿਰਸੇ ਨਾਲ ਜੋੜਿਆ ਹੈ।ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਦੀ ਇਹ ਲਹਿਰ ਇਸੇ ਤਰ੍ਹਾਂ ਨਿਰੰਤਰ ਜਾਰੀ ਰਹੇਗੀ।ਉਨ੍ਹਾਂ ਮਿਲੇ ਸਹਿਯੋਗ ਲਈ ਸੰਗਤਾਂ ਦਾ ਧੰਨਵਾਦ ਵੀ ਕੀਤਾ।ਉਨ੍ਹਾਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਬੀਬੀ ਮਨਜੀਤ ਕੌਰ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਪ੍ਰਚਾਰ ਵਹੀਰ ਦੀ ਨਿਗਰਾਨੀ ਕੀਤੀ ਅਤੇ ਵਲੰਟੀਅਰ ਸਿੰਘਾਂ ਨੂੰ ਸਮੇਂ ਸਮੇਂ ਦਿਸ਼ਾ ਨਿਰਦੇਸ਼ ਦਿੱਤੇ।ਇਸ ਮੌਕੇ ਪ੍ਰਿੰਸੀਪਲ ਬੀਬੀ ਮਨਜੀਤ ਕੌਰ, ਬਾਬਾ ਬਲਬੀਰ ਸਿੰਘ, ਗੁਰਦੁਆਰਾ ਬਾਬਾ ਬਘੇਲ ਸਿੰਘ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰੇਸ਼ਮ ਸਿੰਘ, ਸੁਰਜੀਤ ਸਿੰਘ, ਪ੍ਰਿੰਸੀਪਲ ਹਰਜਿੰਦਰ ਸਿੰਘ, ਮੈਨੇਜਰ ਅਵਤਾਰ ਸਿੰਘ, ਗੁਰਦੁਆਰਾ ਸ੍ਰੀ ਗਰਨਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਸਰਤਾਜ ਸਿੰਘ, ਪ੍ਰਚਾਰਕ ਭਾਈ ਕਲਿਆਣ ਸਿੰਘ, ਭਾਈ ਅਮਰਜੀਤ ਸਿੰਘ ਜੰਡੀ, ਭਾਈ ਵਰਿਆਮ ਸਿੰਘ, ਭਾਈ ਗੁਰਜੰਟ ਸਿੰਘ ਤਿੱਬੜ ਆਦਿ ਹਾਜ਼ਰ ਸਨ।



# ਬਿਜਲੀ ਦੀਆਂ ਢਿੱਲੀਆਂ ਤਾਰਾਂ ਕਾਰਨ ਹਾਦਸਾ ਵਾਪਰਨ ਦਾ ਡਰ



ਗੁਰਦਾਸਪੁਰ, (ਜਨਕ ਮਹਾਜਨ)

ਪਾਵਰਕਾਮ ਦੀ ਸਬ-ਡਵੀਜ਼ਨ ਪੰਡੋਰੀ ਮਹੰਤਾਂ ਅੰਦਰ ਪੈਂਦੇ ਫੀਡਰ ਨਵਾਂ ਪਿੰਡ ਬਹਾਦਰ ਦੇ ਖੇਤਾਂ ਵਿੱਚ ਬਿਜਲੀ ਦੀਆਂ ਤਾਰਾਂ ਢਿੱਲੀਆਂ ਹੋਣ ਕਰਕੇ ਕਿਸੇ ਸਮੇਂ ਵੀ ਵੱਡਾ ਹਾਦਸਾ ਹੋ ਸਕਦਾ ਹੈ। ਪਿੰਡ ਦੇ ਕਿਸਾਨਾਂ ਨੇ ਦੱਸਿਆ ਕਿ ਮਹਿਕਮੇ ਦੇ ਅਧਿਕਾਰੀਆਂ ਨੂੰ ਇਸ ਸਬੰਧੀ ਜਾਣੂੰ ਵੀ ਕਰਵਾਇਆ ਜਾ ਚੁੱਕਿਆ ਹੈ ਪਰ ਫਿਰ ਵੀ ਉਹ ਇਸ ਪਾਸੇ ਧਿਆਨ ਨਹੀਂ ਦੇ ਰਹੇ। ਪਿੰਡ ਨੂੰ ਨੁਸ਼ਹਿਰਾ ਦੇ ਕਿਸਾਨਾਂ ਨੇ ਦੱਸਿਆ ਕਿ ਕਣਕ ਪੱਕੀ ਪਈ ਹੈ ਤੇ ਤਾਰਾਂ ਕਾਫੀ ਲੰਬੇ ਸਮੇਂ ਤੋਂ ਖੇਤਾਂ ਵਿੱਚ ਨੀਵੀਆਂ ਹੋਈਆਂ ਪਈਆਂ ਹਨ ਅਤੇ ਬਿਜਲੀ ਦੇ ਖੰਭੇ ਦੀ ਸਟੇਅ ਵੀ ਟੁੱਟੀ ਪਈ ਹੈ ਅਤੇ ਜਦੋਂ ਹਨੇਰੀ ਵਗੈਰਾ ਆਉਂਦੀ ਹੈ ਤਾਂ ਤਾਰਾਂ ਆਪਸ ਵਿੱਚ ਟਕਰਾਉਂਦੀਆਂ ਹਨ, ਜਿਨ੍ਹਾਂ ਵਿੱਚੋਂ ਚੰਗਿਆੜੇ ਨਿਕਲਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਤਾਰਾਂ ਹੇਠ ਕਣਕ ਦੀ ਫਸਲ ਪੱਕੀ ਪਈ ਹੈ। ਪਿੰਡਾਂ ਦੇ ਕਿਸਾਨਾਂ ਨੇ ਦੱਸਿਆ ਕਿ ਹਲਕੇ ਦੇ ਜੇ.ਈ. ਨੂੰ ਇਸ ਸਬੰਧੀ ਕਈ ਵਾਰ ਬੇਨਤੀਆਂ ਕੀਤੀਆਂ ਹਨ ਪਰ ਉਹ ਵੀ ਕਹਿ ਸੁਣੀ ਕਰ ਰਹੇ ਹਨ। ਉਨ੍ਹਾਂ ਕਿਹਾ ਬਿਜਲੀ ਦੀਆਂ ਢਿੱਲੀਆਂ ਤਾਰਾਂ ਨਾਲ ਜੇਕਰ ਕੋਈ ਹਾਦਸਾ ਵਾਪਰਦਾ ਹੈ ਤਾਂ ਉਸ ਲਈ ਖੁਦ ਬਿਜਲੀ ਵਿਭਾਗ ਜ਼ਿੰਮੇਵਾਰ ਹੋਵੇਗਾ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਢਿੱਲੀਆਂ ਤਾਰਾਂ ਨੂੰ ਉੱਚਾ ਕਰਵਾਉਣ ਲਈ ਐੱਸ. ਈ. ਗੁਰਦਾਸਪੁਰ ਨੂੰ ਹਦਾਇਤਾਂ ਕੀਤੀਆਂ ਜਾਣ ਜਿਸ ਨਾਲ ਕਿਸਾਨਾਂ ਦੀ ਫਸਲ ਨੁਕਸਾਨ ਹੋਣ ਤੋਂ ਬਚਾਅ ਹੋ ਸਕੇ।

# ਖ਼ਾਲਸਾ ਕਾਲਜ ਵਿਖੇ ਸੁੰਦਰ ਦਸਤਾਰ ਮੁਕਾਬਲੇ ਕਰਵਾਏ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)—ਖ਼ਾਲਸਾ ਕਾਲਜ ਦੇ 'ਗੁਰਮਤਿ ਸਟੱਡੀ ਸੈਂਟਰ' ਦੇ ਸਹਿਯੋਗ ਨਾਲ 'ਸਿੱਖ ਇਤਿਹਾਸ ਖੋਜ ਕੇਂਦਰ' ਵਿਖੇ ਖ਼ਾਲਸਾ ਸਾਜਨਾ ਦਿਵਸ ਦੇ ਸਬੰਧ 'ਚ ਸਮੁੱਚੀਆਂ ਖ਼ਾਲਸਾ ਸੰਸਥਾਵਾਂ ਦੇ ਅੰਤਰ-ਕਾਲਜ ਸੁੰਦਰ ਦਸਤਾਰ ਮੁਕਾਬਲੇ ਕਰਵਾਏ ਗਏ।ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਉਕਤ ਪ੍ਰੋਗਰਾਮ ਮੌਕੇ ਖ਼ਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਡਾ. ਮਹਿਲ ਸਿੰਘ ਨੇ ਵਿਦਿਆਰਥੀਆਂ ਨੂੰ ਦਸਤਾਰ ਦੀ ਇਤਿਹਾਸਕ ਮਹੱਤਤਾ ਅਤੇ ਅਹਿਮੀਅਤ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਦਸਤਾਰ ਸਿੱਖ ਦੀ ਪਹਿਚਾਨ ਦੀ ਪ੍ਰਤੀਕ ਹੈ।ਉਨ੍ਹਾਂ ਕਿਹਾ ਕਿ ਕੇਸਾਂ ਦੀ ਸਾਂਭ-ਸੰਭਾਲ ਲਈ ਸਿੱਖ ਲਈ ਦਸਤਾਰ ਸਜਾਉਣਾ ਲਾਜ਼ਮੀ ਹੈ। ਸਿੱਖ ਧਰਮ 'ਚ ਦਸਤਾਰ ਦਾ ਅਧਿਆਤਮਿਕ, ਸੱਭਿਆਚਾਰਕ ਅਤੇ ਸਮਾਜਿਕ ਮਹੱਤਵ ਹੈ।ਉਨ੍ਹਾਂ ਕਿਹਾ ਕਿ ਆਪਣੀਆਂ ਖ਼ਾਲਸਾਈ ਰਹੁ-ਰੀਤਾਂ ਅਤੇ ਪ੍ਰੰਪਰਾਵਾਂ ਨੂੰ ਮੁੱਖ ਰੱਖ ਕੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਵੱਖ-ਵੱਖ ਧਾਰਮਿਕ ਗਤੀਵਿਧੀਆਂ ਕਰਵਾਕੇ ਵਿਦਿਆਰਥੀਆਂ 'ਚ ਖ਼ਾਲਸਾਈ ਜਾਹੋ-ਜਲਾਲ ਨੂੰ ਬਰਕਰਾਰ ਰੱਖਦੀ ਹੈ।ਇਸ ਦੌਰਾਨ ਡਾ. ਰੰਧਾਵਾ ਨੇ ਕਿਹਾ ਕਿ ਉਕਤ ਮੁਕਾਬਲਿਆਂ 'ਚ ਖ਼ਾਲਸਾ ਸੰਸਥਾਵਾਂ ਨਾਲ ਸਬੰਧਿਤ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ (ਲੜਕੇ ਅਤੇ ਲੜਕੀਆਂ) ਨੇ ਹਿੱਸਾ ਲਿਆ।ਉਨ੍ਹਾਂ ਕਿਹਾ ਕਿ ਦਸਤਾਰ ਸਜਾਉਣ ਮੁਕਾਬਲਿਆਂ 'ਚ ਲੜਕਿਆਂ 'ਚੋਂ ਖਾਲਸਾ ਕਾਲਜ ਦੇ ਜਸਕਰਨ ਸਿੰਘ, ਸਿਮਰਨ ਸਿੰਘ ਅਤੇ ਹਰਮਨ ਸਿੰਘ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਅਤੇ ਖਾਲਸਾ ਕਾਲਜ ਆਫ਼ ਲਾਅ ਦੇ ਵਿਦਿਆਰਥੀ ਸਹਿਲਪ੍ਰੀਤ ਸਿੰਘ ਨੇ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ।ਉਨ੍ਹਾਂ ਕਿਹਾ ਕਿ ਲੜਕੀਆਂ ਦੇ ਦੁਮਾਲਾ ਸਜਾਉਣ ਮੁਕਾਬਲੇ 'ਚ ਰਾਜਬੀਰ ਕੌਰ ਖ਼ਾਲਸਾ ਕਾਲਜ, ਦੂਸਰਾ ਸਥਾਨ ਨਵਪ੍ਰੀਤ ਕੌਰ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫ਼ਾਰ ਵੂਮੈਨ ਅਤੇ ਤੀਸਰੇ ਸਥਾਨ ਮਾਇਆਦੀਪ ਕੌਰ, ਖ਼ਾਲਸਾ ਕਾਲਜ ਫ਼ਾਰ ਵੂਮੈਨ ਅਤੇ ਪਵਨਪ੍ਰੀਤ ਕੌਰ ਖ਼ਾਲਸਾ ਕਾਲਜ ਨੇ ਵਿਸ਼ੇਸ਼ ਸਥਾਨ ਹਾਸਲ ਕੀਤਾ।ਇਸ ਮੌਕੇ ਸ: ਗੁਰਪਿੰਦਰ ਸਿੰਘ, ਸਹਿਜਦੀਪ ਸਿੰਘ, ਡਾ. ਰਣਦੀਪ ਸਿੰਘ, ਨਵਜੋਤ ਕੌਰ ਅਤੇ ਡਾ. ਪਵਨਪ੍ਰੀਤ ਕੌਰ ਵੱਲੋਂ ਜੱਜਾਂ ਦੀ ਭੂਮਿਕਾ ਨਿਭਾਈ ਗਈ।ਇਸ ਮੌਕੇ ਪ੍ਰਿੰ: ਡਾ. ਰੰਧਾਵਾ ਅਤੇ ਵਿਸ਼ੇਸ਼ ਮਹਿਮਾਨ ਗੁਰਮਤਿ ਸਟੱਡੀ ਸੈਂਟਰ ਦੇ ਇੰਚਾਰਜ ਅਤੇ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ।ਇਸ ਮੌਕੇ ਡਾ. ਹਰਦੇਵ ਸਿੰਘ, ਡਾ. ਸੁਖਪਾਲ ਸਿੰਘ, ਡਾ. ਸ਼ਮਸ਼ੇਰ ਸਿੰਘ ਆਦਿ ਵੀ ਹਾਜ਼ਰ ਸਨ।



# ਦਿਵਯ ਜਯੋਤੀ ਜਾਗਰਤੀ ਸੰਸਥਾਨ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

ਤਰਨ ਤਾਰਨ (ਪ੍ਰਿਤਪਾਲ ਸਿੰਘ)

ਦਿਵਯ ਜਯੋਤੀ ਜਾਗਰਤੀ ਸੰਸਥਾਨ ਦੁਆਰਾ ਤਰਨ ਤਾਰਨ ਆਸ਼ਰਮ ਅੰਦਰ ਪੰਚਮ ਪਾਤਸਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੀ ਧੂਮਧਾਮ ਦੇ ਨਾਲ ਮਨਾਇਆ ਗਿਆ। ਇਸ ਮੌਕੇ ਸਾਧਵੀ ਰਮਨਦੀਪ ਭਾਰਤੀ ਨੇ ਕਿਹਾ ਕਿ ਕੇਵਲ ਸੰਤਾਂ ਮਹਾਂਪੁਰਸ਼ਾਂ ਨੂੰ ਯਾਦ ਕਰ ਲੈਣ ਦੇ ਨਾਲ ਉਨ੍ਹਾਂ ਦੇ ਉਪਦੇਸ਼ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਦਾ ਉਦੇਸ਼ ਡੂੰਘੇ ਖੱਡਿਆਂ ਵਿੱਚ ਗਰਕ ਹੋ ਕੇ ਪੱਤ ਵਿਹੂਣਾ ਜੀਵਨ ਬਸਰ ਕਰ ਰਹੀ ਲੁਕਾਈ ਨੂੰ ਸੱਚ ਦੇ ਮਾਰਗ ਦੇ ਪਾਂਧੀ ਬਣਾਉਣਾ ਸੀ। ਮਹਾਂਪੁਰਸ਼ ਜਗਤ ਵਿੱਚ ਅਮਨ ਸ਼ਾਂਤੀ ਅਤੇ ਇਨਸਾਨੀ ਭਾਈਚਾਰਾ ਕਾਇਮ ਕਰਨ ਲਈ ਅਤੇ ਧਰਮਾਂ ਦੇ ਨਾਮ ਤੇ ਪਾਈਆਂ ਵੰਡੀਆਂ ਅਤੇ ਵਖਰੇਵਿਆਂ ਤੋਂ ਪਾਰ ਮਨੁੱਖਤਾ ਅੰਦਰ ਸਾਂਝੇ ਅਤੇ ਸਦੀਵੀ ਤੱਤ ਨੂੰ ਪਛਾਨਣ ਦੀ ਜਾਚ ਸਿਖਾਉਣ ਆਉਂਦੇ ਹਨ। ਗੁਰੂ ਅਰਜਨ ਦੇਵ ਜੀ ਉਸ ਸਮੇਂ ਦੇ ਪੂਰਨ ਗੁਰੂ ਹੋਏ ਜਿਨਾਂ ਦੇ ਜੀਵਨ ਦਾ ਹਰ ਇੱਕ ਪਹਿਲੂ ਆਪਣੇ ਆਪ ਵਿੱਚ ਬੇਮਿਸਾਲ, ਲਾਸਾਨੀ, ਵਿਸਮਾਦੀ ਅਤੇ ਅਦਭੁੱਤ ਸੀ। ਉਨ੍ਹਾਂ ਦੇ ਵਿਅਕਤੀਤਵ ਨੂੰ ਬਿਆਨ ਕਰਨ ਲਈ ਹਰ ਇੱਕ ਕਲਮ ਅਸਮੱਰਥ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਇੱਕ ਮਹਾਨ ਵਿਦਵਾਨ ਹੋਣ ਦੇ ਨਾਲ ਨਾਲ ਪ੍ਰਭੂ ਭਗਤੀ ਅਤੇ ਰੂਹਾਨੀ ਵਿਚਾਰਾਂ ਦੀ ਡੂੰਘਾਈ ਤੱਕ ਪੁੱਜੇ ਹੋਏ ਸਨ। ਆਪ ਦੀ ਬਾਣੀ ਸਮੁੱਚੇ ਵਿਸ਼ਵ ਨੂੰ ਸੰਬੋਧਿਤ ਹੈ। ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਨ ਤੱਪਸਵੀ, ਨਿਮਰਤਾ ਦੇ ਪੁੰਜ, ਦਇਆ ਦੇ ਸਾਗਰ ਤੇ ਲੋਕ ਕਲਿਆਣ ਵਿੱਚ ਲੀਨ ਮਹਾਂਪੁਰਸ਼ ਸਨ। ਗੁਰੂ ਸਾਹਿਬ ਨੇ ਇੱਕ ਚੰਗਾ ਬੁਨਿਆਦੀ ਢਾਂਚਾ ਤਿਆਰ ਕਰਨ ਦੇ ਲਈ ਕਈ ਸਮਾਜਿਕ ਕੰਮ ਵੀ ਕੀਤੇ। ਉਹ ਤਿਆਗ ਦੀ ਮੂਰਤੀ ਤੇ ਪ੍ਰਭੂ ਭਗਤੀ ਦੇ ਮਹਾਨ ਸਰੋਤ ਸਨ। ਉਨ੍ਹਾਂ ਦੀ ਸੰਪੂਰਨ ਬਾਣੀ ਭਗਤੀ ਭਾਵ ਤੇ ਆਨੰਦ ਨਾਲ ਭਰੀ ਹੋਈ ਹੈ ਜਿਸ ਨੂੰ ਪੜ੍ਹ ਕੇ ਪ੍ਰਭੂ ਨੂੰ ਮਿਲਣ ਦੀ ਤਾਂਘ ਪੈਦਾ ਹੋ ਜਾਂਦੀ ਹੈ। ਅਗਰ ਅੱਜ ਅਸੀਂ ਵੀ ਚਾਹੁੰਦੇ ਹਾਂ ਕਿ ਐਸਾ ਆਨੰਦ ਮਿਲੇ ਜੋ ਸਦਾ ਹੀ ਰਹੇ ਤਾਂ ਜ਼ਰੂਰਤ ਹੈ ਸੰਤਾਂ ਮਹਾਂਪੁਰਸ਼ਾਂ ਦੀ ਬਾਣੀ ਮੁਤਾਬਕ ਆਪਣੇ ਜੀਵਨ ਨੂੰ ਜਾਨਣ ਦੀ। ਪੂਰਨ ਸੰਤ ਜੀਵਨ ਅੰਦਰ ਆ ਕੇ ਉਸ ਰਹੱਸ ਨੂੰ ਖੋਲ੍ਹ ਦਿੰਦਾ ਹੈ ਜਿਸ ਨੂੰ ਅਸੀਂ ਅੱਜ ਭੁੱਲ ਚੁੱਕੇ ਹਾਂ। ਸੋ ਅਸੀਂ ਵੀ ਗੁਰੂ ਸਾਹਿਬ ਦੁਆਰਾ ਦਰਸਾਏ ਗਏ ਮਾਰਗ ਦੇ ਰਾਹੀ ਬਣੀਏ ਤੇ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰੀਏ। ਪ੍ਰੋਗਰਾਮ ਦੇ ਦੌਰਾਨ ਸਾਧਵੀ ਨਾਯਨਾ ਭਾਰਤੀ, ਸਾਧਵੀ ਸਪਿਰਾ ਭਾਰਤੀ ਨੇ ਗੁਰਬਾਣੀ ਸਬਦ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।



# ਰੰਧਾਵਾ ਵੱਲੋਂ ਪੀ ਐੱਮ ਸ਼੍ਰੀ ਸ ਸੀ ਸੰਕੈ. ਸਮਾਰਟ ਸਕੂਲ (ਲੜਕੀਆਂ) ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਸਿੱਖਿਆ ਖੇਤਰ ਨੂੰ ਬਿਹਤਰੀਨ ਬਣਾਉਣ ਵਾਸਤੇ ਵਿੱਢੀ ਗਈ ਮੁਹਿੰਮ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਵਿੱਚ ਮਿਸਾਲੀ ਵਿਕਾਸ ਕਾਰਜ ਕੀਤੇ ਗਏ ਹਨ ਅਤੇ ਕਰਵਾਏ ਜਾ ਰਹੇ ਹਨ, ਜਿਸ ਨਾਲ ਸੂਬੇ ਦਾ ਸਿੱਖਿਆ ਢਾਂਚਾ ਦੇਸ਼ ਭਰ ਲਈ ਮਿਸਾਲ ਬਣਿਆ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਪੀ ਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੀਆਂ) ਡੇਰਾ ਬਾਬਾ ਨਾਨਕ ਵਿੱਚ ਹੋਏ ਵਿਕਾਸ ਕਾਰਜਾਂ ਨੂੰ ਲੋਕ ਅਰਪਿਤ ਕਰਨ ਮੌਕੇ ਕੀਤਾ।ਇਸ ਮੌਕੇ ਸਕੂਲ ਵੱਲੋਂ ਬਾਬਾ ਸ਼੍ਰੀ ਚੰਦ ਆਡੀਟੋਰੀਅਮ ਵਿਖੇ ਇੱਕ ਸ਼ਾਨਦਾਰ ਸਮਾਗਮ ਦੌਰਾਨ ਸਕੂਲ ਦੇ ਬੱਚਿਆਂ ਵੱਲੋਂ ਧਾਰਮਿਕ ਗੀਤ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਉਪਰੰਤ ਪ੍ਰਿੰਸੀਪਲ ਮੈਡਮ ਰੁਪਿੰਦਰ ਜੀਤ ਧਾਲੀਵਾਲ ਵੱਲੋਂ ਸਕੂਲ ਦੀ ਸਲਾਨਾ ਰਿਪੋਰਟ ਪੜ੍ਹੀ ਗਈ ।ਇਸ ਪ੍ਰੋਗਰਾਮ ਦੌਰਾਨ ਹਾਜ਼ਰੀਨਾਂ ਨੂੰ ਸੰਬੋਧਨ ਕਰਦਿਆਂ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਸਕੂਲ ਦੇ 7 ਸਮਾਰਟ ਕਲਾਸ ਰੂਮਾਂ ਦੀ ਰਿਪੇਅਰ ਲਈ 5 ਲੱਖ 95 ਹਜ਼ਾਰ ਰੁਪਏ ਦੀ ਗ੍ਰਾਂਟ ਅਤੇ ਸਕੂਲ ਦੀ 30 ਮੀਟਰ ਚਾਰ ਦਿਵਾਰੀ ਦੀ ਰਿਪੇਅਰ ਲਈ 1 ਲੱਖ 50 ਹਜ਼ਾਰ ਦੀ ਗ੍ਰਾਂਟ ਜਾਰੀ ਕੀਤੀ ਗਈ ਸੀ, ਸਕੂਲ ਵੱਲੋਂ ਇਹ ਵਿਕਾਸ ਕਾਰਜ ਪੂਰੇ ਕੀਤੇ ਜਾ ਚੁੱਕੇ ਹਨ, ਜਿਸ ਦਾ ਅੱਜ ਉਦਘਾਟਨ ਕੀਤਾ ਗਿਆ ਹੈ।ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਲਗਾਤਾਰ ਸੁਧਾਰ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਕੋਈ ਸਮਾਂ ਸੀ ਜਦੋਂ ਆਮ ਵਿਅਕਤੀ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਹੀ ਤਰਜੀਹ ਦਿੰਦੇ ਸਨ ਪ੍ਰੰਤੂ ਮੌਜੂਦਾ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਗਏ ਇਤਿਹਾਸਕ ਉਪਰਾਲਿਆਂ ਸਦਕਾ ਅੱਜ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖ਼ਲੇ ਦੀ ਗਿਣਤੀ ਵਿੱਚ ਵੱਡਾ ਇਜ਼ਾਫਾ ਹੋਇਆ ਹੈ।ਉਨ੍ਹਾਂ ਕਿਹਾ ਕਿ ਮੇਰਾ ਇੱਕ ਸੁਪਨਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਵੀ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਬਹੁਤ ਵਧੀਆ ਸਹੂਲਤਾਂ ਮਿਲਣ ਤਾਂ ਜੋ ਸਾਡੇ ਬੱਚੇ ਵੀ ਪ੍ਰਾਈਵੇਟ ਸਕੂਲਾਂ ਦੀ ਬਜਾਏ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਕਰਨ ।ਇਸ ਮੌਕੇ ਪ੍ਰਿੰਸੀਪਲ ਮੈਡਮ ਰੁਪਿੰਦਰ ਜੀਤ ਧਾਲੀਵਾਲ ਦੀ ਅਗਵਾਈ ਵਿੱਚ ਸਮੂਹ ਸਕੂਲ ਸਟਾਫ ਵੱਲੋਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੂੰ ਮੰਗ ਪੱਤਰ ਦੇਣ ਉਪਰੰਤ ਯਾਦਗਾਰੀ ਚਿੰਨ੍ਹ ਤੇ ਦੁਸ਼ਾਲਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ ।ਇਸ ਪ੍ਰਿੰਸੀਪਲ ਮੈਡਮ ਰੁਪਿੰਦਰ ਜੀਤ ਧਾਲੀਵਾਲ ਵੱਲੋਂ ਸਮੂਹ ਹਾਜ਼ਰੀਨ ਦਾ ਧੰਨਵਾਦ ਵੀ ਕੀਤਾ ਗਿਆ।ਇਸ ਮੌਕੇ ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ,ਪੀ ਏ ਲਵਪ੍ਰੀਤ ਸਿੰਘ, ਆਪ ਆਗੂ ਬਿੱਟਾ ਮਹਾਜਨ, ਮੀਤ ਪ੍ਰਧਾਨ ਨਗਰ ਕੌਂਸਲ ਕੁਲਵਿੰਦਰ ਸਿੰਘ ਬੇਦੀ (ਜੁਗਨੂੰ) ਕੌਂਸਲਰ ਰਜਤ ਮਰਵਾਹਾ, ਕੌਂਸਲਰ ਹਰਿੰਦਰ ਸਿੰਘ ਰੰਧਾਵਾ, ਕੌਂਸਲਰ ਸੁਖਜਿੰਦਰ ਸਿੰਘ ਪੱਖੋਕੇ, ਬਲਕਾਰ ਸਿੰਘ ਫੌਜੀ, ਸਾਬਕਾ ਕੌਂਸਲਰ ਬਲਦੇਵ ਰਾਜ ਡਾਇਮੰਡ, ਰਾਜਾ ਮੱਲੀ, ਹਰਜੀਤ ਸਿੰਘ ਠੇਠਰਕੇ, ਹਲਕਾ ਕੋਆਰਡੀਨੇਟਰ (ਸਿੱਖਿਆ) ਹਰਮਿੰਦਰ ਸਿੰਘ ਪੰਛੀ, ਮੇਜਰ ਸਿੰਘ ਠੇਠਰਕੇ, ਹਰਪ੍ਰੀਤ ਸਿੰਘ ਹੈਪੀ ਸਰਪੰਚ ਬਹਿਲੋਲਪੁਰ, ਇੰਦਰਜੀਤ ਸਿੰਘ ਚਾਕਾਵਾਲੀ, ਸ਼ੁਭਕਰਨ ਸਿੰਘ ਠੇਠਰਕੇ, ਡਾਕਟਰ ਗੁਰਦੇਵ ਸਿੰਘ, ਸਕੂਲ ਸਟਾਫ ਮੈਂਬਰ ਮੈਡਮ ਦਵਿੰਦਰ ਕੌਰ, ਗੁਰਮੀਤ ਕੌਰ, ਸੁਖਜਿੰਦਰ ਕੌਰ, ਅਮਨਪ੍ਰੀਤ ਕੌਰ, ਮਾਸਟਰ ਪਲਵਿੰਦਰ ਸਿੰਘ, ਜਗਜੀਤ ਸਿੰਘ, ਲਵ ਕੁਮਾਰ, ਗੌਰਵ ਸ਼ਰਮਾ, ਹਤਿੰਦਰ ਸਿੰਘ, ਨਰਿੰਦਰ ਸਿੰਘ, ਅਪਰ ਅਪਾਰ ਸਿੰਘ, ਨੀਤੂ ਬਾਲਾ, ਹਰਪਾਲ ਸਿੰਘ ਕੈਂਪਸ ਮੈਨੇਜਰ, ਅਜਮੇਰ ਸਿੰਘ, ਪਲਵੀ ਮਹਾਜਨ, ਸੰਤੋਸ਼, ਲੀਨਾ ਮਹਾਜਨ, ਪੰਕਜ ਜਸਵਾਲ, ਅੰਨਿਕਾ, ਪਰਮਜੀਤ ਕੌਰ, ਰਤਿੰਦਰ ਕੌਰ, ਦੀਕਸ਼ਾ, ਜਸਪ੍ਰੀਤ ਕੌਰ, ਪੂਜਾ ਦੇਵੀ, ਗਗਨਦੀਪ ਸ਼ਰਮਾ, ਸਰਬਜੀਤ ਕੌਰ, ਮਮਤਾ ਦੇਵੀ, ਦਵਿੰਦਰ ਕੌਰ, ਜਸਵਿੰਦਰ ਕੌਰ, ਰਜਵੰਤ ਕੌਰ, ਮਮਤਾ, ਮਨਦੀਪ ਕੌਰ, ਸੁਖਜੀਤ ਕੌਰ, ਗੀਤਾ, ਅਨੀਤਾ, ਡੀ. ਪੀ. ਰਾਮ ਸਰੂਪ, ਸਮੇਤ ਬੱਚਿਆਂ ਦੇ ਮਾਪਿਆਂ ਤੋਂ ਇਲਾਵਾ ਕਸਬੇ ਦੇ ਮੋਹਤਬਰ ਵਿਅਕਤੀ ਹਾਜ਼ਰ ਸਨ।



# ਈਸਾਈ ਭਾਈਚਾਰੇ ਨੇ ਈਸਟਰ ਡੇ 'ਤੇ ਪੁਨਰ ਉਥਾਨ ਤੇ ਸਦੀਵੀ ਜੀਵਨ ਦੀ ਉਮੀਦ ਦਾ ਜਸ਼ਨ ਮਨਾਇਆ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)

ਪੁਨਰ ਉਥਾਨ ਅਤੇ ਸਦੀਵੀ ਜੀਵਨ ਦੀ ਨਵੀਂ ਉਮੀਦ ਨੂੰ ਆਪਣੇ ਦਿਲਾਂ ਵਿੱਚ ਪਾਲਦੇ ਹੋਏ ਅੰਮ੍ਰਿਤਸਰ ਦਾ ਈਸਾਈ ਭਾਈਚਾਰਾ ਡਾਇਓਸਿਸ ਆਫ਼ ਅੰਮ੍ਰਿਤਸਰ (ਡੀਓਏ), ਚਰਚ ਆਫ਼ ਨੌਰਥ ਇੰਡੀਆ (ਸੀਐੱਨਆਈ) ਦੀ ਅਗਵਾਈ ਹੇਠ ਈਸਟਰ ਡੇ, ਜੋ ਕਿ ਗੁੱਡ ਫਰਾਈਡੇ ਤੇ ਸਲੀਬ ਤੇ ਮੌਤ ਤੋਂ ਬਾਅਦ ਪ੍ਰਭੂ ਯਿਸੂ ਮਸੀਹ ਦੇ ਪੁਨਰ ਉਥਾਨ ਦਾ ਦਿਨ ਹੈ, ਮਨਾਉਣ ਲਈ ਇਕੱਠਾ ਹੋਇਆ। ਇਸ ਮੌਕੇ ਵਿਸ਼ਵ ਸ਼ਾਂਤੀ ਅਤੇ ਸਦਭਾਵਨਾ ਲਈ ਅਰਦਾਸ ਕੀਤੀ ਗਈ।ਦਿ ਰਾਈਟ ਰੈਵਰੈਂਡ ਮਨੋਜ ਚਰਨ, ਬਿਸ਼ਪ, ਡਾਇਓਸਿਸ ਆਫ ਅੰਮ੍ਰਿਤਸਰ, ਸੀਐੱਨਆਈ ਨੇ ਈਸਟਰ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪ੍ਰਭੂ ਯਿਸੂ ਮਸੀਹ ਦਾ ਪੁਨਰ ਉਥਾਨ ਪਿਆਰ ਅਤੇ ਵਿਸ਼ਵਾਸ ਦੀ ਸ਼ਕਤੀ ਦਾ ਪ੍ਰਮਾਣ ਹੈ। ਸਲੀਬ ਤੇ ਆਪਣੀ ਮੌਤ ਦੁਆਰਾ ਉਹ ਉਨ੍ਹਾਂ ਸਾਰਿਆਂ ਨੂੰ ਪਾਪਾਂ ਦੀ ਮਾਫ਼ੀ ਅਤੇ ਪੁਨਰ ਉਥਾਨ ਅਤੇ ਸਦੀਵੀ ਜੀਵਨ ਦਾ ਭਰੋਸਾ ਦਿੰਦੇ ਹਨ ਜੋ ਉਨ੍ਹਾਂ ਤੇ ਵਿਸ਼ਵਾਸ ਕਰਦੇ ਹਨ।ਜਿਵੇਂ ਕਿ ਪੌਲੁਸ ਰਸੂਲ ਨੇ ਲਿਖਿਆ ਹੈ ਕਿ ਜੇ ਮੁਰਦਿਆਂ ਦਾ ਪੁਨਰ ਉਥਾਨ ਨਹੀਂ ਹੈ, ਤਾਂ ਮਸੀਹ ਵੀ ਨਹੀਂ ਜੀ ਉਠਿਆ ਹੈ; ਅਤੇ ਜੇ ਮਸੀਹ ਜੀ ਉਠਿਆ ਨਹੀਂ ਹੈ, ਤਾਂ ਸਾਡਾ ਪ੍ਰਚਾਰ ਵਿਅਰਥ ਹੈ ਅਤੇ ਤੁਹਾਡਾ ਵਿਸ਼ਵਾਸ ਵੀ ਵਿਅਰਥ ਹੈ (1 ਕੁਰਿੰਥੀਆਂ 15:13-14)।ਫਿਰ ਵੀ ਕਿਉਂਕਿ ਉਹ ਜੀ ਉਠਿਆ ਹੈ, ਸਾਡੇ ਕੋਲ ਸਦੀਵੀ ਜੀਵਨ ਦੀ ਉਮੀਦ ਹੈ।ਸਮਾਜ ਵਿੱਚ ਸ਼ਾਂਤੀ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਸੱਤਾ ਵਿੱਚ ਬੈਠੇ ਲੋਕਾਂ ਲਈ ਬੁੱਧੀ ਅਤੇ ਵਿਵੇਕ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਬਿਸ਼ਪ ਚਰਨ ਨੇ ਜਨਤਾ ਨੂੰ ਨੇਤਾਵਾਂ ਲਈ ਪ੍ਰਾਰਥਨਾ ਕਰਦੇ ਰਹਿਣ ਲਈ ਕਿਹਾ।ਈਸਟਰ ਦੇ ਜਸ਼ਨਾਂ ਵਿੱਚ ਅੰਮ੍ਰਿਤਸਰ ਦੇ ਵੱਖ-ਵੱਖ ਗਿਰਜਾਘਰਾਂ, ਜਿਨ੍ਹਾਂ ਵਿੱਚ ਕ੍ਰਾਈਸਟ ਚਰਚ ਕੈਥੇਡ੍ਰਲ, ਸੇਂਟ ਪੌਲ ਚਰਚ ਅਤੇ ਐਪੀਫਨੀ ਚਰਚ ਸ਼ਾਮਲ ਹਨ, ਵਿੱਚ ਤੜਕੇ ਦੀਆਂ ਪ੍ਰਾਰਥਨਾਵਾਂ, ਸੂਰਜ ਚੜ੍ਹਨ ਦੀਆਂ ਪ੍ਰਾਰਥਨਾਵਾਂ ਅਤੇ ਸਵੇਰ ਦੀਆਂ ਪ੍ਰਾਰਥਨਾਵਾਂ ਸ਼ਾਮਲ ਸਨ।ਈਸਟਰ ਦੇ ਇਸ ਜਸ਼ਨ ਨੇ ਸਾਨੂੰ ਯਿਸੂ ਮਸੀਹ ਦੁਆਰਾ ਦਰਸਾਏ ਗਏ ਪਿਆਰ, ਉਮੀਦ ਅਤੇ ਸ਼ਾਂਤੀ ਦੇ ਸਥਾਈ ਸੰਦੇਸ਼ ਦੀ ਯਾਦ ਦਿਵਾਈ।ਇਹ ਭਾਵਨਾ ਹਮੇਸ਼ਾ ਸਾਡੇ ਸਾਰਿਆਂ ਦਾ ਮਾਰਗ ਦਰਸ਼ਨ ਕਰੇ।



22-April-PAGE-4.qxd 4/21/2025 11:06 PM Page 1

ਨਵਾਂ ਜ਼ਮਾਨਾ
ਮੰਗਲਵਾਰ, 22 ਅਪ੍ਰੈਲ 2025

# ਨਿਆਂ ਪਾਲਿਕਾ 'ਤੇ ਹਮਲੇ

*ਤਮਾਮ ਖੁਦਮੁਖਤਾਰ ਅਦਾਰਿਆਂ 'ਤੇ ਕਬਜ਼ਾ ਜਮਾ ਚੁੱਕੀ ਭਾਜਪਾ ਦੀ ਭਾਰਤ ਸਰਕਾਰ ਜਦ ਚੰਦ ਮਹੀਨਿਆਂ ਲਈ ਨਿਯੁਕਤ ਹੋਏ ਸੁਪਰੀਮ ਕੋਰਟ ਦੇ ਚੀਫ ਜਸਟਿਸ ਤੋਂ ਮਨਮਾਨੇ ਫੈਸਲੇ ਨਾ ਕਰਾ ਸਕੀ ਤਾਂ ਪਾਰਾ ਤਾਂ ਹਾਈ ਹੋਣਾ ਹੀ ਸੀ। ਰੰਜਨ ਗੋਗੋਈ ਤੋਂ ਲੈ ਕੇ ਚੰਦਰਚੂੜ ਤੱਕ ਚੀਫ ਜਸਟਿਸ ਜਿਸ ਤਰ੍ਹਾਂ ਭਾਰਤ ਸਰਕਾਰ ਦੇ 'ਗੁਲਾਮ' ਰਹੇ, ਉਸ ਪ੍ਰਥਾ ਨੂੰ ਵਰਤਮਾਨ ਚੀਫ ਜਸਟਿਸ ਸੰਜੀਵ ਖੰਨਾ ਨੇ ਕੁਝ ਸਮੇਂ ਦੇ ਕਾਰਜਕਾਲ ਵਿੱਚ ਹੀ ਤੋੜ ਦਿੱਤਾ। ਇਸ ਤੋਂ ਬੁਖਲਾਏ ਸਰਕਾਰ-ਭਗਤਾਂ ਨੇ ਸੁਪਰੀਮ ਕੋਰਟ ਨੂੰ ਮਸਜਿਦ ਦੇ ਰੂਪ ਵਿੱਚ ਦਿਖਾ ਦਿੱਤਾ। ਵਕਫ ਬੋਰਡ ਮਾਮਲੇ ਵਿੱਚ ਚੀਫ ਜਸਟਿਸ ਦੀ ਅਗਵਾਈ ਵਾਲੀ ਬੈਂਚ ਨੇ ਜਿਸ ਤਰ੍ਹਾਂ ਖੁੱਲ੍ਹ ਕੇ ਆਪਣੀਆਂ ਗੱਲਾਂ ਰੱਖੀਆਂ, ਉਸ ਨਾਲ ਮੋਦੀ-ਸ਼ਾਹ ਦੇ ਨਾਲ-ਨਾਲ ਇਸ ਬਿੱਲ ਦੇ ਹਮਾਇਤੀਆਂ ਦੀਆਂ ਧੱਜੀਆਂ ਉਡ ਗਈਆਂ ਹਨ। ਉਹ ਮੁਸਲਮਾਨਾਂ ਨੂੰ ਸਮਝਾਉਣ ਤੇ ਉਨ੍ਹਾਂ ਦੀ ਹਮਾਇਤ ਹਾਸਲ ਕਰਨ ਲਈ ਘਰ-ਘਰ ਗੁਰੂ ਗਿਆਨ ਦੇਣ ਦਾ ਅੰਦੋਲਨ ਚਲਾ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਸਮਝ ਆ ਗਈ ਹੈ ਕਿ ਇਸ ਮਸਲੇ 'ਤੇ ਉਨ੍ਹਾਂ ਨੂੰ ਕਾਮਯਾਬੀ ਨਹੀਂ ਮਿਲਣ ਵਾਲੀ। ਇਸ ਨਾਲ ਵਕਫ ਦੀ ਸੰਪਤੀ ਦੀ ਲੁੱਟ ਦੇ ਰਾਹ ਬੰਦ ਹੋ ਜਾਣਗੇ। ਇਸ ਲਈ ਚੀਫ ਜਸਟਿਸ ਉਨ੍ਹਾਂ ਦੀਆਂ ਅੱਖਾਂ ਦੀ ਕਿਰਕਿਰੀ ਬਣ ਗਏ ਹਨ।*

*ਇਸ ਦੇ ਇਲਾਵਾ ਸੁਪਰੀਮ ਕੋਰਟ ਵੱਲੋਂ ਰਾਜਪਾਲ ਤੇ ਰਾਸ਼ਟਰਪਤੀ ਨੂੰ ਬਿੱਲਾਂ ਨੂੰ ਮਨਜ਼ੂਰੀ ਦਾ ਫੈਸਲਾ ਨਿਸਚਿਤ ਮਿਆਦ ਤੋਂ ਵੱਧ ਨਾ ਰੋਕਣ ਲਈ ਕਹਿਣ ਨੇ ਵੀ ਪ੍ਰੇਸ਼ਾਨ ਕੀਤਾ ਹੋਇਆ ਹੈ। ਭਾਜਪਾ ਨੇ ਪਾਰਟੀ ਦੇ ਤੌਰ 'ਤੇ ਇਸ ਦਾ ਓਨੇ ਤਿੱਖੇ ਰੂਪ ਵਿੱਚ ਵਿਰੋਧ ਨਹੀਂ ਕੀਤਾ, ਜਿੰਨਾ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਕੀਤਾ। ਉਨ੍ਹਾ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਸੁਪਰੀਮ ਕੋਰਟ ਸੁਪਰੀਮ ਸੰਸਦ ਬਣ ਬੈਠੀ ਹੈ। ਰਾਸ਼ਟਰਪਤੀ ਸੰਵਿਧਾਨ ਦੀ ਰਾਖੀ ਦੀ ਸਹੁੰ ਚੁੱਕਦਾ ਹੈ, ਜਦਕਿ ਜੱਜ ਸੰਵਿਧਾਨ ਮੁਤਾਬਕ ਚੱਲਣ ਦੀ ਸਹੁੰ ਚੁੱਕਦੇ ਹਨ। ਉਨ੍ਹਾ ਨੂੰ ਇਹ ਚੇਤੇ ਨਹੀਂ ਰਿਹਾ ਕਿ ਜਦੋਂ 1992 ਵਿੱਚ ਰਾਮ ਮੰਦਰ ਅੰਦੋਲਨ ਦੌਰਾਨ ਭੜਕੀ ਹਿੰਸਾ ਤੋਂ ਬਾਅਦ ਪੰਜ ਰਾਜਾਂ ਦੀਆਂ ਭਾਜਪਾ ਸਰਕਾਰਾਂ ਨੂੰ ਰਾਸ਼ਟਰਪਤੀ ਨੇ ਬਰਖਾਸਤ ਕਰ ਦਿੱਤਾ ਸੀ ਤੇ ਮੱਧ ਪ੍ਰਦੇਸ਼ ਹਾਈ ਕੋਰਟ ਨੇ ਭਾਜਪਾ ਸਰਕਾਰ ਬਹਾਲ ਕਰ ਦਿੱਤੀ ਸੀ, ਉਸ 'ਤੇ ਭਾਜਪਾ ਨੇ ਖੁਸ਼ੀ ਮਨਾਈ ਸੀ। ਉਦੋਂ ਵੀ ਰਾਸ਼ਟਰਪਤੀ ਦੇ ਹੁਕਮ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ। ਜਦੋਂ ਵੀ ਸੰਸਦ ਵਿੱਚ ਬਣੇ ਕਾਨੂੰਨ ਨੂੰ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ ਤਾਂ ਮਾਮਲਾ ਸੁਣਿਆ ਗਿਆ ਹੈ ਤੇ ਕੋਰਟ ਨੇ ਦੱਸਿਆ ਹੈ ਕਿ ਸੰਸਦ ਦਾ ਫੈਸਲਾ ਸੰਵਿਧਾਨ ਦੇ ਮੁਤਾਬਕ ਹੈ ਜਾਂ ਵਿਰੁੱਧ। ਇੱਕ ਚੌਕਸ ਰਾਖੇ ਦੀ ਹੈਸੀਅਤ ਵਿੱਚ ਸੁਪਰੀਮ ਕੋਰਟ ਲੋਕਾਂ ਨੂੰ ਇਨਸਾਫ ਦਾ ਭਰੋਸਾ ਦਿਵਾਉਂਦੀ ਹੈ, ਪਰ ਜਦ ਸੱਤਾ ਦੇ ਇਰਾਦੇ ਸੰਵਿਧਾਨ ਵਿਰੋਧੀ ਹੁੰਦੇ ਹਨ ਤਾਂ ਉਸ ਨੂੰ ਚੀਫ ਜਸਟਿਸ ਤੋਂ ਡਰ ਲੱਗਦਾ ਹੈ। ਉਸ ਦੇ ਆਈ ਟੀ ਸੈੱਲ, ਉਪ ਰਾਸ਼ਟਰਪਤੀ ਤੇ ਸਾਂਸਦ ਨਿਸ਼ੀਕਾਂਤ ਦੂਬੇ ਵਰਗੇ ਸੁਪਰੀਮ ਕੋਰਟ ਖਿਲਾਫ ਗੁਬਾਰ ਕੱਢਦੇ ਹਨ। ਇੱਕ ਚੇਤੰਨ ਚੀਫ ਜਸਟਿਸ 'ਤੇ ਸਰਕਾਰ ਤੇ ਉਸ ਦੇ ਭਗਤ ਹਮਲਾਵਰ ਹਨ। ਨਿਸ਼ੀਕਾਂਤ ਦੂਬੇ 'ਤੇ ਦਰਜਨਾਂ ਮੁਕੱਦਮੇ ਚੱਲ ਰਹੇ ਹਨ। ਉਹ ਹੀ ਚੀਫ ਜਸਟਿਸ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਰਿਹਾ ਹੈ। ਇਹ ਕਿਸੇ ਇੱਕ ਅਦਾਰੇ ਦਾ ਨਹੀਂ, ਸਗੋਂ ਪੂਰੇ ਜਮਹੂਰੀ ਢਾਂਚੇ ਦਾ ਅਪਮਾਨ ਹੈ ਅਤੇ ਇਹ ਅਪਮਾਨ ਸਹਿਣਾ, ਚੁੱਪ ਰਹਿਣਾ ਨਾ ਸਿਰਫ ਬਦਕਿਸਮਤੀ ਹੋਵੇਗੀ, ਸਗੋਂ ਖਤਰੇ ਦੀ ਘੰਟੀ ਵੀ। ਚੀਫ ਜਸਟਿਸ ਅਗਲੇ ਮਹੀਨੇ ਰਿਟਾਇਰ ਹੋਣ ਜਾ ਰਹੇ ਹਨ। ਉਨ੍ਹਾ ਨਾਲ ਖੜ੍ਹਨਾ ਅੱਜ ਦੀ ਲੋੜ ਹੈ। ਇਸ ਨਾਲ ਆਉਣ ਵਾਲੇ ਚੀਫ ਜਸਟਿਸ ਬੀ ਆਰ ਗਵਈ ਨੂੰ ਬਲ ਮਿਲੇਗਾ। ਲੋਕਾਂ ਨੂੰ ਫੈਸਲਾ ਕਰਨਾ ਪੈਣਾ ਹੈ ਕਿ ਕੀ ਉਹ ਸੰਵਿਧਾਨ ਨਾਲ ਖੜ੍ਹਨਗੇ, ਜਿਹੜਾ ਕਰੋੜਾਂ ਭਾਰਤੀਆਂ ਦੀ ਉਮੀਦ, ਹਿਫਾਜਤ ਤੇ ਪਛਾਣ ਹੈ ਜਾਂ ਉਨ੍ਹਾਂ ਦੀ ਚੱਲਣ ਦੇਣਗੇ, ਜਿਹੜੇ ਸੰਵਿਧਾਨ ਨੂੰ ਰੋਲ ਕੇ ਸੱਤਾ 'ਤੇ ਪਕੜ ਮਜ਼ਬੂਤ ਕਰਨੀ ਚਾਹੁੰਦੇ ਹਨ। ਇਹ ਲੜਾਈ ਕਿਸੇ ਇੱਕ ਇਨਸਾਨ, ਇੱਕ ਪਾਰਟੀ ਜਾਂ ਇੱਕ ਅਦਾਲਤ ਦੀ ਨਹੀਂ। ਇਹ ਲੜਾਈ ਭਾਰਤ ਦੇ ਜਮਹੂਰੀ ਵਜੂਦ ਦੀ ਹੈ। ਇਹ ਲੜਾਈ ਭਰੋਸੇ ਦੀ ਹੈ, ਜੋ ਕਰੋੜਾਂ ਲੋਕਾਂ ਨੇ ਸੰਵਿਧਾਨ ਦੀ ਕਿਤਾਬ ਵਿੱਚ ਦੇਖਿਆ ਸੀ। ਇਹ ਲੜਾਈ ਹੁਣ ਸਿਰਫ ਅਦਾਲਤਾਂ ਦੀ ਨਹੀਂ, ਸਗੋਂ ਹਰ ਜਾਗਰੂਕ ਨਾਗਰਿਕ ਦੀ ਹੈ। ਜਦੋਂ ਅਦਾਲਤਾਂ ਨਹੀਂ ਰਹਿਣਗੀਆਂ ਤਾਂ ਇਨਸਾਫ ਵੀ ਕਿਤਾਬਾਂ ਵਿੱਚ ਰਹਿ ਜਾਵੇਗਾ ਅਤੇ ਮੁਲਕ ਆਪਣੇ ਹੀ ਪਰਛਾਵੇਂ ਤੋਂ ਡਰਨ ਲੱਗੇਗਾ।*

ਧਰਤੀ ਦਿਵਸ 'ਤੇ ਵਿਸ਼ੇਸ਼

# ਪ੍ਰਿਥਵੀ ਮਾਂ! ਅਸੀਂ ਤੇਰੀ ਵੇਦਨਾ ਨਹੀਂ ਸਮਝਦੇ



ਵਿਜੈ ਬੰਬੇਲੀ

ਧਰਤੀ ਦਾ ਜਨਮ ਚਾਰ ਅਰਬ ਸਾਲ ਪਹਿਲਾਂ ਹੋਇਆ। ਅਗਲੇ ਢਾਈ ਅਰਬ ਸਾਲ ਇਸ ਉੱਤੇ ਅਨੇਕਾਂ ਝੱਖੜ ਝੁੱਲੇ, ਭੂਚਾਲ ਆਉਂਦੇ ਰਹੇ, ਜਵਾਲਾਮੁਖੀ ਫਟਦੇ ਰਹੇ। ਕਈ ਵਾਰ ਹਜ਼ਾਰਾਂ ਸਾਲ ਲਗਾਤਾਰ ਬਾਰਸ਼ ਹੁੰਦੀ ਰਹੀ ਤੇ ਕਈ ਵਾਰ ਦਹਾਕੇ ਔੜ ਵਿੱਚ ਹੀ ਗੁਜ਼ਰ ਗਏ। ਧਰਤੀ ਦੇ ਗਰਭ ਵਿੱਚ ਉੱਠਦੇ ਤੂਫਾਨਾਂ ਅਤੇ ਉਥਲ-ਪੁਥਲ ਨੇ ਇਸ ਦੀ ਸਤਹ ਉੱਤੇ ਪਹਾੜਾਂ, ਘਾਟੀਆਂ, ਸਮੁੰਦਰਾਂ ਅਤੇ ਮੈਦਾਨਾਂ ਨੂੰ ਜਨਮ ਦਿੱਤਾ। ਧਰਤੀ ਦੇ ਵਾਯੂਮੰਡਲ ਵਿੱਚ ਪਾਣੀ ਦੇ ਵਾਸ਼ਪਾਂ ਅਤੇ ਕਈ ਕਿਸਮ ਦੀਆਂ ਗੈਸਾਂ ਦਾ ਬੋਲਬਾਲਾ ਹੋਇਆ, ਪਰ ਇਹ ਆਕਸੀਜਨ ਤੋਂ ਕਾਫੀ ਸੱਖਣੀ ਸੀ। ਫਿਰ ਡੇਢ ਕੁ ਅਰਬ ਸਾਲ ਪਹਿਲਾਂ ਧਰਤੀ ਦੀ ਸਤਹ ਉੱਤੇ ਜ਼ਿੰਦਗੀ ਧੜਕੀ। ਪਹਿਲਾਂ-ਪਹਿਲ ਸੂਖਮ ਪੌਦੇ, ਬੈਕਟੀਰੀਆ ਤੇ ਪ੍ਰੋਟੋਜ਼ੋਆਂ ਆਦਿ ਮਗਰੋਂ ਲੰਬੀ ਕੁਦਰਤੀ ਕਿਰਿਆ-ਪ੍ਰਕਿਰਿਆ ਤਹਿਤ ਜੀਵ-ਜੰਤੂ ਉਪਰੰਤ ਮਨੁੱਖ ਪੈਦਾ ਹੋ ਗਏ।

ਮਨੁੱਖ ਕੁਦਰਤ ਦੇ ਵਿਕਾਸ ਦਾ ਅਜ਼ਬ ਕ੍ਰਿਸ਼ਮਾ ਹੈ। ਧਰਤੀ ਉੱਤੇ ਇਸ ਦੇ ਜਨਮ ਨੂੰ ਦਸ ਕੁ ਲੱਖ ਸਾਲ ਹੋ ਗਏ ਹਨ। ਸ਼ੁਰੂ-ਸ਼ੁਰੂ ਵਿੱਚ ਮਨੁੱਖ ਕੁਦਰਤੀ ਪ੍ਰਣਾਲੀ ਦੀ ਇਕ ਸਾਧਾਰਨ ਵੰਨਗੀ ਸੀ। ਕੁਦਰਤੀ ਕਿਰਿਆਵਾਂ-ਪ੍ਰਕਿਰਿਆਵਾਂ ਉਸ ਦੇ ਵਿਵਹਾਰ ਅਤੇ ਜਨਸੰਖਿਆ ਉੱਤੇ ਡਾਢਾ ਕੰਟਰੋਲ ਰੱਖਦੀਆਂ ਸਨ। ਇਸੇ ਕਾਰਨ ਧਰਤੀ ਉੱਤੇ ਮਨੁੱਖੀ ਵਸੋਂ ਨੂੰ ਇੱਕ ਅਰਬ ਹੋਣ ਤੱਕ ਲੱਗਭੱਗ ਦਹਿ-ਲੱਖ ਵਰ੍ਹੇ ਲੱਗੇ। ਫਿਰ ਮਨੁੱਖ ਕੁਦਰਤ ਨੂੰ ਖੁਦ ਕੰਟਰੋਲ ਕਰਨ ਵੱਲ ਤੁਰ ਪਿਆ। ਸਿੱਟਾ ਮਨੁੱਖ ਦੀ ਗਿਣਤੀ ਇੱਕ ਤੋਂ ਦੋ ਅਰਬ ਅਗਲੇ 100 ਸਾਲਾਂ ਅੰਦਰ ਹੀ ਹੋ ਗਈ ਅਤੇ ਭੌਤਿਕ ਤੇ ਵਿਗਿਆਨਕ ਤਰੱਕੀ ਕਾਰਨ ਚਾਰ ਅਰਬ ਹੋਣ ਵਿੱਚ ਅੱਧੀ ਸਦੀ ਤੋਂ ਵੀ ਘੱਟ ਸਮਾਂ ਲੱਗਾ।

ਮਨੁੱਖੀ ਇਤਿਹਾਸ ਜੰਗਾਂ, ਜਿੱਤਾਂ ਅਤੇ ਵੰਸ਼ਾਂ ਦਾ ਇਤਿਹਾਸ ਹੀ ਨਹੀਂ, ਬਲਕਿ ਮਨੁੱਖ ਦੀ ਕੁਦਰਤੀ ਰਹੱਸਾਂ ਨੂੰ ਸਮਝਣ ਦੀ ਪ੍ਰਬਲ ਤਾਂਘ ਦਾ ਇਤਿਹਾਸ ਵੀ ਹੈ। ਮਨੁੱਖ ਨੇ ਇਹ ਸਫ਼ਰ ਲੰਮੇ ਸਮੇਂ ਵਿਚ ਤੈਅ ਕੀਤਾ ਹੈ। ਅੱਜ ਮਨੁੱਖ ਕੁਦਰਤੀ ਸਰੋਤਾਂ ਨੂੰ ਆਪਣੀਆਂ ਵਿਭਿੰਨ ਪ੍ਰਾਪਤੀਆਂ ਦੇ ਮੂਲ ਵਜੋਂ ਵਰਤਣਯੋਗ ਹੋ ਚੁੱਕਾ ਹੈ। ਹੁਣ ਇਸ ਨੇ ਆਪਣੀ ਜਨਮਦਾਤੀ ਧਰਤੀ ਦੇ ਕੁਦਰਤੀ ਸਮਤੋਲ ਵਿੱਚ 'ਵਿਕਾਸਮਈ' ਲਾਲਸਾ ਕਾਰਨ ਡਾਢਾ ਅਸਾਵਾਂਪਨ ਪੈਦਾ ਕਰਕੇ ਸਮੁੱਚੇ ਜੀਵ ਸੰਸਾਰ ਨੂੰ ਖ਼ਤਰਾ ਪੈਦਾ ਕਰ ਦਿੱਤਾ ਹੈ। ਹਾਂ, ਸਮਾਜਿਕ ਤੇ ਆਰਥਿਕ ਖੁਸ਼ਹਾਲੀ ਲਈ ਵਿਕਾਸ ਕਾਰਜਾਂ ਦਾ ਸਥਾਨ ਅਹਿਮ ਹੈ, ਪਰ ਇਨ੍ਹਾਂ ਕਾਰਜਾਂ ਕਾਰਨ ਲੰਬੇ ਅਰਸੇ ਦੇ ਭੈੜੇ ਪ੍ਰਭਾਵਾਂ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕਰਨਾ ਚਾਹੀਦਾ। ਸੀਮਿਤ ਹੋ ਰਹੇ ਵਿਕਾਸ ਕਾਰਜਾਂ ਲਈ ਅਸੀਂ ਕੁਦਰਤੀ ਸਰੋਤ ਹੂੰਝ-ਵਰਤ ਤਾਂ ਰਹੇ ਹਾਂ, ਪ੍ਰੰਤੂ ਇਨ੍ਹਾਂ ਦੀ ਮੁੜ ਭਰਪਾਈ ਕਰਨ ਵੱਲ ਅਵੇਸਲੇ ਹਾਂ। ਇਸ ਨਿਘਾਰ ਵਿੱਚ ਆਮ ਮਨੁੱਖ ਦੀ ਬਜਾਏ ਸਿਸਟਮ ਦਾ ਦੋਸ਼ ਜ਼ਿਆਦਾ ਹੈ।

ਇਸ ਸਮੇਂ ਕੁਦਰਤ ਦੇ ਨਿਘਾਰ ਦੀਆਂ ਸਮੱਸਿਆਵਾਂ ਮੋਟੇ ਤੌਰ 'ਤੇ ਦੋ ਤਰ੍ਹਾਂ ਦੀਆਂ ਹਨ। ਇੱਕ, ਕੁਦਰਤੀ ਸਾਧਨਾਂ ਦੇ ਆਧਾਰ 'ਤੇ ਬੁਰੀ ਤਰ੍ਹਾਂ ਖੋਰਾ ਲੱਗ ਰਿਹਾ ਹੈ। ਦੂਜੀ, ਮਾਰੂ ਰਹਿੰਦ-ਖੂੰਹਦ ਨੂੰ ਵਿਲੇ ਲਾਉਣ ਲਈ ਕਾਰਗਰ ਵਸੀਲਿਆਂ ਦੀ ਘਾਟ। ਸਮੱਸਿਆ ਦਾ ਪਹਿਲਾ ਜੁੱਟ ਪ੍ਰਿਥਵੀ ਦੇ ਜਲ, ਥਲ, ਖਾਨਾਂ ਅਤੇ ਜੰਗਲਾਂ ਦੇ ਨਿਘਾਰ ਦੀ ਮਾਰਮਿਕ ਕਥਾ ਬਿਆਨਦਾ ਹੈ। ਦੂਸਰਾ, ਹਰ ਸਾਲ ਪ੍ਰਿਥਵੀ 'ਤੇ 10 ਅਰਬ ਟਨ ਕੱਚੇ ਪਦਾਰਥ ਮੁੱਛ ਕੇ ਉਸ ਦਾ 97 ਫੀਸਦੀ ਹਿੱਸਾ ਮੁੜ ਗੰਦਗੀ ਦੇ ਰੂਪ 'ਚ ਧਰਤੀ ਨੂੰ ਮੋੜ ਦਿੱਤਾ ਜਾਂਦਾ ਹੈ, ਜਿਸ ਨੇ ਭੂਗੋਲਿਕ ਮੁਹਾਂਦਰਾ ਹੀ ਨਹੀਂ ਵਿਗਾੜਿਆ, ਸਗੋਂ ਇਸ ਦੇ ਮਨੁੱਖ ਖੁਦ ਮਾਰੂ ਸਿੱਟੇ ਵੀ ਭੁਗਤਣ ਲੱਗ ਪਿਆ ਹੈ, ਪਰ ਧੰਨ-ਕੁਬੇਰ ਪੱਖੀ ਰਾਜਨੀਤਕ ਮੀਸਣੇ ਬਣੀ ਬੈਠੇ ਹਨ।

ਕੁਦਰਤਵਾਦੀ ਡਾ. ਸੋਕੋਲੇਪ ਨੇ ਢੇਰ ਸਮਾਂ ਪਹਿਲਾਂ ਕਿਹਾ ਸੀ, "ਮੇਰੇ ਵਿਚਾਰ ਵਿਚ ਲੋਕਾਂ ਨੂੰ ਇਹ ਜਾਨਣ ਦਾ ਪੂਰਾ ਅਧਿਕਾਰ ਹੈ ਕਿ ਉਹ ਕਿਹੋ ਜਿਹਾ ਪਾਣੀ ਪੀਂਦੇ ਹਨ ਅਤੇ ਕਿਹੋ ਜਿਹੀ ਹਵਾ ਵਿਚ ਸਾਹ ਲੈਂਦੇ ਹਨ। ਚੌਗਿਰਦਾ (ਇਕਾਲੌਜੀ) ਸੰਕਟਾਂ ਨੂੰ ਸਮਝੇ ਬਿਨਾਂ ਕੋਈ ਵੀ ਸਮਾਜ ਤਰੱਕੀ ਨਹੀਂ ਕਰ ਸਕਦਾ।" ਚੌਗਿਰਦਾ ਸ਼ਾਸਤਰੀ ਲਿਓਪੋਲਡ ਨੇ ਤਾਂ ਚੌਗਿਰਦੇ ਨੂੰ ਫਿਲਾਸਫੀ ਅਤੇ ਸਾਹਿਤ ਦੇ ਬਰਾਬਰ ਰੱਖਦਿਆਂ ਕਿਹਾ, "ਇਕਾਲੌਜੀ ਦੀ ਮੁੱਢਲੀ ਧਾਰਨਾ ਇਹ ਹੈ ਕਿ ਧਰਤੀ ਇਕ ਭਾਈਚਾਰਾ ਹੈ। ਇਸ ਧਰਤੀ ਨੂੰ ਪਿਆਰ ਤੇ ਸਤਿਕਾਰ ਕਰਨ ਵਾਲੀ ਗੱਲ ਹੀ ਸਦਾਚਾਰ ਹੈ। ਕੁਦਰਤੀ ਸੰਭਾਲ ਜਿਸ ਨੂੰ ਧਰਤੀ ਕਿਹਾ ਜਾਂਦਾ ਹੈ, ਮੇਰੀ ਨਜ਼ਰੇ ਇਹੋ ਹੀ ਵਾਤਾਵਰਣ ਵੀ ਹੈ। ਇਸ ਦਾ ਭਵਿੱਖ ਮਨੁੱਖ ਦੀ ਜ਼ਮੀਰ ਨਾਲ ਜੁੜਿਆ ਹੋਇਆ ਹੈ।"

ਦਹਾਕਿਆਂ ਤੋਂ ਵਿਗਿਆਨੀ ਚੇਤਾਵਨੀਆਂ ਦੇ ਰਹੇ ਹਨ "ਸਾਡੀ ਦੁਨੀਆ ਦੇ ਜਲਵਾਯੂ ਵਿਚ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਚੁੱਕੀਆਂ ਹਨ, ਜਿਸ ਦੇ ਸਿੱਟੇ ਤਬਾਹਕੁੰਨ ਸਿੱਧ ਹੋਣਗੇ।" ਉਨ੍ਹਾਂ ਅਨੁਸਾਰ "ਕੁਦਰਤ ਬੜੀ ਦਿਆਲੂ ਹੈ, ਪਰ ਬੰਦਾ ਸ਼ੁਕਰਗੁਜ਼ਾਰ ਨਹੀਂ।" ਡਾ. ਰਸ਼ਮੀ ਮੁਤਾਬਿਕ, "ਜਿਹੜੇ ਅਜੇ ਵੀ ਇਹ ਸੋਚਦੇ ਹਨ ਕਿ ਓਜ਼ੋਨ ਪਰਤ ਦਾ ਛਿੱਜਣਾ ਇੱਕ ਭਰਮ ਹੈ ਜਿਹੜੇ ਇਹ ਚਿਤਵਦੇ ਹਨ ਕਿ ਸ਼ੇਰਾਂ-ਚੀਤਿਆਂ, ਡੱਡੀਆਂ-ਮੱਛੀਆਂ, ਚਿੜੀਆਂ-ਜਨੌਰਾਂ ਜਾਂ ਪਿੱਪਲਾਂ-ਬੋਹੜਾਂ ਨੂੰ ਹੁਣ ਅਲੋਪ ਹੋ ਜਾਣਾ ਚਾਹੀਦਾ ਹੈ, ਕਿਉਂਕਿ ਮਨੁੱਖ ਲਈ ਅਤੇ ਉਸ ਦੀਆਂ ਸਹੂਲਤਾਂ ਲਈ ਹੋਰ ਅਤੇ ਹੋਰ ਧਰਤੀ ਦੀ ਲੋੜ ਹੈ, ਉਹ ਪ੍ਰਿਥਵੀ ਪ੍ਰਤੀ ਵਫਾਦਾਰ ਨਹੀਂ। ਉਨ੍ਹਾਂ ਦੀ ਬੇਵਫਾਈ ਸਾਰਿਆਂ ਨੂੰ ਲੈ ਬੈਠੇਗੀ।" ਸਮੱਸਿਆ ਇਹ ਹੈ ਕਿ ਜਿਹੜੇ ਲੋਕ ਫਿਕਰਮੰਦ ਹਨ, ਉਹ ਸੱਤਾ ਵਿਚ ਨਹੀਂ ਹਨ। ਸਥਿਤੀ ਬਦਤਰ ਹੁੰਦੀ ਜਾ ਰਹੀ ਹੈ। ਬਦਤਰ ਸਥਿਤੀਆਂ ਦੇ ਮੱਦੇਨਜ਼ਰ ਹੀ ਸੰਯੁਕਤ ਰਾਸ਼ਟਰ ਸੰਘ ਦੀ ਵਾਤਾਵਰਨੀ ਪ੍ਰੋਗਰਾਮ ਸੰਸਥਾ (ਯੂਨਿਪ) ਨੇ ਕਦੇ ਆਪਣਾ ਵਿਸ਼ਾ ਚੁਣਿਆ ਸੀ, "ਬਦਲਦਾ ਜਲਵਾਯੂ-ਵਿਸ਼ਵ ਸਾਂਝੇਦਾਰੀ ਦੀ ਲੋੜ।" ਕਿਹਾ, "ਵਧਦੇ ਤਾਪਮਾਨਾਂ ਨੇ ਸਾਨੂੰ ਸਭਨਾਂ ਨੂੰ ਚਿੰਤਾਤੁਰ ਕਰ ਦਿੱਤਾ ਹੈ। ਹੁਣ ਉਨ੍ਹਾਂ ਭਾਗਾਂ ਵਿਚ ਵੀ ਹੜ੍ਹ ਤੇ ਝੱਖੜ ਆ ਸਕਦੇ ਹਨ, ਜਿਨ੍ਹਾ ਪਹਿਲਾਂ ਇਸ ਨੂੰ ਨਹੀਂ ਸੀ ਹੰਢਾਇਆ। ਕੁਦਰਤ ਦਾ ਨਿਘਾਰ ਵਿਸ਼ਵ-ਵਿਆਪੀ ਸਮੱਸਿਆ ਹੈ ਤੇ ਇਸ ਦਾ ਹੱਲ ਵੀ ਵਿਸ਼ਵ-ਵਿਆਪੀ ਸਾਂਝੇਦਾਰੀ ਹੈ। ਤਾਪਮਾਨ ਦੇ ਵਧਣ ਨਾਲ ਸਾਗਰ ਫੈਲ ਜਾਣਗੇ, ਜਿਸ ਨਾਲ ਦੁਨੀਆ ਦੇ ਅਤਿ ਉਪਜਾਊ ਡੈਲਟਾ ਖੇਤਰਾਂ ਤੋਂ ਹੱਥ ਧੋਣਾ ਪਵੇਗਾ। ਇਸ ਨਾਲ ਸਮੁੱਚੀ ਧਰਤੀ ਉਪਰਲੀ ਵਰਖਾ-ਬਣਤਰ ਵੀ ਬਦਲ ਜਾਣੀ ਹੈ। ਵਾਤਾਵਰਣੀ ਬਿਪਤਾਵਾਂ ਪ੍ਰਿਥਵੀ ਦਾ ਮਹਾਂਦਰਾ ਬਦਲ ਰਹੀਆਂ ਹਨ। ਵਿਗਿਆਨ-ਪੱਤਰਕਾਰ ਪਰਵੀਨ ਲਿਖਦਾ ਹੈ, "ਇਹ ਸਨਅਤੀ ਸਮਾਜ ਵੱਲੋਂ ਕੀਤਾ ਗਿਆ ਇਕਲੋਜੀਕਲ ਵਿਨਾਸ਼ ਹੀ ਹੈ, ਜਿਹੜਾ ਪ੍ਰਿਥਵੀ ਨੂੰ ਪ੍ਰਮਾਣੂ ਸਰਬਨਾਸ਼ ਵਰਗੇ ਕਗਾਰ ਵੱਲ ਧੱਕ ਰਿਹਾ ਹੈ। ਮਨੁੱਖ ਨੇ ਅੰਤਰ-ਆਧਾਰੀ ਇਕਲੋਜੀਕਲ ਪ੍ਰਣਾਲੀਆਂ ਵਿੱਚ ਅਜਿਹੀ ਬੇਸਮਝ ਦਖਲ-ਅੰਦਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਹੈ, ਜਿਸ ਨੇ ਪ੍ਰਤੀਕਰਮਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਜ਼ਿੰਦਗੀ ਨੂੰ ਆਸਰਾ ਦੇਣ ਵਾਲੀਆਂ ਪ੍ਰਣਾਲੀਆਂ ਖਿੰਡ-ਪੁੰਡ ਜਾਣਗੀਆਂ।"

ਚਿੰਤਕ ਜੂਲੀਅਨ ਹਕਸਲੇ ਮੁਤਾਬਿਕ, "ਧਰਤੀ ਇਕ ਜੀਵੰਤ ਪ੍ਰਣਾਲੀ ਹੈ। ਜਲ, ਭੂਮੀ, ਪੌਣ, ਬਨਸਪਤੀ ਅਤੇ ਪ੍ਰਾਣੀ ਸਭ ਇੱਕ-ਦੂਜੇ ਉੱਪਰ ਪ੍ਰਸਪਰ ਅਧਾਰਤ ਹਨ, ਇੱਕੋ ਤਾਣੇ-ਬਾਣੇ ਵਿਚ ਜੁੜੇ ਹੋਏ। ਜੇ ਇਕ ਵੀ ਹਿੱਲ ਗਿਆ ਤਾਂ ਸਮੁੱਚੀ ਤਾਣੀ ਉਲਝ ਜਾਵੇਗੀ। ਇਸ ਤਾਣੀ ਨੂੰ ਬੇਰੋਕ ਵਸੋਂ ਵੀ ਉਲਝਾ ਰਹੀ ਹੈ। ਜਲਵਾਯੂ ਬਦਲ ਗਈ ਹੈ, ਭੋਜਨ ਉਪਜਾਉਣ ਵਾਲੀ ਮਿੱਟੀ ਦੀਆਂ ਜ਼ਰਖੇਜ਼ ਪਰਤਾਂ ਰੁੜ੍ਹ ਰਹੀਆਂ ਹਨ। ਬੀਤੀ ਸਦੀ ਵਿਚ ਮਨੁੱਖ ਮੂਲ-ਸਾਧਨਾਂ ਕੋਲਾ, ਤੇਲ ਅਤੇ ਹੋਰ ਖਣਿਜਾਂ ਉੱਪਰ ਹੀ ਨਿਰਭਰ ਰਿਹਾ ਹੈ। ਇਨ੍ਹਾਂ ਵਸਤਾਂ ਦੀ ਸਿਰਜਣਾ ਵਿਚ ਕੁਦਰਤ ਨੂੰ ਕਰੋੜਾਂ ਸਾਲ ਲੱਗ ਗਏ ਸਨ, ਪਰ ਮਨੁੱਖ ਉਨ੍ਹਾਂ ਨੂੰ ਕੁਝ ਕੁ ਪੀੜ੍ਹੀਆਂ ਵਿਚ ਹੀ ਮੁਕਾ ਚੱਲਿਆ ਹੈ।" ਧੜਵੈਲ ਮੁਲਕਾਂ ਨੇ 'ਵਿਕਾਸ' ਦੇ ਨਾਂਅ 'ਤੇ ਬੜਾ ਕੁਝ ਹੁੰਝਿਆ ਅਤੇ ਲੁੱਟਿਆ ਹੈ। ਵਿਕਾਸਸ਼ੀਲ ਦੇਸ਼ਾਂ ਅੰਦਰ ਵੀ ਇਕ ਗਲਤ ਮਿੱਥ ਚੱਲ ਰਹੀ ਹੈ ਕਿ ਵਿਕਾਸ ਯੋਜਨਾਵਾਂ ਹੀ ਹਰੇਕ ਬਿਮਾਰੀ ਦਾ ਹੱਲ ਹਨ। 'ਵਿਕਾਸ ਯੋਜਨਾਵਾਂ' ਦੀ ਘਾੜਤ ਸਮੇਂ ਵਾਤਾਵਰਣੀ ਪੱਖ ਹਮੇਸ਼ਾ ਹੀ ਨਜ਼ਰ-ਅੰਦਾਜ਼ ਹੁੰਦੇ ਹਨ। ਅਖੌਤੀ ਵਿਕਾਸ "ਧੰਨ-ਕੁਬੇਰਾਂ" ਲਈ 'ਵਰਦਾਨ' ਪਰ ਆਮ ਬੰਦੇ ਲਈ "ਸਰਾਪ" ਹੈ। ਵਿਕਾਸ ਦੇ ਨਾਂਅ ਹੇਠਾਂ 'ਭੌਤਿਕ ਸਹੂਲਤਾਂ' ਦੀ ਵੁਸਾੜ ਧਰਤੀ ਅਤੇ ਮੋੜਵੇਂ ਰੂਪ 'ਚ ਮਨੁੱਖ ਦਾ ਹੀ ਸ਼ੋਸ਼ਣ ਹੈ। "ਵਿਕਾਸ ਕਿਸੇ ਵੀ ਕੀਮਤ 'ਤੇ" ਇਹ ਧਾਰਨਾ ਹੀ ਗਲਤ ਹੈ। ਬਹੁਤ ਘੱਟ ਲੋਕ ਹੀ ਇਨ੍ਹਾਂ ਯੋਜਨਾਵਾਂ ਦਾ ਲਾਭ ਉਠਾ ਸਕਦੇ ਹਨ, ਜਦਕਿ ਸੰਤਾਪ ਸਭ ਨੂੰ ਭੁਗਤਣਾ ਪੈਣਾ ਹੈ। ਫਿਰ ਇਹ 'ਵਿਕਾਸ' ਕਿਸ ਦਾ ਹੋਇਆ?

ਅਫਸੋਸ; ਜਾਨਵਰਾਂ ਦੇ ਮੁਕਾਬਲੇ ਕੁੱਝ ਵਧਵੇਂ ਗੁਣਾਂ ਵਾਲਾ ਬੰਦਾ ਮੁੱਢ ਤੋਂ ਹੀ ਆਪਣੇ-ਆਪ ਨੂੰ ਧਰਤੀ ਅਤੇ ਬ੍ਰਹਿਮੰਡ ਦਾ ਸਰਦਾਰ ਸਮਝਦਾ ਆਇਆ ਹੈ। ਕਈ ਅਧਿਆਤਮਵਾਦੀਆਂ ਨੇ ਵੀ ਇਸ ਦੇ ਨਾਲ ਮਿਲਦੀ-ਜੁਲਦੀ ਸਿੱਖਿਆ ਮਨੁੱਖ ਨੂੰ ਦਿੱਤੀ ਹੈ। 'ਆਧੁਨਿਕ' ਪੁਨਰ-ਜਾਗ੍ਰਿਤੀ ਨੇ ਵੀ ਇਸੇ ਮਨੁੱਖੀ ਸੋਚ ਨੂੰ ਦ੍ਰਿੜ੍ਹਾਇਆ ਹੈ ਕਿ ਸਾਰਾ ਬ੍ਰਹਿਮੰਡ ਹੀ ਮਨੁੱਖ ਦੀ ਸਰਦਾਰੀ ਲਈ ਪੈਦਾ ਕੀਤਾ ਗਿਆ ਹੈ। ਉਪਰੋਕਤ ਧਾਰਨਾ ਹੀ ਪੁਆੜੇ ਦੀ ਜੜ੍ਹ ਹੈ। ਇਸ ਲਈ ਸਾਨੂੰ ਉਸ ਸੰਸਾਰਕ ਨਿਜ਼ਾਮ ਨੂੰ ਵੀ ਨਾਕਾਰਨਾ ਪਵੇਗਾ, ਜਿਹੜਾ ਭਾਈਚਾਰਕ ਅਤੇ ਕੁਦਰਤੀ ਸਹਿਹੋਂਦ ਦੀ ਬਜਾਏ ਪਦਾਰਥਕ ਸਹੂਲਤਾਂ ਅਤੇ ਮੁਨਾਫਿਆਂ ਮਗਰ ਹਾਫਲਿਆਂ ਫਿਰਦਾ ਹੈ। ਜ਼ਿੰਦਾ ਰਹਿਣ ਲਈ ਇਸ ਗ੍ਰਹਿ ਉਤੇ ਵਸਦੀ ਸਮੁੱਚੀ ਛੋਟੀ ਤੋਂ ਛੋਟੀ ਬਨਸਪਤੀ ਅਤੇ ਸੂਖ਼ਮ ਜੀਵਾਂ ਤੱਕ ਸਭ ਦਾ ਕੁਦਰਤੀ ਸਮਤੋਲ ਰਹਿਣਾ ਬੇਹੱਦ ਜ਼ਰੂਰੀ ਹੈ। ਸਾਡਾ ਕੁਦਰਤੀ ਸੰਸਾਰ ਕੀੜਿਆਂ, ਫੁੱਲਾਂ, ਬੂਟਿਆਂ, ਜੰਗਲੀ ਜੀਵਾਂ-ਪੰਖੇਰੂਆਂ ਸਮੇਤ ਜੰਗਲਾਂ, ਪਰਬਤਾਂ, ਨਦੀਆਂ, ਜਲ-ਕੁੰਡਾਂ, ਖਣਿਜ-ਪਦਾਰਥਾਂ, ਗੱਲ ਕੀ ਧਰਤੀ ਹੇਠਲੀਆਂ ਅਤੇ ਉੱਤਲੀਆਂ ਬਰਕਤਾਂ ਤੋਂ ਬਿਨਾਂ ਅਧੂਰਾ ਹੈ।

ਅਸੀਂ ਆਪਣੀ ਸਾਹ-ਰਗ ਨਦੀਆਂ ਤੇ ਜਲ-ਕੁੰਡਾਂ ਤੋਂ ਸੀਵਰੇਜ ਅਤੇ ਡੰਪ ਦਾ ਕੰਮ ਲੈ ਰਹੇ ਹਾਂ। ਸੰਸਾਰ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਕ ਖੇਤਰ ਦੀ ਸ਼ਕਤੀ ਪਾਣੀ ਨੂੰ ਮਨੁੱਖ ਹੁਣ ਪਤਾਲਾਂ 'ਚੋਂ ਵੀ ਖਿੱਚ-ਧੂਹ ਲਿਆਉਣ ਲਈ ਚਾਂਭਲਿਆ ਫਿਰਦਾ ਹੈ। ਥਾਂ-ਥਾਂ ਧਰਤ ਮਾਂ ਦਾ ਸੀਨਾ ਪਾੜ ਰਹੇ ਬੰਦੇ ਨੂੰ ਸ਼ਾਇਦ ਮਾਰੂ ਸਿੱਟਿਆਂ ਦਾ ਨਹੀਂ ਪਤਾ। ਪਾਣੀ ਅਤੇ ਖਣਿਜਾਂ ਦੀ ਧਰਤੀ ਹੇਠੋਂ ਅੰਧਾਧੁੰਦ ਖਿਚਾਈ-ਪੁਟਾਈ ਨਾਲ ਨਾ ਸਿਰਫ਼ ਜਲ ਸੰਕਟ ਹੀ ਉਪਜਿਆ, ਸਗੋਂ ਜੇ ਮੁੜ-ਭਰਪਾਈ ਨਾ ਹੋਈ ਤਾਂ ਧਰਤੀ ਹੇਠ ਪੈਦਾ ਹੋਣ ਵਾਲੇ ਖਲਾਅ ਨਾਲ ਨੇੜ-ਭਵਿੱਖ 'ਚ ਧਰਤੀ ਵੀ ਗਰਕਣੀ ਸ਼ੁਰੂ ਹੋ ਸਕਦੀ ਹੈ, ਜ਼ਮੀਨੀ ਵਿਰਲਾਂ ਵਿਚਲਾ ਪਾਣੀ ਜੈਕ ਦੀ ਭੂਮਿਕਾ ਨਿਭਾਉਂਦਾ ਹੈ।

ਮਨੁੱਖੀ ਸੱਭਿਅਤਾ ਦੇ ਜਿਸ ਵਰਤਮਾਨ ਪੜਾਅ ਵਿਚ ਮਨੁੱਖ ਜਾਤੀ ਲੰਘ ਰਹੀ ਹੈ, ਉਸ ਦੇ ਮੱਦੇਨਜ਼ਰ ਕੁਦਰਤ ਨਾਲ ਮਨੁੱਖੀ ਰਿਸ਼ਤੇ ਦੇ ਮੁੜ ਮੁਲਾਂਕਣ ਦੀ ਅਹਿਮ ਲੋੜ ਹੈ। ਸਾਡੀਆਂ ਸਮਾਜੀ ਤੇ ਆਰਥਿਕ ਚਿੰਤਾਵਾਂ ਵਿੱਚ ਜਿੰਨਾ ਵਾਧਾ ਹੋਇਆ ਹੈ ਜਾਂ ਹੋਣ ਜਾ ਰਿਹਾ ਹੈ, ਉਸ ਦਾ ਮੂਲ ਆਧਾਰ ਮਨੁੱਖੀ ਲਾਲਚ, ਮੌਜੂਦਾ ਸਿਸਟਮ ਅਤੇ ਕੁਦਰਤ ਦਾ ਉਜਾੜਾ ਹੈ। ਅਰਥਾਤ ਜੇ ਅਸੀਂ ਚਲੰਤ ਰਾਜ-ਪ੍ਰਬੰਧਾਂ ਦਾ ਸੰਤਾਪ ਅਤੇ ਕੁਦਰਤ ਦੀ ਵੇਦਨਾ ਸਮਝ-ਸੁਣ ਲਈਏ ਤਾਂ ਅਸੀਂ ਭਵਿੱਖ ਦੀਆਂ ਦੁਸ਼ਵਾਰੀਆਂ ਬੁੱਝ ਅਤੇ ਹੱਲ ਕਰ ਲਵਾਂਗੇ। ਸਮੁੱਚੇ ਸੰਸਾਰ ਨੂੰ ਹੀ ਜਾਗਣ ਦੀ ਲੋੜ ਹੈ ਅਤੇ ਸਾਨੂੰ ਸਭ ਨੂੰ ਵੀ। ਭਾਰਤੀ ਦਰਸ਼ਨ ਤਾਂ ਕੁਦਰਤ ਦੀ ਰਾਖੀ ਅਤੇ ਇਸ ਦਾ ਸਤਿਕਾਰ ਕਰਨ ਦੀ ਵੀ ਪ੍ਰੇਰਨਾ ਦਿੰਦਾ ਹੈ। ਸਾਡੇ ਮੇਲੇ-ਮੁਸਾਬੇ ਜਲ ਕੁੰਡਾਂ-ਨਦੀਆਂ ਕੰਢੇ ਜੁੜਦੇ ਹਨ। ਅਸੀਂ ਕੰਜਕਾਂ ਨੂੰ ਪੂਜਦੇ ਹਾਂ। ਸਾਡਾ ਸੱਭਿਆਚਾਰ ਭੌਣਾਂ-ਜਨੌਰਾਂ ਨੂੰ ਚੋਗਾ ਪਾਉਂਦਾ ਹੈ। ਰੁੱਖਾਂ ਨੂੰ ਮੌਲੀਆਂ ਬੰਨ੍ਹਦਾ ਸੀ। ਨਦੀਆਂ-ਟੋਭਿਆਂ 'ਤੇ ਦੀਵੇ ਜਗਾਉਂਦਾ ਹੈ। ਸਾਡੇ ਪੁਰਖੇ ਤਾਂ "ਸੁੱਤੀ ਧਰਤੀ" 'ਚ ਹਲ ਵੀ ਨਹੀਂ ਸੀ ਜੋਤਦੇ। ਅਸੀਂ ਹੀ ਇਹਨਾਂ ਦੇ ਅਸਲ ਭਾਵਾਂ ਨੂੰ ਭੁੱਲ-ਭੁਲਾਅ ਗਏ ਹਾਂ।

ਮੁੱਕਦੀ ਗੱਲ; ਝੀਲਾਂ-ਦਰਿਆ, ਜੰਗਲ-ਬੇਲੇ ਅਤੇ ਪਹਾੜ ਮਨੁੱਖ ਜਿੰਨੇ ਹੀ ਮਹੱਤਵਪੂਰਨ ਹਨ, ਸਗੋਂ ਮਨੁੱਖੀ ਹੋਂਦ ਲਈ ਮਨੁੱਖ ਤੋਂ ਵੀ ਜ਼ਿਆਦਾ ਮਹੱਤਵਪੂਰਨ ਹਨ। ਹੁਣ ਮਨੁੱਖਵਾਦ ਦੇ ਸੰਕਲਪ ਨੂੰ ਜ਼ਿੰਦਗੀਵਾਦ ਦੇ ਸੰਕਲਪ ਵਿਚ ਬਦਲਣ ਦੀ ਲੋੜ ਹੈ। ਇਹ ਸੰਕਲਪ ਸਾਡੀ ਰਹਿਤਲ ਵਿਚ ਪਹਿਲਾਂ ਵੀ ਪਿਆ ਸੀ, ਅਸੀਂ ਹੀ ਇਸ ਨੂੰ ਪੜ੍ਹਨ, ਸੁਣਨ, ਬੁੱਝਣ ਅਤੇ ਅਮਲ ਕਰਨ ਤੋਂ ਇਨਕਾਰੀ ਹੋ ਗਏ ਹਾਂ। ਸਿੱਟਾ; ਹੁਣ ਧਰਤੀ (ਕੁਦਰਤ) ਸਾਡੇ 'ਤੇ ਮੋੜਵਾਂ ਵਾਰ ਕਰਨ ਲੱਗ ਪਈ ਹੈ। ਆਓ! ਹੁਣ, "ਬਿਰਖਾਂ ਦੀ ਗੱਲ ਕਰੀਏ। ਪਹਾੜਾਂ ਦੀ ਕਦਰ ਕਰੀਏ। ਦਰਿਆਵਾਂ ਦੀ ਬਾਂਹ ਫੜੀਏ। ਧਰਤੀ ਦਾ ਅਦਬ ਕਰੀਏ।"

**# ਸੰਪਰਕ : 94634-39075**

# ਜਦੋਂ ਡੰਗਰ ਚਾਰਦਾ ਮੁੰਡਾ ਡਾਕਟਰ ਬਣਿਆ!



ਸੁਰਿੰਦਰ ਸ਼ਰਮਾ ਨਾਗਰਾ

ਦੇਸ਼ ਆਜ਼ਾਦ ਹੋਣ ਤੋਂ ਬਾਅਦ ਜਦੋਂ ਰਾਜ-ਭਾਗ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਕੋਲ ਆਇਆ ਤਾਂ ਸਭ ਤੋਂ ਪਹਿਲਾਂ ਲੋਕਾਂ ਦੀ ਹਾਲਤ ਵਿੱਚ ਸੁਧਾਰ ਕਰਨਾ ਮੁੱਖ ਕਾਰਜ ਸੀ, ਕਿਉਂਕਿ ਸਦੀਆਂ ਤੋ ਮੁਲਕ ਗੁਲਾਮੀ ਸਹਿਣ ਕਰਦਾ ਆ ਰਿਹਾ ਸੀ। ਬਾਹਰਲੇ ਹੁਕਮਰਾਨਾਂ ਦਾ ਕੰਮ ਦੇਸ਼ ਦੇ ਅਸਾਸੇ ਨੂੰ ਲੁੱਟਣਾ, ਲੋਕਾਂ ਤੋਂ ਵੱਧ ਤੋਂ ਵੱਧ ਜਜ਼ੀਆ ਉਗਰਾਹ ਕੇ ਆਪਣੇ ਖਜ਼ਾਨੇ ਭਰਨਾ ਹੁੰਦਾ ਸੀ। ਲੋਕਾਂ ਦੀਆਂ ਸਹੂਲਤਾਂ ਲਈ ਉਨ੍ਹਾਂ ਦੀ ਦਸ਼ਾ ਸੁਧਾਰਨ ਲਈ ਕੋਈ ਕਦਮ ਨਹੀਂ ਚੁੱਕੇ ਜਾਂਦੇ ਸਨ। ਲੋਕ ਆਪਣੀ ਕਿਸਮਤ ਦੇ ਸਹਾਰੇ ਜੀਏ ਜਾ ਰਹੇ ਸਨ। ਜਿਹੜੇ ਕੁਝ ਚਾਪਲੂਸ ਕਿਸਮ ਦੇ ਲੋਕ ਹੁੰਦੇ ਸਨ, ਉਹ ਸ਼ਾਹੀ ਨਿਜ਼ਾਮ ਦੇ ਨੇੜੇ ਲੱਗ ਕੇ ਥੋੜ੍ਹਾ-ਬਹੁਤ ਫਾਇਦਾ ਉਠਾ ਲੈਂਦੇ ਸਨ।

ਭਾਰਤ ਵਿੱਚ ਜਿੱਥੇ-ਜਿੱਥੇ ਰਿਆਸਤਾਂ ਸਨ, ਉਨ੍ਹਾਂ ਰਾਜਿਆਂ ਦਾ ਵੀ ਇਹੋ ਹਾਲ ਸੀ। ਆਪਣੀ ਪ੍ਰਜਾ ਵਾਰੇ ਬਹੁਤਾ ਨਾ ਸੋਚ ਕੇ ਕੇਵਲ ਐਸ਼ੋ-ਇਸ਼ਰਤ ਵੱਲ ਧਿਆਨ ਸੀ ਜਾਂ ਵੱਡੇ-ਵੱਡੇ ਮਹਿਲ ਜਾਂ ਕਿਲ੍ਹੇ ਉਸਾਰਨ ਤੱਕ ਉਨ੍ਹਾਂ ਦੀ ਪ੍ਰਬਲ ਇੱਛਾ ਹੁੰਦੀ ਸੀ। ਭਾਰਤ ਵਿੱਚ ਕੁਦਰਤੀ ਸਰੋਤ ਬਹੁਤ ਸਨ, ਜਿਵੇਂ ਲੋਹਾ, ਕੋਇਲਾ ਅਤੇ ਹੋਰ ਭਿੰਨ-ਭਿੰਨ ਪ੍ਰਕਾਰ ਦੇ ਖਣਿਜਾਂ ਦੇ ਭੰਡਾਰ ਭਰੇ ਪਏ ਸਨ, ਜਿਨ੍ਹਾਂ ਦਾ ਖਨਣ ਹੋਣ ਵਾਲਾ ਸੀ। ਬ੍ਰਿਟਿਸ਼ ਹਕੂਮਤ ਦੌਰਾਨ ਉਹਨਾਂ ਕੁਦਰਤੀ ਸ੍ਰੋਤਾਂ ਦਾ ਖਨਣ ਕੀਤਾ ਗਿਆ। ਉਨ੍ਹਾਂ ਸ੍ਰੋਤਾਂ ਤੋਂ ਵਸਤਾਂ ਬਣਾਉਣ ਲਈ ਬ੍ਰਿਟਿਸ਼ ਸਰਕਾਰ ਨੇ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਜਿਵੇਂ ਮਾਨਚੈਸਟਰ, ਲੰਡਨ, ਲਿਵਰਪੂਲ, ਸ਼ੈਫਰਡ, ਬ੍ਰਿਸਟਲ ਤੇ ਲਾਇਸੈਸਟਰ ਵਗੈਰਾ ਵਿੱਚ ਬਹੁਤ ਉਦਯੋਗ ਸਥਾਪਤ ਕੀਤੇ। ਇਸ ਕਰਕੇ ਉੱਥੇ ਦਾ ਉਦਯੋਗਿਕ ਵਿਕਾਸ ਬਹੁਤ ਹੋਇਆ। ਬ੍ਰਿਟਿਸ਼ ਹਕੂਮਤ ਭਾਰਤ 'ਚੋਂ ਕੱਚਾ ਮਾਲ ਇੰਗਲੈਂਡ ਲਿਜਾ ਕੇ ਉੱਥੇ ਵਧੀਆ ਵਸਤਾਂ ਬਣਾ ਬਣਾ ਕੇ ਭਾਰਤ ਵਿੱਚ ਅਤੇ ਦੁਨੀਆ ਦੇ ਹੋਰ ਦੇਸ਼ਾਂ ਵਿੱਚ ਵੇਚ ਕੇ ਇੰਗਲੈਂਡ ਨੂੰ ਦੁਨੀਆ ਦਾ ਅਮੀਰ ਮੁਲਕ ਬਣਾ ਦਿੱਤਾ। ਭਾਰਤ ਦੇ ਸੱਭਿਆਚਾਰ ਅਤੇ ਰਹਿਣ-ਸਹਿਣ ਦੇ ਤੌਰ-ਤਰੀਕਿਆਂ ਉੱਪਰ ਵਲੈਤੀ ਤਹਿਜ਼ੀਬ ਠੋਸੀ ਤੇ ਆਪਣਾ ਮਾਲ ਹਿੰਦੁਸਤਾਨ ਅੰਦਰ ਵੇਚਣਾ ਸ਼ੁਰੂ ਕਰ ਦਿੱਤਾ। ਸੋਨਾ, ਚਾਂਦੀ ਹੀਰੇ ਜਵਾਹਰਾਤ ਤੇ ਹੋਰ ਕੀਮਤੀ ਸਮਾਨ ਸਭ ਇੰਗਲੈਂਡ ਲੈ ਗਏ, ਪਰ ਭਾਰਤ ਦੇ ਲੋਕਾਂ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ।

ਭਾਰਤ ਦੇ ਲੋਕ ਜਾਗਰੂਕ ਹੋਏ। ਗੁਲਾਮੀ ਦੀਆਂ ਜੰਜ਼ੀਰਾਂ ਤੋੜਨ ਲਈ ਉਤਾਵਲੇ ਹੋਏ। ਸਭ ਤੋਂ ਪਹਿਲਾਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ 1857 ਦਾ ਗਦਰ ਹੋਇਆ, ਪਰ ਲੋਕਾਂ ਨੂੰ ਸਮਝ ਨਹੀਂ ਆਈ ਤੇ ਬ੍ਰਿਟਿਸ਼ ਹਕੂਮਤ ਨੇ ਇਸ ਨੂੰ ਦਬਾਅ ਦਿੱਤਾ। ਅੰਗਰੇਜ਼ ਹਕੂਮਤ ਨੂੰ ਇਹ ਅਹਿਸਾਸ ਹੋ ਚੁੱਕਿਆ ਸੀ ਕਿ ਹੁਣ ਲੋਕਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਹਨ, ਇਸ ਕਰਕੇ ਇਹ ਬਹੁਤੀ ਦੇਰ ਗੁਲਾਮ ਨਹੀਂ ਰਹਿਣਗੇ। ਇਸ ਤਰ੍ਹਾਂ ਆਜਾਦੀ ਦੀ ਲੜਾਈ ਤੇਜ਼ ਹੁੰਦੀ ਗਈ, ਜਿਸ ਵਿੱਚ ਹਿੰਦੁਸਤਾਨ ਦੇ ਜਾਂਬਾਜ਼ ਯੋਧਿਆਂ ਨੇ ਹਿੱਸਾ ਲਿਆ।

ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲੈਣ ਵਾਲੇ ਸੰਗਰਾਮੀਏ ਭਗਤ ਸਿੰਘ, ਰਾਜਗੁਰੂ, ਸੁਖਦੇਵ, ਲਾਲਾ ਲਾਜਪਤ ਰਾਏ, ਸਰਦਾਰ ਵੱਲਭ ਭਾਈ ਪਟੇਲ, ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਰਾਮ ਪ੍ਰਸਾਦ ਬਿਸਮਿਲ, ਚੰਦਰ ਸ਼ੇਖਰ ਆਜ਼ਾਦ, ਰਾਣੀ ਲਕਸ਼ਮੀ ਬਾਈ, ਸੁਭਾਸ਼ ਚੰਦਰ ਬੋਸ ਤੇ ਹੋਰ ਬਹੁਤ ਸਾਰੇ ਆਜਾਦੀ ਦੇ ਪਰਵਾਨੇ, ਜਿਨ੍ਹਾਂ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਆਪਣੀ ਜਾਨ ਦੀ ਪ੍ਰਵਾਹ ਨਹੀਂ ਕੀਤੀ। ਇਨ੍ਹਾਂ ਦੀਆਂ ਕੁਰਬਾਨੀਆਂ ਸਦਕਾ 1947 ਨੂੰ ਦੇਸ਼ ਆਜ਼ਾਦ ਹੋ ਗਿਆ। ਵਾਗਡੋਰ ਸਾਡੇ ਦੇਸ਼ ਦੇ ਰਹਿਨੁਮਾਂ ਦੇ ਹੱਥ ਆ ਗਈ।

ਇਸ ਤੋਂ ਬਾਅਦ ਸਿੱਖਿਆ ਦਾ ਪਸਾਰ ਹੋਇਆ। ਨਵੀਆਂ-ਨਵੀਆਂ ਯੂਨੀਵਰਸਿਟੀਆਂ, ਕਾਲਜ ਤੇ ਤਕਨੀਕੀ ਸੰਸਥਾਨ ਖੁੱਲ੍ਹਣ ਲੱਗੇ। ਵਧੀਆ ਪੜ੍ਹੇ ਲਿਖੇ ਇਮਾਨਦਾਰ ਤੇ ਦੇਸ਼ ਲਈ ਕੁਝ ਕਰਨ ਵਾਲੇ ਅਫਸਰ ਵਿਕਾਸ ਦੇ ਵੱਖੋ-ਵੱਖ ਅਦਾਰਿਆਂ ਵਿੱਚ ਭਰਤੀ ਹੋਣ ਲੱਗੇ। ਪੁਲਸ, ਫੌਜ, ਆਰਥਿਕ, ਸਮਾਜਿਕ ਅਤੇ ਨਿਆਂ ਪ੍ਰਣਾਲੀ ਵਿੱਚ ਚੰਗੇ ਅਧਿਕਾਰੀਆਂ ਦੀ ਸਿਲੈਕਸ਼ਨ ਹੋਣ ਲੱਗੀ।

ਤਕਰੀਬਨ 1953-54 ਦੇ ਨੇੜੇ-ਤੇੜੇ ਦੀ ਗੱਲ ਹੈ। ਧੂਰੀ ਇੱਕ ਛੋਟਾ ਜਿਹਾ ਕਸਬਾ-ਨੁਮਾ ਬਠਿੰਡਾ-ਅੰਬਾਲਾ ਰੇਲਵੇ ਲਾਈਨ ਪੈਣ ਕਰਕੇ ਵਿਕਾਸ ਦੀਆਂ ਪੁਲਾਂਘਾਂ ਪੁੱਟ ਰਿਹਾ ਸੀ। ਨਵੀਂ ਦਾਣਾ ਮੰਡੀ ਵੀ ਪਲੈਨ ਕਰਕੇ ਅਲਾਟ ਕਰ ਦਿੱਤੀ। ਪਹਿਲਾਂ ਥਾਣਾ ਸਦਰ ਪੁਰਾਣੀ ਮੰਡੀ ਵਿੱਚ ਸੀ, ਥਾਣਾ ਸਿਟੀ ਬਾਅਦ 'ਚ ਬਣਿਆ। ਉਸ ਸਮੇਂ ਦੋ ਪੁਲਸ ਅਫਸਰ (ਸਹਾਇਕ ਸਬ-ਇੰਸਪੈਕਟਰ) ਇੱਥੇ ਤਾਇਨਾਤ ਹੋਏ। ਥਾਣੇ ਦਾ ਇਲਾਕਾ ਕਾਫੀ ਲੰਮਾ-ਚੌੜਾ ਸੀ, ਤਕਰੀਬਨ 84-85 ਪਿੰਡ ਲੱਗਦੇ ਸਨ। ਦੋਵੇਂ ਅਫਸਰਾਂ ਨੇ ਆਪਣਾ ਕੰਮਕਾਜ ਬਹੁਤ ਹੀ ਵਧੀਆ ਤਰੀਕੇ ਨਾਲ ਸੰਭਾਲਿਆ ਤੇ ਸ਼ਹਿਰ ਵਿੱਚ ਬੜਾ ਨਾਮਣਾ ਖੱਟਿਆ। ਇੱਕ ਦਿਨ ਦੋਵੇਂ ਜਣੇ ਸਾਈਕਲਾਂ ਉਪਰ ਪਿੰਡਾਂ ਵਿੱਚ ਗਸ਼ਤ ਕਰਦੇ ਹੋਏ ਦਸ ਮੀਲ ਦੂਰ ਇੱਕ ਪਿੰਡ ਦੇ ਨੇੜੇ ਪਹੁੰਚੇ। ਪਿੰਡ ਦੀ ਨਿਆਈਂ ਵਿੱਚ ਨੌਂ ਦਸ ਸਾਲ ਦਾ ਮੁੰਡਾ ਡੰਗਰ ਚਾਰ ਰਿਹਾ ਸੀ। ਮਾਰਚ ਦਾ ਮਹੀਨਾ ਸੀ, ਸਾਈਕਲ ਚਲਾਉਂਦੇ ਥੱਕ ਗਏ। ਉਸ ਮੁੰਡੇ ਨੂੰ ਬੁਲਾ ਕੇ ਪੁੱਛਿਆ, ' ਕਾਕਾ ! ਕਿਹੜੇ ਪਿੰਡੋਂ ਐਂ ?'

ਮੁੰਡਾ ਕਹਿੰਦਾ ਕਿ ਇਹੀ ਪਿੰਡ ਹੈ। ਉਨ੍ਹਾਂ 'ਚੋਂ ਇੱਕ ਅਫਸਰ ਕਹਿਣ ਲੱਗਿਆ ਕਿ ਪਿੰਡੋਂ ਜਾ ਕੇ ਲੱਸੀ ਲਿਆ। ਮੁੰਡਾ ਅੱਧੇ ਘੰਟੇ 'ਚ ਲੱਸੀ ਦਾ ਡੋਲੂ ਲਿਆਇਆ ਤੇ ਉਨ੍ਹਾਂ ਦੋਵਾਂ ਨੇ ਰੱਜ ਕੇ ਲੱਸੀ ਪੀਤੀ। ਲੱਸੀ ਪੀ ਕੇ ਇਕ ਅਫਸਰ ਨੇ ਮੁੰਡੇ ਨੂੰ ਪੁੱਛਿਆ ਕਿ ਤੂੰ ਪੜ੍ਹਨ ਕਿਉਂ ਨਹੀਂ ਲੱਗਿਆ। ਉਹ ਕਹਿਣ ਲੱਗਿਆ ਕਿ ਅਸੀਂ ਬਹੁਤ ਗਰੀਬ ਹਾਂ, ਬਹੁਤ ਥੋੜ੍ਹੀ ਜ਼ਮੀਨ ਹੈ ਤੇ ਬਾਪੂ ਮੇਰਾ ਦੂਸਰੇ ਕਿਸਾਨਾਂ ਨਾਲ ਹਿੱਸੇ 'ਤੇ ਖੇਤੀ ਕਰਦਾ ਹੈ ਅਤੇ ਪਿੰਡ ਵਿੱਚ ਕੋਈ ਸਕੂਲ ਵੀ ਨਹੀਂ ਹੈ। ਦੋਵਾਂ ਨੇ ਉਹਦੀਆਂ ਅੱਖਾਂ 'ਚ ਇੱਕ ਨਵੀਂ ਚਮਕ ਵੇਖੀ। ਉਨ੍ਹਾਂ ਅੰਦਾਜ਼ਾ ਲਗਾਇਆ ਕਿ ਜੇਕਰ ਇਸ ਬੱਚੇ ਨੂੰ ਪੜ੍ਹਨ ਦਾ ਮੌਕਾ ਮਿਲ ਜਾਏ ਤਾਂ ਇਹ ਪੜ੍ਹ ਸਕਦਾ ਹੈ ਤੇ ਸਰਕਾਰੀ ਨੌਕਰੀ ਕਰ ਸਕਦਾ ਹੈ। ਉਨ੍ਹਾਂ ਫਿਰ ਮੁੰਡੇ ਨੂੰ ਪੁੱਛਿਆ ਕਿ ਉਹ ਪੜ੍ਹਨਾ ਚਾਹੁੰਦਾ ਹੈ। ਉਹ ਨੀਵੀਂ ਪਾ ਕੇ ਸੋਟੀ ਨਾਲ ਧਰਤੀ ਖੁਰਚਣ ਲੱਗਿਆ। ਉਹ ਸਮਝ ਗਏ ਕਿ ਇਹ ਪੜ੍ਹਨਾ ਚਾਹੁੰਦਾ ਹੈ, ਜੇਕਰ ਇਸ ਨੂੰ ਮੌਕਾ ਮਿਲੇ। ਮੁੰਡਾ ਕਹਿਣ ਲੱਗਿਆ ਕਿ ਉਸ ਦੇ ਘਰਦਿਆਂ ਕੋਲ ਪੈਸੇ ਨਹੀਂ, ਉਹ ਫੀਸ ਕਿੱਥੋਂ ਭਰੇਗਾ ਤੇ ਕਿਤਾਬਾਂ ਕਿਵੇਂ ਖਰੀਦੇਗਾ।

ਉਹ ਦੋਵੇਂ ਕਹਿਣ ਲੱਗੇ ਕਿ ਉਹ ਇਸ ਦੀ ਫਿਕਰ ਨਾ ਕਰੇ। ਸਰਕਾਰ ਦੀ ਅੰਦਰੂਨੀ ਪਾਲਿਸੀ ਇਹ ਸੀ ਕਿ ਲੋਕ ਵੱਧ ਤੋਂ ਵੱਧ ਪੜ੍ਹਾਈ ਕਰਨ, ਰੁਜ਼ਗਾਰ ਮਿਲੇ ਤੇ ਦੇਸ਼ ਦੇ ਵਿਕਾਸ ਵਿੱਚ ਅਹਿਮ ਰੋਲ ਅਦਾ ਕਰਨ। ਦੋਵਾਂ ਅਫਸਰਾਂ ਨੂੰ ਇਸ ਗੱਲ ਦਾ ਦਿਲੋਂ ਅਹਿਸਾਸ ਸੀ। ਅਫਸਰਾਂ ਨੇ ਮੁੰਡੇ ਨੂੰ ਧੂਰੀ ਦੇ ਇੱਕ ਹਾਈ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਸਕੂਲ ਵਿੱਚ ਆਪਣਾ ਬੋਰਡਿੰਗ ਹਾਊਸ ਸੀ, ਉੱਥੇ ਰਹਿਣ ਲਈ ਕਮਰਾ ਲੈ ਦਿੱਤਾ। ਉਸ ਦੇ ਸਾਰੇ ਖਰਚੇ ਦੀ ਜ਼ਿੰਮੇਵਾਰੀ ਦੋਵਾਂ ਨੇ ਲੈ ਲਈ। ਮੁੰਡਾ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਨਿਕਲਿਆ। ਇੱਕ ਸਾਲ ਵਿੱਚ ਦੋ - ਦੋ ਜਮਾਤਾਂ ਕਰਦਾ ਫਸਟ ਆਉਣ ਲੱਗਾ। ਫਿਰ ਐਮ ਬੀ ਬੀ ਐਸ ਕੀਤੀ ਤੇ ਸੰਯੁਕਤ ਰਾਸਟਰ ਅਮਰੀਕਾ ਵਿੱਚ ਬਹੁਤ ਪ੍ਰਸਿੱਧ ਡਾਕਟਰ ਬਣਿਆ। ਦੋਵੇਂ ਪ੍ਰੇਰਨਾ ਦੇਣ ਵਾਲੇ ਅਫਸਰਾਂ 'ਚੋਂ ਇੱਕ ਪੁਲਿਸ ਅਫਸਰ ਪੁਲਿਸ ਮਹਿਕਮੇ ਵਿੱਚ ਬਹੁਤ ਉੱਚੇ ਅਹੁਦੇ ਤੇ ਪਹੁੰਚਿਆ ਤੇ ਆਪਣੇ ਪਿੰਡ ਤੇ ਲਾਗਲੇ ਪਿੰਡਾਂ ਦੇ ਬਹੁਤ ਸਾਰੇ ਲੜਕਿਆਂ ਨੂੰ ਪੁਲਿਸ ਵਿੱਚ ਅਤੇ ਹੋਰ ਮਹਿਕਮਿਆਂ 'ਚ ਭਰਤੀ ਕਰਵਾਇਆ। ਸੇਵਾ-ਮੁਕਤੀ ਤੋਂ ਬਾਅਦ ਆਪਣੇ ਇਲਾਕੇ ਦਾ ਐੱਮ ਐੱਲ ਏ ਵੀ ਰਿਹਾ।

**# ਸੰਪਰਕ : 98786-46595**

# ਉਰਦੂ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਸੁਨਹਿਰੇ ਅੱਖਰਾਂ 'ਚ ਲਿਖੇ ਜਾਣ ਲਾਇਕ



ਮੁਹੰਮਦ ਅੱਬਾਸ ਧਾਲੀਵਾਲ

ਪਿਛਲੇ ਕਈ ਦਹਾਕਿਆਂ ਤੋਂ ਉਰਦੂ ਭਾਸ਼ਾ ਨਾਲ ਜੋ ਵਿਭੇਦਪੂਰਨ ਵਿਵਹਾਰ ਕੁਝ ਤੰਗ-ਨਜ਼ਰ ਲੋਕਾਂ ਵੱਲੋਂ ਕੀਤਾ ਜਾਂਦਾ ਰਿਹਾ ਹੈ, ਉਸ ਤੋਂ ਅਸੀਂ ਸਾਰੇ ਭਲੀਭਾਂਤ ਵਾਕਿਫ਼ ਹਾਂ, ਪਰ ਹਾਲ ਹੀ ਵਿੱਚ ਉਰਦੂ ਭਾਸ਼ਾ ਨੂੰ ਲੈ ਕੇ ਕੁਝ ਲੋਕਾਂ ਵੱਲੋਂ ਜਿਹੜੇ ਪੱਖਪਾਤੀ ਅਤੇ ਨਫਰਤ ਭਰੇ ਬਿਆਨ ਦਿੱਤੇ ਗਏ, ਉਹਨਾਂ ਦੀ ਉਦਾਹਰਣ ਪਹਿਲਾਂ ਸ਼ਾਇਦ ਹੀ ਕਿਤੇ ਮਿਲਦੀ ਹੋਵੇ।

ਇੱਕ ਰਿਪੋਰਟ ਅਨੁਸਾਰ ਹਾਲ ਹੀ ਵਿੱਚ ਸੰਯੁਕਤ ਰਾਸ਼ਟਰ (ਯੂ. ਐੱਨ. ਓ) ਵੱਲੋਂ ਉਰਦੂ ਭਾਸ਼ਾ ਨੂੰ ਅੰਤਰਰਾਸ਼ਟਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ, ਪਰ ਦੁਖਾਂਤ ਹੈ ਜਿਸ ਭਾਰਤੀ ਭਾਸ਼ਾ ਨੂੰ ਅੱਜ ਦੁਨੀਆ ਸਨਮਾਨ ਦੇ ਰਹੀ ਹੈ, ਅੱਜ ਉਹੀਓ ਅੰਤਰਰਾਸ਼ਟਰੀ ਪਛਾਣ ਵਾਲੀ ਭਾਸ਼ਾ ਨੂੰ ਆਪਣੇ ਹੀ ਦੇਸ਼ ਵਿੱਚ ਕੁਝ ਲੋਕਾਂ ਵੱਲੋਂ ਨਫਰਤ ਦੀ ਨਜ਼ਰ ਨਾਲ ਦੇਖਿਆ ਜਾ ਰਿਹਾ ਹੈ ਅਤੇ ਆਪਣੀ ਸਸਤੀ ਸ਼ੋਹਰਤ ਹਾਸਲ ਕਰਨ ਲਈ ਉਰਦੂ ਭਾਸ਼ਾ ਨੂੰ ਲੈ ਕੇ ਉਲਟੇ-ਸਿੱਧੇ ਬਿਆਨ ਜਾਰੀ ਕੀਤੇ ਜਾ ਰਹੇ ਹਨ ਅਤੇ ਇਸ ਨੂੰ ਸਿਰਫ ਮੁਸਲਮਾਨਾਂ ਨਾਲ ਜੋੜ ਕੇ ਆਪਣੀ ਤੰਗ ਸੋਚਣੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ, ਉਂਝ ਵੇਖਿਆ ਜਾਵੇ ਤਾਂ ਉਰਦੂ ਭਾਸ਼ਾ ਨਾਲ ਇਹ ਵਿਤਕਰਾ ਕੋਈ ਨਵੀਂ ਗੱਲ ਨਹੀਂ ਹੈ, ਸਗੋਂ ਅਜ਼ਾਦੀ ਤੋਂ ਬਾਅਦ ਤੋਂ ਹੀ ਕੁੱਝ ਮੁੱਠੀ ਭਰ ਲੋਕ ਅੰਗਰੇਜ਼ਾਂ ਦੀ ਦੇਖਾ-ਦੇਖੀ ਇਸ ਭਾਸ਼ਾ ਨੂੰ ਮੁਸਲਮਾਨਾਂ ਦੀ ਭਾਸ਼ਾ ਕਹਿੰਦੇ ਆ ਰਹੇ ਹਨ, ਅੱਜ ਵੀ ਕੁਝ ਲੋਕ ਉਨ੍ਹਾਂ ਦੇ ਨਕਸ਼ੇ-ਕਦਮ 'ਤੇ ਤੁਰਦੇ ਹੋਏ ਉਰਦੂ ਨੂੰ ਸਿਰਫ ਇੱਕ ਧਰਮ ਨਾਲ ਜੋੜ ਕੇ ਦੇਖਦੇ ਹਨ।

ਪਰ ਮੈਂ ਸਮਝਦਾ ਹਾਂ ਕਿ ਭਾਰਤ ਵਿੱਚ ਜੰਮੀ ਇਸ ਆਧੁਨਿਕ ਆਰਿਆਈ ਭਾਸ਼ਾ ਨੂੰ ਧਰਮ ਨਾਲ ਜੋੜਨਾ ਬਹੁਤ ਹੀ ਅਫਸੋਸਜਨਕ ਅਤੇ ਕਦਾਚਿਤ ਦਰੁਸਤ ਗੱਲ ਨਹੀਂ ਹੈ।

ਜਦੋਂ ਅਸੀਂ ਉਰਦੂ ਪੜ੍ਹਦੇ ਹਾਂ ਤਾਂ ਅਸੀਂ ਉਸ ਵਿੱਚ ਅਰਬੀ, ਫਾਰਸੀ, ਹਿੰਦੀ, ਪੰਜਾਬੀ, ਬ੍ਰਿਜ ਭਾਸ਼ਾ ਅਤੇ ਅੰਗਰੇਜ਼ੀ ਦੇ ਅਨੇਕ ਸ਼ਬਦਾਂ ਦੀ ਵਰਤੋਂ ਕੀਤੀ ਹੋਈ ਵੇਖਦੇ ਹਾਂ, ਇਹ ਕਿ ਵਿਭਿੰਨ ਭਾਸ਼ਾਵਾਂ ਦੇ ਸ਼ਬਦ ਅੱਜ ਵੀ ਉਰਦੂ ਬੋਲੀ ਅਤੇ ਲਿਖਤ ਵਿੱਚ ਬਹੁਤ ਧੜੱਲੇ ਨਾਲ ਆਮ ਵਰਤੇ ਜਾਂਦੇ ਹਨ।

ਵੈਸੇ 'ਉਰਦੂ' ਸ਼ਬਦ ਤੁਰਕੀ ਭਾਸ਼ਾ ਦਾ ਹੈ, ਜਿਸ ਦਾ ਅਰਥ "ਲਸ਼ਕਰ" ਹੁੰਦਾ ਹੈ। ਜਿਵੇਂ ਲਸ਼ਕਰ ਵਿੱਚ ਵੱਖ-ਵੱਖ ਖੇਤਰਾਂ ਅਤੇ ਧਰਮਾਂ ਦੇ ਲੋਕੀਂ ਇੱਕ ਥਾਂ ਜਮ੍ਹਾਂ ਹੁੰਦੇ ਹਨ, ਉਸੇ ਤਰ੍ਹਾਂ ਉਰਦੂ ਨੇ ਵੀ ਵੱਖ-ਵੱਖ ਭਾਸ਼ਾਵਾਂ ਦੇ ਸ਼ਬਦਾਂ ਨੂੰ ਆਪਣੇ ਘੇਰੇ ਵਿੱਚ ਸ਼ਾਮਲ ਕਰਦਿਆਂ ਆਪਣੀ ਵਿਸ਼ਾਲਤਾ ਦਾ ਸਬੂਤ ਦਿੱਤਾ ਹੈ।

ਇੱਥੇ ਜ਼ਿਕਰਯੋਗ ਹੈ ਕਿ ਵੱਖ-ਵੱਖ ਸਮਿਆਂ ਵਿੱਚ ਉਰਦੂ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਰਿਹਾ - ਕਦੇ ਹਿੰਦਵੀ, ਕਦੇ ਰੇਖਤਾ, ਕਦੇ ਗੁਜਰੀ, ਕਦੇ ਉਰਦੂ-ਏ-ਮੁਅੱਲਾ ਆਦਿ।

ਉਰਦੂ ਦੀ ਮਿਠਾਸ ਤੇ ਆਮ-ਫਹਿਮੀ ਅਤੇ ਲੋਕਪ੍ਰਿਯਤਾ ਕਰਕੇ ਇਸ ਨੂੰ ਲੱਗਭੱਗ ਹਰ ਧਰਮ ਅਤੇ ਕੌਮ ਦੇ ਕਵੀਆਂ ਅਤੇ ਲੇਖਕਾਂ ਨੇ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਵਰਤਿਆ। ਜਦੋਂ ਅਸੀਂ ਉਰਦੂ ਦੇ ਲੇਖਕਾਂ ਅਤੇ ਕਵੀਆਂ 'ਤੇ ਝਾਤ ਮਾਰਦੇ ਹਾਂ ਤਾਂ ਬਹੁਤ ਸਾਰੇ ਨਾਮੀ ਗੈਰ-ਮੁਸਲਿਮ ਲੇਖਕਾਂ ਦੇ ਨਾਂਅ ਵੀ ਸਾਡੇ ਸਾਹਮਣੇ ਭਲੀਭਾਂਤ ਆ ਜਾਂਦੇ ਹਨ, ਜਿਵੇਂ ਕਿ ਫਿਰਾਕ ਗੋਰਖਪੁਰੀ (ਅਸਲੀ ਨਾਂਅ ਰਘੁਪਤੀ), ਪੰਡਤ ਬ੍ਰਿਜ ਨਾਰਾਇਣ ਚਕਬਸਤ, ਪੰਡਤ ਰਤਨ ਨਾਥ ਸਰਸਾਰ, ਦਇਆ ਸੰਕਰ ਨਸੀਮ, ਰਾਜਿੰਦਰ ਸਿੰਘ ਬੇਦੀ, ਕੁੰਵਰ ਮਹਿੰਦਰ ਸਿੰਘ ਬੇਦੀ ਸਿਹਰ, ਬਲਵੰਤ ਸਿੰਘ, ਕ੍ਰਿਸ਼ਨ ਚੰਦਰ ਆਦਿ।

ਸ਼ਾਇਦ ਇਹੋ ਵਜ੍ਹਾ ਹੈ ਕਿ ਹਾਲ ਹੀ ਵਿੱਚ ਦੇਸ਼ ਦੀ ਸਰਵਉੱਚ ਅਦਾਲਤ ਨੇ ਉਰਦੂ ਭਾਸ਼ਾ ਦੀ ਗੰਗਾ-ਜਮੁਨੀ ਤਹਿਜ਼ੀਬ ਦੀ ਗਵਾਹੀ ਭਰਦਿਆਂ ਕਿਹਾ ਕਿ ਇਹ ਭਾਸਾ ਸੱਭਿਆਚਾਰ ਹੈ ਅਤੇ ਇਹ ਕਿਸੇ ਤਰ੍ਹਾਂ ਲੋਕਾਂ ਵਿੱਚ ਵੰਡ ਦਾ ਕਾਰਨ ਨਹੀਂ ਬਣਨੀ ਚਾਹੀਦੀ। ਉਰਦੂ ਭਾਸ਼ਾ ਗੰਗਾ-ਜਮੁਨੀ ਜਾਂ ਭਾਰਤੀ ਸੱਭਿਆਚਾਰ ਦਾ ਸ਼ਾਨਦਾਰ ਨਮੂਨਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਉਰਦੂ ਇਸ ਦੇਸ਼ ਦੀ ਮਿੱਟੀ ਵਿੱਚ ਪਲੀ-ਵਧੀ ਭਾਸ਼ਾ ਹੈ। ਆਓ, ਅਸੀਂ ਉਰਦੂ ਤੇ ਬਾਕੀ ਸਾਰੀਆਂ ਭਾਸ਼ਾਵਾਂ ਨਾਲ ਦੋਸਤੀ ਕਰੀਏ! ਇਹ ਬਿਆਨ ਕਿਸੇ ਉਰਦੂ ਪ੍ਰੇਮੀ ਦਾ ਨਹੀਂ, ਸਗੋਂ ਸੁਪਰੀਮ ਕੋਰਟ ਨੇ ਉਰਦੂ ਭਾਸ਼ਾ ਦੇ ਹੱਕ ਵਿੱਚ ਇਹ ਬਿਆਨ ਆਪਣੇ ਇੱਕ ਫੈਸਲੇ ਦੌਰਾਨ ਦਿੱਤਾ ਹੈ। ਦਰਅਸਲ ਮਾਮਲਾ ਮਹਾਰਾਸ਼ਟਰ ਦੇ ਅਕੋਲਾ ਜ਼ਿਲ੍ਹੇ ਦੀ ਪਾਤੂਰ ਨਗਰ ਕੌਂਸਲ ਦੀ ਇਮਾਰਤ 'ਤੇ ਲੱਗੇ ਉਰਦੂ ਬੋਰਡ ਖਿਲਾਫ ਪਟੀਸ਼ਨ ਦਾ ਸੀ, ਜਿਸ ਨੂੰ ਸੁਪਰੀਮ ਕੋਰਟ ਨੇ ਉਪਰੋਕਤ ਸ਼ਬਦਾਂ ਨਾਲ ਖਾਰਜ ਕਰ ਦਿੱਤਾ।

ਉਰਦੂ ਦੇ ਬੋਰਡ ਖਿਲਾਫ ਪਟੀਸ਼ਨ ਦਾਇਰ ਕਰਨ ਵਾਲੇ ਸਾਬਕਾ ਕੌਂਸਲਰ ਨੇ ਦਲੀਲ ਦਿੱਤੀ ਸੀ ਕਿ ਉਰਦੂ ਵਿੱਚ ਬੋਰਡ ਲਾਉਣਾ ਸੂਬੇ ਦੇ ਭਾਸ਼ਾ ਕਾਨੂੰਨ ਦੀ ਉਲੰਘਣਾ ਹੈ। ਪਟੀਸ਼ਨ ਨੂੰ ਖਾਰਜ ਕਰਦਿਆਂ ਜਸਟਿਸ ਸੁਧਾਂ ਧੂਲੀਆ ਤੇ ਜਸਟਿਸ ਕੇ ਵਿਨੋਦ ਚੰਦਰਨ ਦੀ ਬੈਂਚ ਨੇ ਬੰਬੇ ਹਾਈ ਕੋਰਟ ਦੇ ਫੈਸਲੇ ਨੂੰ ਬਹਾਲ ਰੱਖਿਆ। ਬੈਂਚ ਨੇ ਪਟੀਸ਼ਨ ਵਿੱਚ ਦਿੱਤੀਆਂ ਗਈਆਂ ਦਲੀਲਾਂ ਨੂੰ ਭਾਸ਼ਾਈ ਤੁਅੱਸਬ ਕਰਾਰ ਦਿੱਤਾ। ਬੈਂਚ ਨੇ ਕਿਹਾ-ਕਿਸੇ ਵੀ ਭਾਸ਼ਾ ਖਿਲਾਫ ਸਾਡੀਆਂ ਗਲਤਫਹਿਮੀਆਂ ਨੂੰ ਸੱਚ ਤੇ ਸਾਹਸ ਨਾਲ ਖਤਮ ਕਰਨਾ ਚਾਹੀਦਾ ਹੈ। ਸਾਡੇ ਦੇਸ਼ ਦੀ ਵਿਵਧਤਾ ਸਾਡੀ ਤਾਕਤ ਹੈ, ਕਮਜ਼ੋਰੀ ਨਹੀਂ। ਉਰਦੂ ਨਾਲ ਦੋਸਤੀ ਕਰੋ, ਦੁਸ਼ਮਣੀ ਨਹੀਂ।

ਭਾਸ਼ਾ ਕਿਸੇ ਧਰਮ ਦੀ ਨਹੀਂ ਹੁੰਦੀ, ਉਹ ਇਲਾਕੇ, ਭਾਈਚਾਰੇ ਤੇ ਸੰਸਕ੍ਰਿਤੀ ਨਾਲ ਜੁੜੀ ਹੁੰਦੀ ਹੈ।

ਬੈਂਚ ਨੇ ਉਰਦੂ ਨੂੰ ਗੰਗਾ-ਜਮਨੀ ਤਹਿਜ਼ੀਬ ਦਾ ਬਿਹਤਰੀਨ ਨਮੂਨਾ ਦੱਸਦਿਆਂ ਉਸ ਨੂੰ ਸਾਂਝੀ ਸੰਸਕ੍ਰਿਤੀ ਦੀ ਨਜੀਰ ਦੱਸਿਆ, ਜਿਹੜੀ ਉੱਤਰ ਤੇ ਮੱਧ ਭਾਰਤ ਦੇ ਮੈਦਾਨਾਂ ਵਿੱਚ ਪਨਪੀ। ਬੈਂਚ ਨੇ ਕਿਹਾ ਕਿ ਉਰਦੂ ਹਿੰਦੀ ਤੇ ਪੰਜਾਬੀ ਦੀ ਤਰ੍ਹਾਂ ਇੱਕ ਭਾਰਤੀ ਭਾਸ਼ਾ ਹੈ, ਜਿਹੜੀ ਇੱਥੋਂ ਦੀ ਸੰਸਕ੍ਰਿਤੀ ਵਿੱਚ ਪੈਦਾ ਹੋਈ ਤੇ ਪਲੀ-ਵਧੀ। ਉਰਦੂ ਨੂੰ ਵਿਦੇਸ਼ੀ ਜਾਂ ਸਿਰਫ ਮੁਸਲਮਾਨਾਂ ਦੀ ਭਾਸ਼ਾ ਮੰਨਣਾ ਇੱਕ ਇਤਿਹਾਸਕ ਭੁਲੇਖਾ ਹੈ।

ਬੈਂਚ ਨੇ ਇਸ ਨੂੰ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਨਾਲ ਜੋੜਦਿਆਂ ਕਿਹਾ, 'ਇਹ ਵੰਡ ਬਸਤੀਵਾਦੀ ਤਾਕਤਾਂ ਵੱਲੋਂ ਧਾਰਮਿਕ ਆਧਾਰ 'ਤੇ ਭਾਸ਼ਾਵਾਂ ਨੂੰ ਅੱਡ ਕਰਨ ਦੀ ਸਾਜ਼ਿਸ਼ ਦਾ ਹਿੱਸਾ ਰਹੀ ਹੈ। ਹਿੰਦੀ ਨੂੰ ਹਿੰਦੂਆਂ ਦੀ ਅਤੇ ਉਰਦੂ ਨੂੰ ਮੁਸਲਮਾਨਾਂ ਦੀ ਭਾਸ਼ਾ ਦੇ ਰੂਪ ਵਿੱਚ ਸਥਾਪਤ ਕਰਨਾ ਸਾਡੀ ਸਾਂਝੀ ਵਿਰਾਸਤ 'ਤੇ ਹਮਲਾ ਸੀ।

ਬੈਂਚ ਨੇ ਅੰਕੜਿਆਂ ਰਾਹੀਂ ਵੀ ਭਾਰਤ ਦੀ ਭਾਸ਼ਾਈ ਵਿਵਦਤਾ ਦੀ ਮਿਸਾਲ ਪੇਸ਼ ਕੀਤੀ। ਉਸ ਨੇ ਦੱਸਿਆ ਕਿ ਉਰਦੂ ਭਾਰਤ ਦੀ ਛੇਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਇਹ ਦੇਸ਼ ਦੇ ਸਾਰੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਬੋਲੀ ਜਾਂਦੀ ਹੈ।

ਬੈਂਚ ਨੇ ਆਜ਼ਾਦੀ ਸੰਗਰਾਮ ਦੌਰਾਨ ਉੱਭਰੀ 'ਹਿੰਦੁਸਤਾਨੀ' ਭਾਸ਼ਾ ਦਾ ਜ਼ਿਕਰ ਕਰਦਿਆਂ ਕਿਹਾ, 'ਹਿੰਦੁਸਤਾਨੀ, ਜਿਹੜੀ ਹਿੰਦੀ-ਉਰਦੂ-ਪੰਜਾਬੀ ਵਰਗੀਆਂ ਭਾਸ਼ਾਵਾਂ ਦਾ ਮੇਲ ਹੈ, ਉਸ ਸਮੇਂ ਸੰਪੂਰਨ ਭਾਰਤ ਵਿੱਚ ਸੰਵਾਦ ਦੀ ਪ੍ਰਮੁੱਖ ਭਾਸ਼ਾ ਬਣ ਰਹੀ ਸੀ। ਪਹਿਲੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਹਿੰਦੁਸਤਾਨੀ ਨੂੰ ਕੁਲ ਹਿੰਦ ਸੰਪਰਕ ਭਾਸ਼ਾ ਵਜੋਂ ਅਪਨਾਉਣ ਦੇ ਹਾਮੀ ਸਨ। ਇਸ ਦੇ ਨਾਲ ਹੀ ਉਹ ਹੋਰਨਾਂ ਪ੍ਰਦੇਸ਼ਾਂ ਦੀਆਂ ਭਾਸ਼ਾਵਾਂ ਨੂੰ ਵੀ ਬਰਾਬਰ ਦਰਜਾ ਦੇਣ ਦੇ ਹੱਕ ਵਿੱਚ ਸਨ।'

ਉਰਦੂ ਨੂੰ ਹਿੰਦੀ ਦੇ ਖਿਲਾਫ ਤੋਲਣ 'ਤੇ ਬੈਂਚ ਨੇ ਕਿਹਾ ਕਿ ਭਾਰਤੀ ਸੰਵਿਧਾਨ ਦੇ ਆਰਟੀਕਲ 343 ਤਹਿਤ ਭਲੇ ਹੀ ਹਿੰਦੀ ਨੂੰ ਰਾਜ ਭਾਸ਼ਾ ਐਲਾਨਿਆ ਗਿਆ ਹੋਵੇ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਰਦੂ ਜਾਂ ਹਿੰਦੁਸਤਾਨੀ ਦੀ ਹੋਂਦ ਹੀ ਖਤਮ ਹੋ ਗਈ। ਸੰਵਿਧਾਨ ਦੇ ਨਿਰਮਾਤਾਵਾਂ ਦੀ ਮਨਸ਼ਾ ਕਦੇ ਇਹ ਨਹੀਂ ਸੀ ਕਿ ਉਰਦੂ ਵਰਗੀਆਂ ਭਾਸ਼ਾਵਾਂ ਨੂੰ ਹਾਸ਼ੀਏ 'ਤੇ ਧੱਕਿਆ ਜਾਵੇ। ਬੈਂਚ ਨੇ ਕਿਹਾ-ਅੱਜ ਵੀ ਅਦਾਲਤਾਂ 'ਚ ਕਈ ਸ਼ਬਦ ਉਰਦੂ ਦੇ ਚੱਲਦੇ ਹਨ, ਜਿਵੇਂ ਅਦਾਲਤ, ਹਲਫਨਾਮਾ, ਪੇਸ਼ੀ, ਵਕਾਲਤਨਾਮਾ, ਦਸਤੀ ਆਦਿ। ਸੁਪਰੀਮ ਕੋਰਟ ਤੇ ਹਾਈ ਕੋਰਟ ਵਿੱਚ ਭਲੇ ਹੀ ਅੰਗਰੇਜ਼ੀ ਨੂੰ ਅਧਿਕਾਰਤ ਭਾਸ਼ਾ ਮੰਨਿਆ ਗਿਆ ਹੈ, ਪਰ ਉਰਦੂ ਦੇ ਸ਼ਬਦ ਅੱਜ ਵੀ ਅਦਾਲਤੀ ਵਿਹਾਰ ਵਿੱਚ ਜਿਉਂਦੇ ਹਨ।

ਜੇ ਹਿੰਦੀ, ਉਰਦੂ ਜਾਂ ਫਿਰ ਉਰਦੂ ਦੇ ਨਾਲ ਹੋਰ ਭਾਸ਼ਾ ਦਾ ਵਿਵਾਦ ਵੀ ਦੇਖਿਆ ਜਾਵੇ ਤਾਂ ਕੋਰਟ ਦੇ ਫੈਸਲੇ ਦੀ ਆਖਰੀ ਪੰਕਤੀ ਅਹਿਮ ਹੈ। ਕੋਰਟ ਨੇ ਉਰਦੂ ਦੀ ਅਲੋਚਨਾ 'ਤੇ ਸਾਫ-ਸਾਫ ਕਿਹਾ ਕਿ ਜਦ ਅਸੀਂ ਉਰਦੂ ਦੀ ਅਲੋਚਨਾ ਕਰਦੇ ਹਾਂ ਤਾਂ ਅਸੀਂ ਹਿੰਦੀ ਦੀ ਵੀ ਅਲੋਚਨਾ ਕਰਦੇ ਹਾਂ, ਕਿਉਂਕਿ ਭਾਸਸ਼ ਮਾਹਰਾਂ ਤੇ ਵਿਦਵਾਨਾਂ ਮੁਤਾਬਕ ਹਿੰਦੀ ਤੇ ਉਰਦੂ ਦੋ ਵੱਖ-ਵੱਖ ਭਾਸ਼ਾਵਾਂ ਨਹੀਂ, ਸਗੋਂ ਇੱਕ ਹੀ ਭਾਸ਼ਾ ਹਨ। ਵੰਡ ਸਿਰਫ ਧਾਰਮਿਕ ਸਿਆਸਤ ਤੇ ਭਾਸ਼ਾਈ ਦੁਸ਼ਮਣੀ ਕਾਰਨ ਹੋਈ ਹੈ।

ਪਾਤੂਰ ਨਗਰ ਕੌਂਸਲ ਨੂੰ ਲੈ ਕੇ ਬੈਂਚ ਨੇ ਕਿਹਾ ਕਿ ਪਾਤੂਰ ਨਗਰ ਕੌਂਸਲ ਦਾ ਉਦੇਸ਼ ਸਥਾਨਕ ਲੋਕਾਂ ਦੀ ਸੇਵਾ ਤੇ ਸੰਵਾਦ ਹੈ। ਜੇ ਕਿਸੇ ਇਲਾਕੇ ਵਿੱਚ ਉਰਦੂ ਭਾਸ਼ੀ ਲੋਕ ਰਹਿੰਦੇ ਹਨ ਤਾਂ ਉਨ੍ਹਾਂ ਲਈ ਉਰਦੂ ਵਿੱਚ ਜਾਣਕਾਰੀ ਦੇਣਾ ਪੂਰੀ ਤਰ੍ਹਾਂ ਜਾਇਜ਼ ਤੇ ਜ਼ਰੂਰੀ ਹੈ।

ਅੰਤ ਵਿੱਚ ਮੈਂ ਅਜੋਕੇ ਸਮੇਂ ਦੇ ਉਰਦੂ ਦੇ ਇੱਕ ਪ੍ਰਸਿੱਧ ਸ਼ਾਇਰ ਇਕਬਾਲ ਅਸ਼ਹਰ ਦੀ ਨਜ਼ਮ ਦੀਆਂ ਇਨ੍ਹਾਂ ਪੰਕਤੀਆਂ ਨਾਲ ਆਪਣੀ ਗੱਲ ਨੂੰ ਇੱਥੇ ਹੀ ਵਿਰਾਮ ਦੇਣਾ ਚਾਹਾਂਗਾ ਕਿ :

ਉਰਦੂ ਹੈ ਮੇਰਾ ਨਾਮ ਮੈਂ ਖੁਸਰੋ ਕੀ ਪਹੇਲੀ,
ਮੈਂ ਮੀਰ ਕੀ ਹਮਰਾਜ ਗਾਲਿਬ ਕੀ ਸਹੇਲੀ।
ਕਿਉਂ ਮੁਝਕੋ ਬਨਾਤੇ ਹੋ ਤਾਅਸੁਬ ਕਾ ਨਿਸ਼ਾਨਾ,
ਮੈਨੇ ਤੋ ਕਭੀ ਖੁਦ ਕੋ ਮੁਸਲਮਾਂ ਨਹੀਂ ਮਾਨਾ,
ਦੇਖਾ ਥਾ ਕਭੀ ਮੈਨੇ ਭੀ ਖੁਸ਼ੀਓਂ ਕਾ ਜ਼ਮਾਨਾ,
ਆਪਣੇ ਹੀ ਵਤਨ ਮੈਂ ਹੂੰ ਮਗਰ ਆਜ ਅਕੇਲੀ..!
ਉਰਦੂ ਹੈ ਮੇਰਾ ਨਾਮ ਮੈਂ ਖੁਸਰੋ ਕੀ ਪਹੇਲੀ..

**# ਸੰਪਰਕ : 98552-59650**

# ਆਪ ਦੇ ਬਲਾਕ ਪ੍ਰਧਾਨ ਤੇ ਐੱਮ ਸੀ ਸਮੇਤ ਦਰਜਨਾਂ ਵਰਕਰ ਸੀ ਪੀ ਆਈ 'ਚ ਸ਼ਾਮਲ

- ਸੀ ਪੀ ਆਈ ਨੇ ਰਾਜ ਸੱਤਾ 'ਚ ਰਹਿੰਦਿਆਂ ਦੇਸ਼ ਦੇ ਹੱਕਾਂ ਲਈ ਕਾਨੂੰਨ ਬਣਵਾਏ : ਗੋਲਡਨ, ਢੰਡੀਆਂ
- ਇਮਾਨਦਾਰ ਵਲੰਟੀਅਰਜ਼ ਇਨਕਲਾਬੀ ਪਾਰਟੀਆਂ 'ਚ ਸ਼ਾਮਲ ਹੋਣਾ ਚਾਹੁੰਦੈ : ਭਜਨ ਲਾਲ



**ਫਾਜ਼ਿਲਕਾ (ਪਰਮਜੀਤ ਢਾਬਾਂ)**-ਲੋਕ ਘੋਲਾਂ ਦੀ ਅਗਵਾਈ ਕਰ ਰਹੀ ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਨੂੰ ਉਸ ਵੇਲੇ ਵੱਡਾ ਬਲ ਮਿਲਿਆ, ਜਦੋਂ ਆਮ ਆਦਮੀ ਪਾਰਟੀ 'ਚ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਦਰਜਨਾਂ ਵਲੰਟੀਅਰਜ਼ ਤੇ ਪਿੰਡਾਂ ਦੇ ਮੌਜੂਦਾ ਪੰਚ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿੰਦਿਆਂ ਇਨਕਲਾਬੀ ਪਾਰਟੀ ਸੀ ਪੀ ਆਈ ਵਿੱਚ ਸ਼ਾਮਲ ਹੋ ਗਏ।ਭਾਰਤੀ ਕਮਨਿਸਟ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਆਮ ਆਦਮੀ ਪਾਰਟੀ ਬਲਾਕ ਫਾਜ਼ਿਲਕਾ ਦੇ ਪ੍ਰਧਾਨ ਰਿਟਾਇਰਡ ਜੇ ਈ ਭਜਨ ਲਾਲ, ਉਨ੍ਹਾਂ ਦੀ ਪਤਨੀ ਤੇ ਮੌਜੂਦਾ ਐੱਮ ਸੀ ਸੋਮਾ ਰਾਣੀ ਦਰਜਨ ਦੇ ਕਰੀਬ ਵੱਖ-ਵੱਖ ਪਿੰਡਾਂ ਦੇ ਮੌਜੂਦਾ ਪੰਚਾਂ ਤੇ ਪਾਰਟੀ ਵਰਕਰਾਂ ਨੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿੰਦਿਆਂ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਫਾਜ਼ਿਲਕਾ ਦੀ ਟੀਚਰ ਕਲੋਨੀ ਵਿਖੇ ਸਥਿਤ ਯੁੱਗ ਪਾਰਕ ਵਿਖੇ ਇਕ ਸਾਦੇ ਸਮਾਗਮ ਵਿੱਚ ਸੀਪੀਆਈ ਵਿੱਚ ਸ਼ਾਮਲ ਹੋਏ ਵਰਕਰਾਂ ਤੇ ਆਗੂਆਂ ਦਾ ਸਵਾਗਤ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ ਮੀਤ ਸਕੱਤਰ ਸੁਰਿੰਦਰ ਢੰਡੀਆਂ ਤੇ ਬਲਾਕ ਸੰਮਤੀ ਮੈਂਬਰ ਕਾਮਰੇਡ ਸ਼ੁਬੇਗ ਝੰਗੜਭੈਣੀ ਨੇ ਕਿਹਾ ਕਿ ਹੁਣ ਮੌਜੂਦਾ ਦੌਰ ਵਿੱਚ ਲੋੜਾਂ ਦੀ ਲੋੜ ਹੈ ਕਿ ਵੱਖ ਵੱਖ ਪਾਰਟੀਆਂ ਵਿੱਚ ਇਮਾਨਦਾਰੀ ਨਾਲ ਕੰਮ ਕਰਨ ਦੀ ਤਾਂਘ ਰੱਖਣ ਵਾਲੇ ਪਾਰਟੀ ਵਰਕਰਾਂ ਤੇ ਆਗੂਆਂ ਨੂੰ ਇਨਕਲਾਬੀ ਪਾਰਟੀਆਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ, ਕਿਉਂਕਿ ਮੌਜੂਦਾ ਸੱਤਾ ਵਿੱਚ ਇਨਕਲਾਬ ਦਾ ਨਾਅਰਾ ਦੇ ਕੇ ਬਦਲਾਵ ਦੇ ਨਾਂ 'ਤੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਨੇ ਪਹਿਲਾਂ ਰਵਾਇਤੀ ਪਾਰਟੀਆਂ ਦੀ ਤਰ੍ਹਾਂ ਭ੍ਰਿਸ਼ਟਾਚਾਰ ਤੇ ਲੋਕ ਤਸ਼ੱਦਦ ਦੇ ਸਾਰੇ ਹੱਦਾਂ ਬੰਨੇ ਪਾਰ ਕਰ ਦਿੱਤੇ ਹਨ, ਜਿਸ ਨੂੰ ਕੋਈ ਵੀ ਇਮਾਨਦਾਰ ਵਿਅਕਤੀ ਬਰਦਾਸ਼ਤ ਨਹੀਂ ਕਰ ਰਿਹਾ।ਇਸ ਮੌਕੇ ਕਾਮਰੇਡ ਹੰਸਰਾਜ ਗੋਲਡਨ ਤੇ ਸੁਰਿੰਦਰ ਢੰਡੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪਾਰਟੀ ਵਿੱਚ ਸ਼ਾਮਲ ਹੋਏ ਆਗੂਆਂ ਤੇ ਵਰਕਰਾਂ ਨੂੰ ਬਤੌਰ ਉਮੀਦਵਾਰ ਬਣਾਇਆ ਹੈ, ਸਿੱਧਾ ਪਾਰਟੀ ਵਰਕਰ ਨਹੀਂ ਬਣਾਇਆ ਜਾ ਸਕਦਾ ਕਿਉਂਕਿ ਉਨ੍ਹਾਂ ਦੀ ਪਾਰਟੀ ਦਾ ਵਿਧਾਨਿਕ ਨਿਯਮ ਹੈ।ਇਕ ਸਾਲ ਤੱਕ ਉਨ੍ਹਾਂ ਨੂੰ ਪਰਖ ਦੀ ਕਸਵੱਟੀ 'ਤੇ ਪਰਖਿਆ ਜਾਵੇਗਾ ਤੇ ਬਾਅਦ ਵਿੱਚ ਉਨ੍ਹਾਂ ਨੂੰ ਪੱਕਾ ਪਾਰਟੀ ਵਰਕਰ ਬਣਾ ਲਿਆ ਜਾਵੇਗਾ।

ਸੀਪੀਆਈ ਵਿੱਚ ਸ਼ਾਮਲ ਹੋਏ ਆਮ ਆਦਮੀ ਪਾਰਟੀ ਬਲਾਕ ਫਾਜ਼ਿਲਕਾ ਦੇ ਪ੍ਰਧਾਨ ਭਜਨ ਲਾਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਆਮ ਆਦਮੀ ਪਾਰਟੀ ਵਿੱਚ ਇਮਾਨਦਾਰੀ ਨਾਲ ਕੰਮ ਕਰਨਾ ਚਾਹੁੰਦੇ ਸਨ, ਪ੍ਰੰਤੂ ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਇਸ ਪਾਰਟੀ ਵਿੱਚ ਵੀ ਭ੍ਰਿਸ਼ਟਾਚਾਰ ਤੇ ਬੇਈਮਾਨਾਂ ਦਾ ਉੱਚ ਪੱਧਰ ਦਾ ਬੋਲਬਾਲਾ ਹੈ ਤਾਂ ਉਨ੍ਹਾਂ ਨੇ ਇਨਕਲਾਬੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਮਨ ਬਣਾਇਆ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾ ਪ੍ਰਧਾਨ ਪਰਮਜੀਤ ਢਾਬਾਂ, ਜ਼ਿਲ੍ਹਾ ਸਕੱਤਰ ਹਰਭਜਨ ਛੱਪੜੀ ਵਾਲਾ, ਬਲਾਕ ਫਾਜ਼ਿਲਕਾ ਦੇ ਪ੍ਰਧਾਨ ਕੁਲਦੀਪ ਬਖੂ ਸ਼ਾਹ, ਗੁਰਦਿਆਲ ਢਾਬਾਂ, ਸੰਦੀਪ ਜੋਧਾ, ਪੰਜਾਬ ਇਸਤਰੀ ਸਭਾ ਜ਼ਿਲ੍ਹਾ ਦੇ ਆਗੂ ਸ਼੍ਰੀਮਤੀ ਸੁਸ਼ਮਾ ਗੋਲਡਨ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਸਕੱਤਰ ਸਟਾਲਿਨ ਲਮੋਚੜ ਨੇ ਵੀ ਸੰਬੋਧਨ ਕੀਤਾ।ਸੀਪੀਆਈ ਵਿੱਚ ਸ਼ਾਮਲ ਹੋਣ ਵਾਲੇ ਆਗੂਆਂ ਤੇ ਵਰਕਰਾਂ ਵਿੱਚ ਰਿਟਾਇਰਡ ਪ੍ਰਿੰਸੀਪਲ ਸਤਨਾਮ ਸਿੰਘ, ਰਿਟਾਇਰਡ ਜੇ. ਈ. ਸੁਰਜਨ ਸਿੰਘ ਸੈਣੀਆਂ, ਰਿਟਾਇਰਡ ਲੈਕਚਰਾਰ ਭਜਨ ਲਾਲ, ਹਰਦੀਪ ਸਿੰਘ, ਬਲਜੀਤ ਸਿੰਘ, ਰਾਜਵਿੰਦਰ ਸਿੰਘ ਬਲਵਿੰਦਰ ਸਿੰਘ ਚਾਨਣ ਵਾਲਾ, ਰਾਜਪਾਲ ਸਿੰਘ, ਸ਼ੰਭੋ ਬਾਈ ਹਸਤਾ ਕਲਾਂ ਮੈਂਬਰ ਪੰਚਾਇਤ, ਸੁਨੀਤਾ ਰਾਣੀ ਹਸਤਾ ਕਲਾਂ ਮੈਂਬਰ ਪੰਚਾਇਤ ਹਰਬੰਸ ਸਿੰਘ ਹਸਤਾ ਕਲਾਂ ਹਰਮੇਸ਼ ਸਿੰਘ ਹਸਤਾ ਕਲਾ ਰਾਜਨ ਹਸਤਾ ਕਲਾਂ, ਕੈਲਾਸ਼ ਲਾਲੋ ਵਾਲੀ, ਹੰਸ ਰਾਜ ਔਡੀਆਂ ਆਦਿ ਸ਼ਾਮਲ ਹਨ।

# ਅਧਿਆਪਕ ਤਨਖਾਹ ਤੋਂ ਵਾਂਝੇ, ਸਿੱਖਿਆ ਕ੍ਰਾਂਤੀ ਦੀ ਫੂਕ ਨਿਕਲੀ : ਡੀ.ਟੀ.ਐੱਫ.

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਅਪ੍ਰੈਲ ਮਹੀਨੇ ਦੇ 20 ਦਿਨ ਲੰਘਣ ਤੋਂ ਬਾਅਦ ਵੀ ਬਲਾਕ ਚੀਮਾ ਦੇ ਸੈਂਕੜੇ ਸੈਕੰਡਰੀ ਤੇ ਲਗਭਗ ਸਾਰੇ ਪ੍ਰਾਇਮਰੀ ਅਧਿਆਪਕ ਹਾਲੇ ਤੱਕ ਮਾਰਚ ਮਹੀਨੇ ਦੀ ਤਨਖਾਹ ਨੂੰ ਤਰਸ ਰਹੇ ਹਨ।ਇਹੀ ਹਾਲਤ ਸਮੁੱਚੇ ਸੰਗਰੂਰ ਜ਼ਿਲ੍ਹੇ 'ਚ ਹੈ।ਅਜਿਹੇ ਵਿੱਚ ਅਧਿਆਪਕਾਂ ਨੂੰ ਆਪਣੇ ਲੋਨ ਦੀਆਂ ਕਿਸ਼ਤਾਂ ਭਰਨ ਤੇ ਹੋਰ ਜ਼ਰੂਰੀ ਘਰੇਲੂ ਖਰਚੇ ਚਲਾਉਣ ਲਈ ਗੰਭੀਰ ਵਿੱਤੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਵਿਆਪਕ ਰੋਸ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਸਰਕਾਰ ਦੀ ਅਖੌਤੀ ਸਿੱਖਿਆ ਕ੍ਰਾਂਤੀ ਦੀ ਜ਼ਮੀਨੀ ਹਕੀਕਤ ਕੀ ਹੈ ਅਤੇ ਇਹ ਸਿਰਫ ਉਦਘਾਟਨੀ ਬੋਰਡ ਤੇ ਨੀਂਹ ਪੱਥਰਾਂ ਤੱਕ ਸੀਮਤ ਹੈ ਅਤੇ ਜ਼ਮੀਨੀ ਮੁਸ਼ਕਲਾਂ ਨੂੰ ਹੱਲ ਕਰਨ ਵੱਲ ਸੇਧਿਤ ਨਹੀਂ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਬਲਾਕ ਚੀਮਾ ਦੇ ਪ੍ਰਧਾਨ ਜਸਬੀਰ ਨਮੋਲ ਤੇ ਸਕੱਤਰ ਰਣਬੀਰ ਸਿੰਘ ਜਖੇਪਲ ਨੇ ਕਿਹਾ ਕਿ ਸਰਕਾਰ ਵੱਲੋਂ ਪਾਰਟੀ ਪ੍ਰਚਾਰ ਲਈ ਉਦਘਾਟਨ ਸਮਾਗਮਾਂ ਉੱਤੇ ਕਰਦਾਤਾਵਾਂ ਦਾ ਪੈਸਾ ਬੇਲੋੜੇ ਤਰੀਕੇ ਨਾਲ ਵਹਾਇਆ ਜਾ ਰਿਹਾ ਹੈ ਅਤੇ ਸਿੱਖਿਆ ਕ੍ਰਾਂਤੀ ਦੇ ਝੂਠੇ ਦਾਅਵੇ ਕੀਤੇ ਜਾ ਰਹੇ ਹਨ, ਪ੍ਰੰਤੂ ਅਸਲੀਅਤ ਵਿੱਚ ਸਿੱਖਿਆ ਦੇ ਵਾਹਕ ਅਧਿਆਪਕ ਆਪਣੀ ਹੱਕੀ ਮਿਹਨਤਾਨੇ ਤੋਂ ਵੀ ਵਾਂਝੇ ਹਨ।ਇਸ ਮੌਕੇ ਮੀਤ ਪ੍ਰਧਾਨ ਚੰਦਰ ਸ਼ੇਖਰ, ਵਿੱਤ ਸਕੱਤਰ ਬਲਜੀਤ ਨਮੋਲ ਤੇ ਪ੍ਰੈੱਸ ਸਕੱਤਰ ਸਤਨਾਮ ਉਭਾਵਾਲ ਨੇ ਕਿਹਾ ਕਿ ਸਰਕਾਰ ਸਿੱਖਿਆ ਪ੍ਰਤੀ ਸੁਹਿਰਦ ਹੋਵੇ ਤੇ ਅਧਿਆਪਕਾਂ ਦੀ ਤਨਖਾਹ ਜਲਦ ਜਾਰੀ ਕੀਤੀ ਜਾਵੇ ਤਾਂ ਕਿ ਅਧਿਆਪਕਾਂ ਦੀਆਂ ਵਿੱਤੀ ਮੁਸ਼ਕਲਾਂ ਦੂਰ ਹੋਣ ਤੇ ਉਹ ਨਿਸ਼ਚਿੰਤ ਹੋ ਕੇ ਆਪਣੀ ਡਿਊਟੀ ਕਰ ਸਕਣ।

ਆਗੂਆਂ ਨੇ ਕਿਹਾ ਕਿ ਜੇਕਰ ਜਲਦੀ ਹੀ ਅਧਿਆਪਕਾਂ ਨੂੰ ਤਨਖਾਹਾਂ ਦੀ ਅਦਾਇਗੀ ਨਹੀਂ ਹੁੰਦੀ ਤਾਂ ਜਥੇਬੰਦੀ ਸੰਘਰਸ਼ ਦਾ ਰਸਤਾ ਅਖ਼ਤਿਆਰ ਕਰੇਗੀ।ਇਸ ਲੜੀ ਵਿੱਚ 22 ਅਪ੍ਰੈਲ ਨੂੰ ਜ਼ਿਲ੍ਹਾ ਖਜ਼ਾਨਾ ਅਫ਼ਸਰ ਸੰਗਰੂਰ ਨੂੰ ਮਿਲਿਆ ਜਾਵੇਗਾ ਤੇ ਪੰਜਾਬ ਸਰਕਾਰ ਵਿਰੁੱਧ ਸੰਕੇਤਕ ਰੋਸ ਪ੍ਰਦਰਸ਼ਨ ਵੀ ਕੀਤਾ ਜਾਵੇਗਾ।

# ਟਰਾਈਡੈਂਟ ਵੱਲੋਂ 10 ਰੋਜ਼ਾ ਮੁਫ਼ਤ ਕੈਂਸਰ ਜਾਂਚ ਤੇ ਜਾਗਰੂਕਤਾ ਕੈਂਪ ਸ਼ੁਰੂ

## ਡੀ ਆਈ ਜੀ ਸੁਖਵੰਤ ਸਿੰਘ ਗਿੱਲ ਨੇ ਕੀਤਾ ਉਦਘਾਟਨ, ਮਾਹਰ ਡਾਕਟਰਾਂ ਦੀ ਟੀਮ ਦੇਵੇਗੀ ਸੇਵਾਵਾਂ



**ਬਰਨਾਲਾ (ਰਾਜਿੰਦਰ ਬਰਾੜ)**-ਟਰਾਈਡੈਂਟ ਗਰੁੱਪ ਦੇ ਚੇਅਰਮੈਨ ਪਦਮਸ਼੍ਰੀ ਰਾਜਿੰਦਰ ਗੁਪਤਾ ਦੀ ਅਗਵਾਈ ਹੇਠ ਤੇ ਸ੍ਰ: ਕੁਲਵੰਤ ਸਿੰਘ ਧਾਲੀਵਾਲ ਚੇਅਰਮੈਨ ਵਰਲਡ ਕੈਂਸਰ ਕੇਅਰ ਸੁਸਾਇਟੀ ਦੇ ਸਹਿਯੋਗ ਨਾਲ ਬਰਨਾਲਾ ਵਿਖੇ 10 ਰੋਜ਼ਾ ਕੈਂਸਰ ਜਾਂਚ ਤੇ ਜਾਗਰੂਕਤਾ ਕੈਂਪ ਦਾ ਉਦਘਾਟਨ ਡੀ ਆਈ ਜੀ ਸੁਖਵੰਤ ਸਿੰਘ ਗਿੱਲ ਨੇ ਕੀਤਾ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਐਸ ਐਸ ਪੀ ਬਰਨਾਲਾ ਸਰਫਰਾਜ਼ ਆਲਮ, ਐਸ ਪੀ ਬਰਨਾਲਾ ਸ੍ਰੀ ਰਾਜੇਸ਼ ਛਿੱਬਰ ਤੇ ਵਰਲਡ ਕੈਂਸਰ ਕੇਅਰ ਸੁਸਾਇਟੀ ਦੇ ਚੇਅਰਮੈਨ ਸ੍ਰ: ਕੁਲਵੰਤ ਸਿੰਘ ਧਾਲੀਵਾਲ ਵੀ ਉਚੇਚੇ ਤੌਰ 'ਤੇ ਪੁੱਜੇ।

ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਵਿਵੇਕ ਸਿੰਧਵਾਨੀ ਨੇ ਕਿਹਾ ਕਿ ਇਹ ਦਿਨ ਬਰਨਾਲਾ ਲਈ ਬਹੁਤ ਹੀ ਮਹੱਤਵਪੂਰਨ ਹੈ, ਕਿਉਂਕਿ ਇਸ ਕੈਂਪ ਰਾਹੀਂ ਸਾਨੂੰ ਇੱਕ ਅਜਿਹੀ ਬਿਮਾਰੀ ਖਿਲਾਫ ਇਕੱਠੇ ਹੋਣ ਦਾ ਮੌਕਾ ਮਿਲਿਆ ਹੈ, ਜਿਸ ਨੇ ਨਾ ਸਿਰਫ ਅਣਗਿਣਤ ਜ਼ਿੰਦਗੀਆਂ ਨੂੰ ਪ੍ਰਭਾਵਿਤ ਕੀਤਾ ਹੈ, ਬਲਕਿ ਪਰਿਵਾਰਾਂ ਨੂੰ ਵੀ ਡੂੰਘੇ ਦੁੱਖ ਵਿੱਚ ਧੱਕ ਦਿੱਤਾ ਹੈ।ਕੈਂਸਰ ਇੱਕ ਅਜਿਹਾ ਸ਼ਬਦ ਹੈ ਜਿਸ ਨੂੰ ਸੁਣਦੇ ਹੀ ਮਨ ਵਿੱਚ ਡਰ ਤੇ ਚਿੰਤਾ ਦਾ ਭਾਵ ਪੈਦਾ ਹੁੰਦਾ ਹੈ, ਪਰ ਅੱਜ ਇੱਥੇ ਇਕੱਠੇ ਹੋ ਕੇ ਅਸੀਂ ਇਸ ਡਰ ਨੂੰ ਉਮੀਦ ਵਿੱਚ, ਚਿੰਤਾ ਨੂੰ ਜਾਗਰੂਕਤਾ ਵਿੱਚ ਤੇ ਨਿਰਾਸ਼ਾ ਨੂੰ ਸਮੂਹਕ ਯਤਨਾਂ ਵਿੱਚ ਬਦਲਣ ਦਾ ਸੰਕਲਪ ਲੈਂਦੇ ਹਾਂ।ਉਨ੍ਹਾਂ ਵਿਸ਼ੇਸ਼ ਤੌਰ 'ਤੇ ਸ੍ਰੀ ਰਾਜਿੰਦਰ ਗੁਪਤਾ ਜੀ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਦੂਰਅੰਦੇਸ਼ੀ ਲੀਡਰਸ਼ਿਪ ਤੇ ਮਨੁੱਖੀ ਸੰਵੇਦਨਾਵਾਂ ਕਾਰਨ ਟਰਾਈਡੈਂਟ ਫਾਊਂਡੇਸ਼ਨ ਹਮੇਸ਼ਾ ਸਮਾਜ ਦੇ ਭਲੇ ਲਈ ਤਤਪਰ ਰਿਹਾ ਹੈ।ਉਨ੍ਹਾਂ ਦਾ ਇਹ ਉਪਰਾਲਾ, ਇਸ ਮਹੱਤਵਪੂਰਨ ਸਿਹਤ ਕੈਂਪ ਦਾ ਆਯੋਜਨ, ਇਸ ਮਨੁੱਖੀ ਭਾਵਨਾ ਦੀ ਇੱਕ ਸ਼ਾਨਦਾਰ ਉਦਾਹਰਣ ਹੈ। ਉਨ੍ਹਾਂ ਕੁਲਵੰਤ ਸਿੰਘ ਧਾਲੀਵਾਲ ਤੇ ਵਰਲਡ ਕੈਂਸਰ ਕੇਅਰ ਸੁਸਾਇਟੀ ਦੀ ਪੂਰੀ ਟੀਮ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਕੈਂਸਰ ਦੇ ਖਿਲਾਫ ਇਸ ਲੜਾਈ ਵਿੱਚ ਆਪਣਾ ਅਨਮੋਲ ਸਮਾਂ, ਮੁਹਾਰਤ ਤੇ ਸਰੋਤ ਸਮਰਪਤ ਕੀਤੇ ਹਨ।ਉਨ੍ਹਾਂ ਦੀ ਵਚਨਬੱਧਤਾ ਤੇ ਅਣਥੱਕ ਯਤਨ ਹੀ ਇਸ ਮੈਗਾ ਕੈਂਪ ਨੂੰ ਸਾਕਾਰ ਰੂਪ ਦੇ ਸਕੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਟਰਾਈਡੈਂਟ ਅਧਿਕਾਰੀ ਸ੍ਰੀ ਰੁਪਿੰਦਰ ਗੁਪਤਾ ਨੇ ਦੱਸਿਆ ਕਿ ਇਹ ਕੈਂਪ ਅਗਰ ਮੈਰੀਮੈਂਟ ਕਲਚਰਲ ਸੈਂਟਰ, ਟਰਾਈਡੈਂਟ ਕੰਪਲੈਕਸ ਸੰਘੇੜਾ ਵਿਖੇ ਲਗਾਤਾਰ 10 ਦਿਨ ਭਾਵ 30 ਅਪ੍ਰੈਲ ਤੱਕ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਲਗਾਇਆ ਜਾਵੇਗਾ।ਇਸ ਕੈਂਪ ਵਿੱਚ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਕੈਂਸਰ ਦੀ ਜਾਂਚ ਤੇ ਜਾਣਕਾਰੀ ਲਈ ਮੁਫ਼ਤ ਸਲਾਹ ਤੋਂ ਇਲਾਵਾ ਸ਼ੂਗਰ ਤੇ ਬਲੱਡ ਪ੍ਰੈਸ਼ਰ ਦੀ ਜਾਂਚ, ਔਰਤਾਂ ਦੀ ਛਾਤੀ ਲਈ ਮੈਮੋਗ੍ਰਾਫੀ ਟੈਸਟ, ਔਰਤਾਂ ਲਈ ਪੈਪ ਸਮੀਅਰ ਟੈਸਟ (ਗਰਭਾਸ਼ੇ ਕੈਂਸਰ ਦੀ ਜਾਂਚ), ਮਰਦਾਂ ਦੇ ਗਦੂਦਾਂ ਦੀ ਜਾਂਚ ਲਈ ਪੀ.ਐੱਸ.ਏ. ਟੈਸਟ, ਬਲੱਡ ਕੈਂਸਰ ਦੀ ਜਾਂਚ, ਮੂੰਹ ਤੇ ਗਲੇ ਦੇ ਕੈਂਸਰ ਦੀ ਜਾਂਚ, ਹੱਡੀਆਂ ਦੀ ਘਣਤਾ ਦੀ ਜਾਂਚ ਕਰ ਕੇ ਦਵਾਈਆਂ ਤੇ ਇਲਾਜ ਸਬੰਧੀ ਸਹੀ ਸਲਾਹ ਦਿੱਤੀ ਜਾਵੇਗੀ।ਇਸ ਤੋਂ ਇਲਾਵਾ ਕੈਂਪ ਵਿੱਚ ਅੱਖਾਂ ਦੀ ਜਾਂਚ ਕਰ ਕੇ ਮੁਫ਼ਤ ਐਨਕਾਂ ਲਗਾਈਆਂ ਜਾਣਗੀਆਂ। ਇਸ ਮੌਕੇ ਡਾਕਟਰਾਂ ਵੱਲੋਂ ਕਿੰਨੇ 500 ਤੋਂ ਵੱਧ ਮਰੀਜ਼ਾਂ ਦਾ ਕੈਂਸਰ ਚੈੱਕਅਪ ਕਰਦਿਆਂ ਮੁਫ਼ਤ ਦਵਾਈਆਂ ਦੇ ਨਾਲ ਦੀਆਂ ਐਨਕਾਂ ਦਿੱਤੀਆਂ ਗਈਆਂ।ਇਸ ਮੌਕੇ ਕੈਂਸਰ ਦੇ ਲੱਛਣਾਂ ਨੂੰ ਪਛਾਣ ਕੇ ਮੈਮੋਗ੍ਰਾਫੀ ਟੈਸਟ ਕਰਕੇ ਕੈਂਸਰ ਦੀ ਜਾਂਚ ਕੀਤੀ ਗਈ।ਇਸ ਮੌਕੇ ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਇਸ ਕੈਂਪ ਦਾ ਵੱਧ ਤੋਂ ਵੱਧ ਫਾਇਦਾ ਲੈਣ ਦੀ ਅਪੀਲ ਕੀਤੀ।ਟਰਾਈਡੈਂਟ ਨੇ ਆਏ ਹੋਏ ਸ਼ਖਸੀਅਤਾਂ, ਪੰਚਾਇਤਾਂ, ਸ਼ਹਿਰ ਦੇ ਐਮ ਸੀ, ਪੱਤਰਕਾਰਾਂ ਤੇ ਪਤਵੰਤੇ ਸੱਜਣਾਂ ਦਾ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ।ਇਸ ਮੌਕੇ ਤਰਲੋਚਨ ਬਾਂਸਲ ਸਾਬਕਾ ਪ੍ਰਧਾਨ ਨਗਰ ਕੌਂਸਲ ਤਪਾ, ਸੰਜੀਵ ਕੁਮਾਰ ਸਾਬਕਾ ਪ੍ਰਧਾਨ, ਪਰਮਜੀਤ ਸਿੰਘ ਖਾਲਸਾ ਮੈਂਬਰ ਐਸਜੀਪੀਸੀ, ਰੁਪਿੰਦਰ ਸਿੰਘ ਸੰਧੂ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ, ਯਾਦਵਿੰਦਰ ਸਿੰਘ ਦੀਵਾਨਾ, ਐਮ ਸੀ ਹਰਬਖਸ਼ੀਸ਼ ਸਿੰਘ ਗੋਨੀ, ਬੀਜੇਪੀ ਸੁਰਜੀਤ ਸਿੰਘ ਠੀਕਰੀਵਾਲ, ਕੰਵਲਜੀਤ ਸਿੰਘ ਸ਼ੀਤਲ, ਬਲੌਰ ਸਿੰਘ ਤੋਤੀ ਸਰਪੰਚ ਚਮਕੌਰ ਸਿੰਘ ਸਮੇਤ ਵੱਡੀ ਗਿਣਤੀ 'ਚ ਸ਼ਹਿਰੀਆਂ ਨੇ ਭਾਗ ਲਿਆ।

## ਕਾਤਰਾਂ

### ਪਿਓ-ਪੁੱਤਰ ਦੇ ਕਤਲ ਮਾਮਲੇ ਦੇ ਮੁੱਖ ਦੋਸ਼ੀ ਵੱਲੋਂ ਆਤਮ-ਸਮਰਪਣ

**ਮਲੋਟ (ਗੁਰਮੀਤ ਸਿੰਘ ਮੱਕੜ)**-ਬੀਤੇ ਦਿਨੀਂ ਪਿੰਡ ਅਬੁੱਲ ਖੁਰਾਣਾ ਦੇ ਵਾਸੀ ਵਿਨੈ ਪ੍ਰਤਾਪ ਸਿੰਘ ਤੇ ਉਸ ਦੇ ਪੁੱਤਰ ਸੂਰਜ ਪ੍ਰਤਾਪ ਸਿੰਘ ਦੇ ਹੋਏ ਕਤਲ ਮਾਮਲੇ ਵਿੱਚ ਮੁੱਖ ਦੋਸ਼ੀ ਦਵਿੰਦਰ ਸਿੰਘ ਉਰਫ਼ ਰਾਣਾ ਵੱਲੋਂ ਅੱਜ ਮਲੋਟ ਅਦਾਲਤ ਵਿੱਚ ਆਤਮ ਸਮਰਪਣ ਕਰ ਲਿਆ ਹੈ, ਜਿਸ ਦੀ ਪੁਸ਼ਟੀ ਡੀ.ਐੱਸ.ਪੀ. ਮਲੋਟ ਵੱਲੋਂ ਕੀਤੀ ਗਈ ਹੈ ਅਤੇ ਉਨ੍ਹਾਂ ਦੱਸਿਆ ਕਿ ਦੋਸ਼ੀ ਦਵਿੰਦਰ ਸਿੰਘ ਉਰਫ਼ ਰਾਣਾ ਦਾ ਪੁਲਸ ਵੱਲੋਂ ਇੱਕ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਹੈ।

### 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮੈਗਾ ਜਾਗਰੂਕਤਾ ਰੈਲੀ ਅੱਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਡੀਜੀਪੀ ਪੰਜਾਬ ਗੌਰਵ ਯਾਦਵ ਵੱਲੋਂ ਸੂਬੇ ਵਿੱਚ ਨਸ਼ਿਆਂ ਖਿਲਾਫ਼ ਚਲਾਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹਾ ਸਿਵਲ ਤੇ ਪੁਲਸ ਪ੍ਰਸ਼ਾਸਨ ਵੱਲੋਂ ਲਗਾਤਾਰ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ 22 ਅਪ੍ਰੈਲ (ਮੰਗਲਵਾਰ) ਨੂੰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਫ਼ਿਰੋਜ਼ਪੁਰ ਵਿਖੇ ਇਕ ਮੈਗਾ ਰੈਲੀ ਕੱਢੀ ਜਾਵੇਗੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਨੇ ਦਿੱਤੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਨਸ਼ਿਆਂ ਖਿਲਾਫ਼ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੱਢੀ ਜਾਣ ਵਾਲੀ ਇਸ ਮੈਗਾ ਰੈਲੀ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਰੈਲੀ ਦੌਰਾਨ ਨੌਜਵਾਨ, ਵਿਦਿਆਰਥੀ ਤੇ ਮੁਲਾਜ਼ਮਾਂ ਵੱਲੋਂ ਹੱਥਾਂ ਵਿੱਚ ਤਖ਼ਤੀਆਂ/ਬੈਨਰ ਫ਼ੜ ਕੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਮੈਗਾ ਰੈਲੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਚੰਗੇ ਖਿਡਾਰੀ ਬਣਨ ਦਾ ਸੁਨੇਹਾ ਵੀ ਦੇਵੇਗੀ। ਇਸ ਰੈਲੀ ਵਿੱਚ ਸਕੂਲਾਂ/ਕਾਲਜਾਂ ਦੇ ਵਿਦਿਆਰਥੀ, ਯੁਵਕ ਸਭਾਵਾਂ ਦੇ ਮੈਂਬਰ, ਐੱਨਜੀਓਜ਼ ਦੇ ਨੁਮਾਇੰਦੇ, ਕਰਮਚਾਰੀਆਂ/ਅਧਿਕਾਰੀਆਂ ਤੋਂ ਇਲਾਵਾ ਆਮ ਲੋਕ ਵੀ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਇਹ ਮੈਗਾ ਰੈਲੀ ਸਵੇਰੇ 6 ਵਜੇ ਕੰਟੋਨਮੈਂਟ ਸਟੇਡੀਅਮ ਫ਼ਿਰੋਜ਼ਪੁਰ ਛਾਉਣੀ ਤੋਂ ਸ਼ੁਰੂ ਹੋ ਕੇ ਸਾਰਗੜ੍ਹੀ ਗੁਰਦੁਆਰਾ ਸਾਹਿਬ ਜਾ ਕੇ ਸਮਾਪਤ ਹੋਵੇਗੀ।

### ਸਾਂਝੇ ਸਰਚ ਅਪ੍ਰੇਸ਼ਨ ਦੌਰਾਨ ਖੇਤਾਂ 'ਚੋਂ ਡਰੋਨ ਮਿਲਿਆ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਹੱਦੀ ਪਿੰਡ ਗੱਟੀ ਰਾਜੋ ਕੇ ਦੇ ਖੇਤਾਂ ਵਿਚੋਂ ਬੀਐੱਸਐੱਫ ਤੇ ਪੰਜਾਬ ਪੁਲਸ ਵੱਲੋਂ ਸਾਂਝੇ ਸਰਚ ਅਪ੍ਰੇਸ਼ਨ ਦੌਰਾਨ ਇੱਕ ਡਰੋਨ ਮਾਡਲ ਮੈਵਿਕ ਕਲਾਸਿਕ ਮੇਡ ਇਨ ਚਾਈਨਾ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਅਣਪਛਾਤੇ ਵਿਅਕਤੀ ਖਿਲਾਫ 10, 11, 12 ਏਅਰਕਰਾਫਟ ਐਕਟ 1934 ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਇਕ ਪੱਤਰ ਵੱਲੋਂ ਬੀਐੱਸਐੱਫ ਮੌਸੂਲ ਹੋਇਆ ਕਿ ਅੱਜ ਡਰੋਨ ਐਕਟੀਵਿਟੀ ਪਿੰਡ ਰਾਜੋ ਕੇ ਦੇ ਖੇਤਾਂ ਵਿਚ ਹੋਈ ਹੈ, ਜਿਸ 'ਤੇ ਪੰਜਾਬ ਪੁਲਸ ਅਤੇ ਬੀਐੱਸਐੱਫ ਦੇ ਸਾਂਝੇ ਸਰਚ ਅਪ੍ਰੇਸ਼ਨ 'ਤੇ ਪਿੰਡ ਗੱਟੀ ਰਾਜੋ ਕੇ ਦੇ ਖੇਤਾਂ ਵਿਚੋਂ ਇਕ ਡਰੋਨ ਮਾਡਲ ਮੈਵਿਕ ਕਲਾਸਿਕ ਮੇਡ ਇਨ ਚਾਇਨਾ ਮੌਸੂਲ ਹੋਇਆ। ਪੁਲਸ ਨੇ ਦੱਸਿਆ ਕਿ ਇਕ ਡਰੋਨ ਬਰਾਮਦ ਕਰਕੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਸੂਬੇ 'ਚ ਇਕ ਹਜ਼ਾਰ ਏਕੜ ਤੋਂ ਵੱਧ ਰਕਬੇ 'ਚ ਕਣਕ ਸੜੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਵਿੱਚ ਇਕ ਦਰਜਨ ਦੇ ਕਰੀਬ ਜ਼ਿਲ੍ਹਿਆਂ ਵਿੱਚ ਇੱਕ ਹਜ਼ਾਰ ਤੋਂ ਵੱਧ ਏਕੜ ਦੇ ਕਰੀਬ ਰਕਬੇ ਵਿੱਚ ਵਾਢੀ ਲਈ ਤਿਆਰ ਖੜ੍ਹੀ ਕਣਕ ਅੱਗ ਲੱਗਣ ਨਾਲ ਸੜ ਕੇ ਸੁਆਹ ਹੋ ਗਈ ਹੈ।ਇਸ ਤੋਂ ਇਲਾਵਾ ਕਈ ਥਾਵਾਂ 'ਤੇ ਨਾੜ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ।ਖੇਤਾਂ ਵਿੱਚ ਅੱਗ ਲੱਗਣ ਦੀ ਜਾਣਕਾਰੀ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਘਟਨਾ ਵਾਲੀ ਥਾਂ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਫਾਇਰ ਬ੍ਰਿਗੇਡ ਦੇ ਨਾਲ ਕਿਸਾਨ ਵੀ ਕਣਕਾਂ ਨੂੰ ਲੱਗੀ ਅੱਗ ਬੁਝਾਉਣ ਵਿੱਚ ਲੱਗੇ ਰਹੇ। ਹਾਲਾਂਕਿ ਕਿਸਾਨਾਂ ਵੱਲੋਂ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ।ਪਹਿਲਾਂ ਬੇਮੌਸਮੇ ਮੀਂਹ ਤੇ ਹੁਣ ਅਗਜ਼ਨੀ ਦੀਆਂ ਘਟਨਾਵਾਂ ਕਰਕੇ ਕਿਸਾਨਾਂ ਨੂੰ ਦੋਹਰੀ ਮਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਜਾਣਕਾਰੀ ਅਨੁਸਾਰ ਪੰਜਾਬ ਦੇ ਪਟਿਆਲ਼ਾ, ਸੰਗਰੂਰ, ਫਿਰੋਜ਼ਪੁਰ, ਮਾਨਸਾ, ਬਠਿੰਡਾ, ਮੋਗਾ ਤੇ ਹੋਰਨਾਂ ਕਈ ਇਲਾਕਿਆਂ ਵਿੱਚ ਅਗਜ਼ਨੀ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ।ਸਭ ਤੋਂ ਵੱਧ ਘਟਨਾਵਾਂ ਫਿਰੋਜ਼ਪੁਰ ਦੇ ਜ਼ੀਰਾ ਦੇ ਨਜ਼ਦੀਕੀ ਪਿੰਡਾਂ ਵਿੱਚ ਤੇ ਮੋਗਾ ਦੇ ਪਿੰਡ ਵੈਰੋਕੇ ਵਿੱਚ ਵਾਪਰੀਆਂ। ਅੱਗ ਨਾਲ ਕਣਕ ਦੀ ਫ਼ਸਲ ਦੇ ਸੜਨ ਕਾਰਨ ਕਿਸਾਨਾਂ ਨੂੰ ਭਾਰੀ ਵਿੱਤੀ ਨੁਕਸਾਨ ਉਠਾਉਣਾ ਪਿਆ ਹੈ। ਕਿਸਾਨਾਂ ਨੇ ਸਰਕਾਰ ਤੋਂ ਅੱਗ ਨਾਲ ਫ਼ਸਲਾਂ ਦੇ ਹੋਏ ਨੁਕਸਾਨ ਦੀ ਪੂਰਤੀ ਕਰਨ ਦੀ ਮੰਗ ਕੀਤੀ ਹੈ।

# ਦਾਣਾ ਮੰਡੀ 'ਚ ਲੇਬਰ ਤੇ ਕਿਸਾਨਾਂ ਨੂੰ ਪੀਣ ਵਾਲੇ ਪਾਣੀ ਦੀ ਕਿੱਲਤ

- ਬਾਥਰੂਮਾਂ ਤੇ ਲਾਈਟਾਂ ਦਾ ਵੀ ਕੋਈ ਵਧੀਆ ਪ੍ਰਬੰਧ ਨਹੀਂ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਲੋੜੀਂਦੇ ਪੁਖ਼ਤਾ ਪ੍ਰਬੰਧ ਨਾ ਹੋਣ ਕਾਰਨ ਲਹਿਰਾ ਮੁਹੱਬਤ ਦੀ ਦਾਣਾ ਮੰਡੀ ਵਿੱਚ ਲੇਬਰ ਤੇ ਕਿਸਾਨਾਂ ਨੂੰ ਪੀਣ ਵਾਲੇ ਪਾਣੀ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਵੇਂ ਕਿ ਨੱਕੋ-ਨੱਕ ਭਰੀ ਦਾਣਾ ਮੰਡੀ ਵਿੱਚ ਕਣਕ ਦੀ ਖਰੀਦ ਸ਼ੁਰੂ ਹੋ ਗਈ ਹੈ। ਫਿਲਹਾਲ ਲਿਫਟਿੰਗ ਦਾ ਕੰਮ ਵੀ ਨਾਲੋਂ ਨਾਲ ਚੱਲ ਰਿਹਾ ਹੈ, ਪ੍ਰੰਤੂ ਪੀਣ ਵਾਲੇ ਠੰਡੇ ਤੇ ਸ਼ੁੱਧ ਪਾਣੀ ਦਾ ਕੋਈ ਪ੍ਰਬੰਧ ਨਾ ਹੋਣ ਕਰਕੇ ਲੇਬਰ ਸਮੇਤ ਹੋਰਨਾਂ ਨੂੰ ਪਿਆਸ ਬੁਝਾਉਣ ਲਈ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮੰਡੀ ਵਿੱਚ ਰਾਮਪੁਰਾ ਫੂਲ ਤੇ ਭੁੱਚੋ ਮੰਡੀ ਦੇ 16-17 ਆੜ੍ਹਤੀਆਂ ਅਧੀਨ ਕਰੀਬ ਲੇਬਰ ਦੇ ਦੋ-ਢਾਈ ਸੌ ਮਜ਼ਦੂਰ ਕਣਕ ਦੀ ਸਫਾਈ, ਤੁਲਾਈ ਤੇ ਲਦਾਈ ਦਾ ਕੰਮ ਕਰਦੇ ਹਨ। ਕਿਸਾਨਾਂ ਸਮੇਤ ਹੋਰ ਸੈਂਕੜੇ ਲੋਕ ਮੰਡੀ ਵਿੱਚ ਵਿਚਰਦੇ ਹਨ। ਮੁੱਢਲੀਆ ਲੋੜਾਂ 'ਚੋਂ ਪੀਣ ਵਾਲਾ ਪਾਣੀ, ਬਾਥਰੂਮ ਤੇ ਰਾਤ ਸਮੇਂ ਲਾਈਟਾਂ ਵਗੈਰਾ ਦਾ ਕੋਈ ਵਧੀਆ ਪ੍ਰਬੰਧ ਨਹੀਂ ਹੈ।

ਮੈਂ ਵਿਜੇ ਕੁਮਾਰ ਪੁੱਤਰ ਦੇਵੋ ਰਾਮ ਵਾਸੀ ਪਿੰਡ ਤੇ ਡਾਕਖਾਨਾ ਬਹਿਰਾਮਪੁਰ, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮਿਤੀ 14.04.2025 ਨੂੰ ਇੱਕ ਅਸਲ ਰਜਿਸਟਰੀ ਦਸਤਾਵੇਜ਼ ਨੰ. 6200 ਮਿਤੀ 29.03.2011 ਬਾਬਤ ਰਕਬਾ ਖਸਰਾ ਨੰਬਰ 16 ਆਰ ਦਾ 22 (3-10), 23 (6-15), 27 (0- 11), 212/1 (5-15), 21 ਆਰ ਦਾ 2/1 (5-15), 2/2/1 (3-9), 3/2/2 (5-19), 9/1 (5-0) 9/2/4 (2-15), 10 (7-2), 11/2 (6-10), 12/1 (5-15) ਵਾਕਿਆ ਸ਼ਹਿਜਾਦਾ ਨੰਗਲ ਗੁਰਦਾਸਪੁਰ, ਹਦਬਸਤ ਨੰ. 335, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ, ਬੱਸ ਸਟੈਂਡ ਗੁਰਦਾਸਪੁਰ ਦੇ ਪਿੱਛੇ ਗੁੰਮ ਹੋ ਗਈ ਹੈ। ਕਿਸੇ ਨੂੰ ਮਿਲੇ ਤਾਂ ਉਕਤ ਪਤੇ ਤੇ ਜਾਂ ਫੋਨ ਨੰਬਰ 95307-04119 ਤੇ ਸੂਚਿਤ ਕਰੇ।

ਮੈਂ, ਸਰਬਜੀਤ ਸਿੰਘ ਪੁੱਤਰ ਬਚਨ ਸਿੰਘ ਵਾਸੀ ਪਿੰਡ ਗੁਮਟਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੇ ਪਲਾਟ ਦੀ ਪੁਰਾਣੀ ਰਜਿਸਟਰੀ ਕੁਲ ਰਕਬਾ 250 ਵਰਗ ਗਜ਼, ਖਸਰਾ ਨੰ: 29/24, ਮਿਨ, ਪਲਾਟ ਨੰ: 63, ਦਸਤਾਵੇਜ਼ ਨੰ: 7317, ਬਹੀ ਨੰ: 1, ਜਿਲਦ ਨੰ: 3775, ਸਫਾ ਨੰ: 27, 28 ਤਸਦੀਕ ਮਿਤੀ 5.10.2009, ਜੋ 17.03.2025 ਨੂੰ ਗੁੰਮ ਹੋ ਗਈ ਹੈ। ਇਸ ਦੀ ਐੱਫ ਆਈ ਆਰ 18.4.2025 ਨੂੰ ਪੁਲਿਸ ਸਟੇਸ਼ਨ ਕੰਟੋਨਮੈਂਟ ਅੰਮ੍ਰਿਤਸਰ ਵਿਖੇ ਦਰਜ ਕਰਵਾ ਦਿੱਤੀ ਹੈ, ਜਿਸ ਦਾ ਜੀ ਡੀ ਨੰ: 043 ਹੈ।


# ਹਲਕੇ ਦੇ ਪੀੜਤ ਲੋਕਾਂ ਦੀ ਬਾਂਹ ਫੜਨ ਮੁੱਖ ਮੰਤਰੀ : ਗੋਲਡੀ ਖੰਗੂੜਾ

ਧੂਰੀ, (ਮੋਹਿਤ ਗਰਗ, ਬਿੰਨੀ ਗਰਗ)- ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਸ਼ਹਿਰ ਅੰਦਰ ਵੱਖ ਵੱਖ ਥਾਵਾਂ 'ਤੇ ਸ਼ਹਿਰੀਆਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣਦਿਆਂ ਉਨ੍ਹਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ।ਗੱਲਬਾਤ ਕਰਦਿਆਂ ਗੋਲਡੀ ਖੰਗੂੜਾ ਨੇ ਬੀਤੇ ਦਿਨੀਂ ਤੇਜ਼, ਝੱਖੜ ਤੇ ਹਨੇਰੀ ਕਾਰਨ ਹੋਏ ਨੁਕਸਾਨ 'ਤੇ ਦੁੱਖ ਪ੍ਰਗਟ ਕਰਦਿਆਂ ਝੱਖੜ ਦੀ ਲਪੇਟ ਵਿੱਚ ਆਏ ਤਿੰਨ ਵਿਅਕਤੀਆਂ ਦੀ ਮੌਤ ਹੋਣ ਨੂੰ ਦੁਖਦਾਈ ਦੱਸਦਿਆਂ ਪਰਵਾਰਾਂ ਲਈ ਮੁਆਵਜ਼ੇ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਇਸ ਕੁਦਰਤੀ ਆਫ਼ਤ ਨੇ ਵਪਾਰੀਆਂ, ਉਦਯੋਗਪਤੀਆਂ ਤੇ ਕਿਸਾਨਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਪਹਿਲਾਂ ਜਿੱਥੇ ਸੈਂਕੜੇ ਏਕੜ ਕਣਕ ਦੀ ਫ਼ਸਲ ਅੱਗ ਵਿੱਚ ਸੜ ਕੇ ਸੁਆਹ ਹੋ ਗਈ, ਉਥੇ ਹੁਣ ਕੁਦਰਤੀ ਕਰੋਪੀ ਲੋਕਾਂ ਲਈ ਆਫ਼ਤ ਬਣ ਕੇ ਆਈ ਹੈ।ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹਲਕੇ ਦੇ ਲੋਕਾਂ ਤੋਂ ਮੋੜੇ ਮੂੰਹ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਧੂਰੀ ਦੇ ਲੋਕਾਂ ਨੇ ਇੱਕ ਵਿਸ਼ੇਸ਼ ਆਸਾਂ ਤੇ ਉਮੀਦਾਂ ਨਾਲ ਸ੍ਰੀ ਭਗਵੰਤ ਮਾਨ ਨੂੰ ਬਤੌਰ ਵਿਧਾਇਕ ਨਹੀਂ, ਬਲਕਿ ਮੁੱਖ ਮੰਤਰੀ ਲਈ ਵੋਟਾਂ ਪਾਈਆਂ ਸਨ, ਪਰ ਭਗਵੰਤ ਮਾਨ ਨੇ ਕਦੇ ਵੀ ਅੱਜ ਤੱਕ ਇਲਾਕੇ ਦੇ ਵਪਾਰੀਆਂ, ਕਿਸਾਨਾਂ ਤੇ ਉਦਯੋਗਪਤੀਆਂ ਨਾਲ ਮੀਟਿੰਗ ਕਰਨੀ ਵੀ ਮੁਨਾਸਿਬ ਨਹੀਂ ਸਮਝੀ, ਸਗੋਂ ਹਲਕੇ ਦੇ ਵਪਾਰ ਮੰਡਲ, ਸਰਪੰਚ ਯੂਨੀਅਨ ਤੇ ਹੋਰ ਜਥੇਬੰਦੀਆਂ ਲਗਾਤਾਰ ਮੁੱਖ ਮੰਤਰੀ ਨਾਲ ਮੀਟਿੰਗ ਦੀ ਮੰਗ ਕਰ ਰਹੀਆਂ ਹਨ।ਉਨ੍ਹਾਂ ਮੁੱਖ ਮੰਤਰੀ ਪੰਜਾਬ ਨੂੰ ਬੇਨਤੀ ਕੀਤੀ ਕਿ ਉਹ ਧੂਰੀ ਹਲਕੇ ਦੇ ਲੋਕਾਂ ਵੱਲੋਂ ਬਖਸ਼ੇ 'ਹਰੇ ਪੈਨ' ਨੂੰ ਧੂਰੀ ਹਲਕੇ ਦੇ ਲੋਕਾਂ ਦੀ ਬਿਹਤਰੀ ਲਈ ਵਰਤਣ।ਉਨ੍ਹਾਂ ਝੱਖੜ ਕਾਰਨ ਹੋਏ ਨੁਕਸਾਨ ਦੇ ਤੁਰੰਤ ਕਮੇਟੀ ਦਾ ਗਠਨ ਕਰਕੇ ਤੁਰੰਤ ਪੀੜਤਾਂ ਨੂੰ ਮੁਆਵਜ਼ਾ ਦੇਣ ਦੀ ਮੰਗ ਵੀ ਕੀਤੀ।

# ਜਿੰਪਾ ਨੇ ਵਾਰਡ ਨੰਬਰ 11 'ਚ ਗਲੀਆਂ ਦੇ ਨਿਰਮਾਣ ਕਾਰਜਾਂ ਦੀ ਕਰਵਾਈ ਸ਼ੁਰੂਆਤ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 11 ਸਥਿਤ ਨਿਊ ਸਿਵਲ ਲਾਈਨ ਦੀਆਂ ਗਲੀਆਂ ਦੇ ਨਿਰਮਾਣ ਕਾਰਜਾਂ ਦਾ ਸ਼ੁਭ ਆਰੰਭ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ਹਿਰਾਂ ਦੇ ਸਰਬਪੱਖੀ ਵਿਕਾਸ ਨੂੰ ਲੈ ਕੇ ਵਚਨਬੱਧ ਹੈ।ਪ੍ਰੋਗਰਾਮ ਦੌਰਾਨ ਵਿਧਾਇਕ ਜਿੰਪਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਨਿਭਾਉਣ ਲਈ ਪੂਰੀ ਗੰਭੀਰਤਾ ਨਾਲ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਸ਼ਹਿਰ ਵਿਚ ਵਿਕਾਸ ਕੰਮਾਂ ਦੀ ਕੋਈ ਕਮੀ ਨਹੀਂ ਛੱਡੀ ਜਾ ਰਹੀ ਹੈ।ਸਾਡੀ ਕੋਸ਼ਿਸ਼ ਹੈ ਕਿ ਹਰ ਮੁਹੱਲੇ, ਹਰ ਗਲੀ ਤੱਕ ਬੁਨਿਆਦੀ ਸੁਵਿਧਾਵਾਂ ਪਹੁੰਚੇ।ਉਨ੍ਹਾਂ ਦੱਸਿਆ ਕਿ ਵਾਰਡ ਨੰਬਰ 11 'ਚ ਗਲੀਆਂ ਦੇ ਨਿਰਮਾਣ ਨਾਲ ਲੋਕਾਂ ਨੂੰ ਕਾਫ਼ੀ ਰਾਹਤ ਮਿਲੇਗੀ ਜਿਸ ਨਾਲ ਹਲਕਾ ਵਾਸੀਆਂ ਨੂੰ ਬਰਸਾਤ ਦੇ ਦਿਨਾਂ ਵਿਚ ਆਉਣ ਵਾਲੀਆਂ ਸਮੱਸਿਆਵਾਂ ਤੋਂ ਨਿਜਾਤ ਮਿਲੇਗੀ ਅਤੇ ਆਵਾਜਾਈ ਸੁਚਾਰੂ ਹੋਵੇਗੀ।ਵਿਧਾਇਕ ਜਿੰਪਾ ਨੇ ਸਥਾਨਕ ਨਿਵਾਸੀਆਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਸ਼ਹਿਰ ਦੇ ਬਾਕੀ ਹਲਕਿਆਂ ਵਿਚ ਵੀ ਜ਼ਰੂਰਤ ਅਨੁਸਾਰ ਵਿਕਾਸ ਕੰਮ ਜਲਦ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਸਿਰਫ਼ ਘੋਸ਼ਣਾਵਾਂ ਕਰਨਾ ਨਹੀਂ ਬਲਕਿ ਜ਼ਮੀਨੀ ਪੱਧਰ 'ਤੇ ਕੰਮ ਕਰਕੇ ਦਿਖਾਉਣੇ ਹਨ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਸਾਬਕਾ ਨਗਰ ਕੌਂਸਲ ਪ੍ਰਧਾਨ ਅਜੇ ਮੋਹਨ ਬੱਬੀ ਵੀ ਮੌਜੂਦ ਸਨ।

## ਐੱਸ ਡੀ ਐੱਮ ਬਣੇ ਰਾਕੇਸ਼ ਬੋਹਾ ਦਾ ਸ਼ਹਿਰ ਪੁੱਜਣ 'ਤੇ ਸ਼ਾਨਦਾਰ ਸਵਾਗਤ



**ਬੋਹਾ (ਨਿਰੰਜਣ ਬੋਹਾ)**-ਪੀ ਸੀ ਐੱਸ ਦੀ ਪ੍ਰੀਖਿਆ ਪਾਸ ਕਰਕੇ ਅਮਰਗੜ੍ਹ ਜ਼ਿਲ੍ਹਾ ਮਲੇਰਕੋਟਲਾ ਦੇ ਐੱਸ ਡੀ ਐੱਮ ਵੱਜੋਂ ਜ਼ਿੰਮੇਵਾਰੀ ਸੰਭਾਲਣ ਵਾਲੇ ਬੋਹਾ ਦੇ ਜੰਮ ਪਲ ਰਾਕੇਸ਼ ਬੋਹਾ ਦਾ ਆਪਣੇ ਜੱਦੀ ਸ਼ਹਿਰ ਬੋਹਾ ਪੁੱਜਣ 'ਤੇ ਸ਼ਹਿਰ ਨਿਵਾਸੀਆਂ ਵੱਲੋਂ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਨਗਰ ਪੰਚਾਇਤ ਬੋਹਾ ਤੇ ਲੋਕ ਭਲਾਈ ਕੱਲਬ ਬੋਹਾ ਵੱਲੋਂ ਉਨ੍ਹਾਂ ਦੇ ਸਨਮਾਨ ਵਿੱਚ ਕਰਵਾਏ ਸਮਾਰੋਹ ਦੀ ਸ਼ੁਰੂਆਤ ਕਲੱਬ ਦੇ ਪ੍ਰਧਾਨ ਅਮਨਦੀਪ ਸਿੰਘ ਪੰਨੂ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਉਨ੍ਹਾਂ ਕਿਹਾ ਕਿ ਸ੍ਰੀ ਰਾਕੇਸ਼ ਬੋਹਾ ਇੱਕ ਮੱਧ ਵਰਗੀ ਪਰਿਵਾਰ ਤੋਂ ਉੱਠ ਕੇ ਐੱਸ ਡੀ ਐੱਮ ਦੇ ਰੁਤਬੇ ਤੱਕ ਪਹੁੰਚੇ ਹਨ। ਇਸ ਨਾਲ ਉਨ੍ਹਾਂ ਦੇ ਸ਼ਹੀਦ ਪਿਤਾ ਦਾ ਇੱਕ ਵੱਡਾ ਸੁਪਨਾ ਪੂਰਾ ਹੋਇਆ। ਨਗਰ ਪੰਚਾਇਤ ਦੇ ਪ੍ਰਧਾਨ ਕਮਲਜੀਤ ਸਿੰਘ ਬਾਵਾ ਲੇਖਕ ਨਿਰੰਜਣ ਬੋਹਾ, ਸਮਾਜ ਸੇਵੀ ਸੁਰਿੰਦਰ ਮੰਗਲਾ, ਹਰਪਾਲ ਸਿੰਘ ਪੰਮੀ ਤੇ ਰਮੇਸ਼ ਆਦਿ ਬੁਲਾਰਿਆ ਨੇ ਕਿਹਾ ਕਿ ਸ਼ਹਿਰ ਦੇ ਹੋਰ ਨੌਜਵਾਨਾਂ ਨੂੰ ਰਾਕੇਸ਼ ਬੋਹਾ ਦੇ ਸੰਘਰਸ਼ੀ ਜੀਵਨ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ। ਇਸ ਸਮੇਂ ਰਾਕੇਸ਼ ਬੋਹਾ ਨੇ ਕਿਹਾ ਕਿ ਪਿਤਾ ਤੋਂ ਮਿਲੀ ਪ੍ਰੇਰਣਾ ਦਾ ਨਤੀਜਾ ਹੈ ਕਿ ਉਨ੍ਹਾਂ ਮਿਹਨਤ ਦਾ ਪੱਲਾ ਨਹੀਂ ਛੱਡਿਆ ਤੇ ਇਸ ਰੁਤਬੇ 'ਤੇ ਪੁੱਜ ਸਕੇ। ਉਨ੍ਹਾਂ ਕਿਹਾ ਕਿ ਉਹ ਆਪਣੇ ਪਿਤਾ ਦੇ ਰਾਹ 'ਤੇ ਚਲਦਿਆਂ ਆਪਣੇ ਜੀਵਨ ਨੂੰ ਲੋਕਾਂ ਦੀ ਭਲਾਈ ਦੇ ਲੇਖੇ ਹੀ ਲਗਾਉਣਾ ਚਾਹੁੰਦਾ ਹਨ। ਜ਼ਿਕਰਯੋਗ ਹੈ ਕਿ ਰਾਕੇਸ਼ ਬੋਹਾ ਦੇ ਸ਼ਹੀਦ ਪਿਤਾ ਭਾਰਤੀ ਕਮਿਊਨਿਸਟ ਪਾਰਟੀ ਦੇ ਸਿਰਕੱਢ ਆਗੂ ਤੇ ਨਿੱਡਰ ਪੱਤਰਕਾਰ ਸਨ, ਜਿਨ੍ਹਾਂ ਨੂੰ ਪੰਜਾਬ ਸੰਕਟ ਦੌਰਾਨ ਖਾੜਕੂਆਂ ਵੱਲੋਂ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਮੌਕੇ ਕਾਮਰੇਡ ਜਗਨ ਨਾਥ, ਸੁਨੀਲ ਕੁਮਾਰ ਗੋਇਲ, ਅਸ਼ੋਕ ਕੁਮਾਰ ਬਿਰਛਾ, ਭੋਲਾ ਸਿੰਘ ਨਰਸੋਤ, ਗਿਆਨ ਚੰਦ ਸਿੰਗਲਾ, ਮਿਠੂ ਸਿੰਘ ਖਾਲਸਾ ਤਰਸੇਮ ਗਾਗ, ਨਵਦੀਪ ਕੱਕੜ, ਕ੍ਰਿਪਾਲ ਸਿੰਘ ਖਾਲਸਾ ਤੇ ਡਾ. ਸਤਨਾਮ ਗੁਰੂ ਆਦਿ ਵੀ ਹਾਜ਼ਰ ਸਨ।

## ਡਾ. ਬਲਬੀਰ ਸਿੰਘ ਨੇ ਜ਼ਿਲ੍ਹੇ 'ਚ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਦਾ ਲਿਆ ਜਾਇਜ਼ਾ

### ਬਰਸਾਤੀ ਮੌਸਮ ਤੋਂ ਪਹਿਲਾਂ ਲੋਕਾਂ ਨੂੰ ਡੇਂਗੂ ਤੇ ਮਲੇਰੀਆਂ ਸਬੰਧੀ ਕੀਤਾ ਜਾਵੇ ਜਾਗਰੂਕ : ਕੈਬਨਿਟ ਮੰਤਰੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾ. ਬਲਬੀਰ ਸਿੰਘ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਸਰਕਾਰ ਨੇ ਦਫ਼ਤਰ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਵਿਖੇ ਅਹਿਮ ਮੀਟਿੰਗ ਕੀਤੀ।ਇਸ ਮੀਟਿੰਗ ਵਿੱਚ ਹਰਦੀਪ ਸਿੰਘ ਡਿੰਪੀ ਢਿੱਲੋਂ ਹਲਕਾ ਵਿਧਾਇਕ ਗਿੱਦੜਬਾਹਾ, ਅਭਿਜੀਤ ਕਪਲਿਸ਼ ਡਿਪਟੀ ਕਮਿਸ਼ਨਰ, ਡਾ. ਅਖਿਲ ਚੌਧਰੀ ਸੀਨੀਅਰ ਪੁਲਸ ਕਪਤਾਨ, ਗੁਰਪ੍ਰੀਤ ਸਿੰਘ ਥਿੰਦ ਵਧੀਕ ਡਿਪਟੀ ਕਮਿਸ਼ਨਰ (ਜਨਰਲ), ਡਾ. ਜਗਦੀਪ ਸਿੰਘ ਚਾਵਲਾ ਸਿਵਿਲ ਸਰਜਨ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸਰਕਾਰ ਵੱਲੋਂ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਪੂਰੀ ਤਰ੍ਹਾਂ ਨਾਲ ਤੋੜਿਆ ਜਾ ਰਿਹਾ ਹੈ, ਜਿਸ ਦੇ ਸਾਰਥਕ ਨਤੀਜੇ ਆਉਣੇ ਸ਼ੁਰੂ ਹੋ ਗਏ ਹਨ।ਉਨ੍ਹਾਂ ਦੱਸਿਆ ਕਿ ਜੇਕਰ ਕੋਈ ਵੀ ਵਿਅਕਤੀ ਕਿਸੇ ਵੀ ਤਰ੍ਹਾਂ ਦੇ ਨਸ਼ੇ ਵੇਚਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।ਇਸ ਮੌਕੇ ਉਨ੍ਹਾਂ ਸਿਹਤ ਵਿਭਾਗ ਦੇ ਅਮਲੇ ਨੂੰ ਹਦਾਇਤ ਕੀਤੀ ਕਿ ਬਰਸਾਤੀ ਮੌਸਮ ਸ਼ੁਰੂ ਹੋਣ ਤੋਂ ਪਹਿਲਾਂ ਲੋਕਾਂ ਨੂੰ ਡੇਂਗੂ ਤੇ ਮਲੇਰੀਆ ਬਚਾਅ ਸਬੰਧੀ ਗਤੀਵਿਧੀਆਂ ਸ਼ੁਰੂ ਕੀਤੀਆਂ ਜਾਣ ਤੇ ਹਰ ਸ਼ੁੱਕਰਵਾਰ ਨੂੰ ਸਰਕਾਰੀ ਦਫਤਰਾਂ, ਜਨਤਕ ਥਾਵਾਂ ਤੇ ਘਰਾਂ ਵਿੱਚ ਜਾ ਕੇ ਕੂਲਰ, ਗਮਲੇ, ਟਾਇਰਾਂ ਤੇ ਕਬਾੜ ਵਾਲੀਆਂ ਥਾਵਾਂ 'ਤੇ ਡੇਂਗੂ ਤੇ ਮਲੇਰੀਆ ਦੇ ਸੈਂਪਲ ਚੈੱਕ ਕੀਤੇ ਜਾਣ ਅਤੇ ਲੋਕਾਂ ਨੂੰ ਇਸ ਸਬੰਧੀ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ।ਮੀਟਿੰਗ ਦੌਰਾਨ ਡਾ. ਅਖਿਲ ਚੌਧਰੀ ਐੱਸ.ਐੱਸ.ਪੀ. ਨੇ ਦੱਸਿਆ ਕਿ ਜਨਵਰੀ 2025 ਤੋਂ ਹੁਣ ਤੱਕ 210 ਐੱਨ.ਡੀ.ਪੀ.ਐੱਸ.ਐਕਟ ਤਹਿਤ ਕੇਸ ਦਰਜ ਕੀਤੇ ਗਏ ਹਨ ਤੇ 411 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।ਇਸ ਤੋਂ ਇਲਾਵਾ 5.92 ਲੱਖ ਰੁਪਏ ਦੀ ਡਰੱਗ ਮਨੀ ਤੇ ਵੱਖ-ਵੱਖ ਤਰ੍ਹਾਂ ਦੇ 42 ਵਹੀਕਲ ਜ਼ਬਤ ਕੀਤੇ ਗਏ ਹਨ।ਮੀਟਿੰਗ ਦੌਰਾਨ ਸਿਵਿਲ ਸਰਜਨ ਨੇ ਦੱਸਿਆ ਕਿ ਜ਼ਿਲ੍ਹੇ 'ਚ ਨਸ਼ੇ ਤੋਂ ਪੀੜਤ ਦਾ ਨਸ਼ਾ ਛੁਡਵਾਉਣ ਲਈ ਦੋ ਮੁੜਵਸੇਬਾ ਕੇਂਦਰ ਸ੍ਰੀ ਮੁਕਤਸਰ ਸਾਹਿਬ ਤੇ ਬੋਹੜੀ ਵਿਖੇ ਚੱਲ ਰਹੇ ਹਨ।ਇਸ ਤੋਂ ਇਲਾਵਾ 8 ਸਰਕਾਰੀ ਓਟ ਕੇਂਦਰ ਤੇ ਇਲਾਵਾ 11 ਓਟ ਕਲੀਨਿਕ ਵੀ ਕੰਮ ਕਰ ਰਹੇ ਹਨ, ਜਿਨ੍ਹਾਂ ਵਿੱਚ ਨਸ਼ੇ ਤੋਂ ਪੀੜਤ ਲੋਕਾਂ ਦਾ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ।ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ 10 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਵੀ ਕੰਮ ਕਰ ਰਹੇ ਹਨ।

## ਆਊਟਸੋਰਸ ਸਿਹਤ ਕਾਮਿਆਂ ਵੱਲੋਂ ਜਥੇਬੰਦੀ ਦਾ ਗਠਨ

### ਨਾਜਰ ਸਿੰਘ ਪ੍ਰਧਾਨ ਤੇ ਹਰਵਿੰਦਰ ਸਿੰਘ ਬਣੇ ਜਨਰਲ ਸਕੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਮਾਨਸਾ ਵਿੱਚ ਪੈਂਦੇ ਕਮਿਊਨਿਟੀ ਹੈਲਥ ਸੈਂਟਰ ਖਿਆਲਾ ਕਲਾਂ ਵਿਖੇ ਸਿਹਤ ਵਿਭਾਗ ਵਿੱਚ ਵੱਖ ਵੱਖ ਕੈਟਾਗਰੀਆਂ ਵਿੱਚ ਕੰਮ ਕਰਨ ਵਾਲੇ ਆਊਟਸੋਰਸ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਜ਼ਿਲ੍ਹਾ ਪੱਧਰੀ ਮੀਟਿੰਗ ਹੋਈ। ਜ਼ਿਕਰਯੋਗ ਹੈ ਕਿ ਸਿਹਤ ਵਿਭਾਗ ਵਿੱਚ ਲਗਭਗ ਕੁੱਲ ਮੁਲਾਜ਼ਮਾਂ ਦਾ ਅੱਧਾ ਹਿੱਸਾ ਆਊਟਸੋਰਸ ਕਾਮਿਆਂ ਦੇ ਤੌਰ 'ਤੇ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ। ਜਿਨ੍ਹਾਂ ਵਿੱਚੋਂ ਬਹੁਤ ਸਾਰੇ ਕਾਮੇ ਕਰੀਬ 15-20 ਸਾਲਾਂ ਤੋਂ ਕੰਮ ਕਰਦੇ ਹਨ, ਉਨ੍ਹਾਂ ਕਾਮਿਆਂ ਨੂੰ ਅੱਜ ਤੱਕ ਕਿਸੇ ਵੀ ਸਰਕਾਰ ਨੇ ਰੈਗੂਲਰ ਕਰਨ ਸਬੰਧੀ ਕੋਈ ਵੀ ਨੀਤੀ ਨਹੀਂ ਬਣਾਈ ਗਈ।ਇਨ੍ਹਾਂ ਕਾਮਿਆਂ ਦੀ ਕੰਪਨੀਆਂ ਦੁਆਰਾ ਵੱਖ ਵੱਖ ਤਰੀਕੇ ਨਾਲ ਲੁੱਟ ਘਸੁੱਟ ਕੀਤੀ ਜਾ ਰਹੀ ਹੈ, ਜਿਸ ਕਰਕੇ ਇਨ੍ਹਾਂ ਆਊਟ ਸੋਰਸ ਕਾਮਿਆਂ ਵਿੱਚ ਰੋਸ ਪੈਦਾ ਹੋ ਰਿਹਾ ਹੈ।ਉਨ੍ਹਾਂ ਆਪਣੀਆਂ ਹੱਕੀ ਮੰਗਾਂ ਲਈ ਵੱਡੀ ਪੱਧਰ 'ਤੇ ਲਾਮਬੰਦੀ ਸ਼ੁਰੂ ਕਰਦਿਆਂ ਜ਼ਿਲ੍ਹਾ ਪੱਧਰੀ ਚੋਣ ਵੀ ਕੀਤੀ ਗਈ, ਜਿਸ ਵਿੱਚ ਨਾਜ਼ਰ ਸਿੰਘ ਨੂੰ ਜ਼ਿਲ੍ਹਾ ਪ੍ਰਧਾਨ, ਹਰਵਿੰਦਰ ਸਿੰਘ ਜ਼ਿਲ੍ਹਾ ਜਨਰਲ ਸਕੱਤਰ, ਦਿਲਪ੍ਰੀਤ ਸਿੰਘ ਬੁਢਲਾਡਾ ਕੈਸ਼ੀਅਰ, ਸੀਨੀਅਰ ਮੀਤ ਪ੍ਰਧਾਨ ਮਨੀਸ਼ ਕੁਮਾਰ ਮਾਨਸਾ, ਮੀਤ ਪ੍ਰਧਾਨ ਲਖਵਿੰਦਰ ਕੌਰ ਮਾਨਸਾ ਤੇ ਰੀਚਾ ਰਾਣੀ, ਦਫ਼ਤਰ ਸਕੱਤਰ ਕੋਕੀ ਬੁਢਲਾਡਾ, ਪ੍ਰੈੱਸ ਸਕੱਤਰ ਬੂਟਾ ਸਿੰਘ, ਮੁੱਖ ਸਲਾਹਕਾਰ ਗੁਰਵੀਰ ਸਿੰਘ ਭੀਖੀ, ਸਲਾਹਕਾਰ ਸੁਖਦੀਪ ਸਿੰਘ ਭੀਖੀ, ਆਰਗੇਨਾਈਜ਼ਰ ਗੁਰਪ੍ਰੀਤ ਸਿੰਘ ਤੇ ਸੁਖਵੰਤ ਸਿੰਘ, ਆਡੀਟਰ ਸੰਦੀਪ ਸਿੰਘ, ਜ਼ਿਲ੍ਹਾ ਕਮੇਟੀ ਮੈਂਬਰ ਮਨਪ੍ਰੀਤ ਕੌਰ ਬੁਢਲਾਡਾ, ਜਸਪ੍ਰੀਤ ਕੌਰ, ਕਮਲਜੀਤ ਕੌਰ, ਅਮਨਦੀਪ ਕੌਰ ਆਦਿ ਸ਼ਾਮਲ ਸਨ। ਇਸ ਮੀਟਿੰਗ ਵਿੱਚ ਗਗਨਦੀਪ ਸਿੰਘ ਭੁੱਲਰ ਸੂਬਾ ਪ੍ਰਧਾਨ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਵਿਗਿਆਨਕ, ਗੁਰਜਿੰਦਰ ਸਿੰਘ ਮੰਡੀ ਕਲਾਂ ਬਲਾਕ ਪ੍ਰਧਾਨ ਬਠਿੰਡਾ, ਗੁਰਿੰਦਰ ਸਿੰਘ ਵਿੱਕੀ ਫੂਲ, ਪ੍ਰਦੀਪ ਸ਼ਰਮਾ ਫੂਲ, ਅਮਨਦੀਪ ਸਿੰਘ ਮਹਿਰਾਜ, ਰਵੀ ਕੁਮਾਰ ਰਾਮਪੁਰਾ, ਅਮਨਦੀਪ ਕੁਮਾਰ ਬਠਿੰਡਾ, ਜਗਸੀਰ ਸਿੰਘ ਜਰਨਲ ਸਕੱਤਰ ਜ਼ਿਲ੍ਹਾ ਬਠਿੰਡਾ, ਹਰਮਨਦੀਪ ਸਿੰਘ ਸਿੱਧੂ ਜ਼ਿਲ੍ਹਾ ਪ੍ਰਧਾਨ ਬਰਨਾਲਾ, ਗੁਰਦੀਪ ਸਿੰਘ ਬਰਨਾਲਾ, ਯਾਦਵਿੰਦਰ ਸਿੰਘ ਬਰਨਾਲਾ, ਗੁਰਪ੍ਰੀਤ ਸਿੰਘ ਖਿਆਲਾ ਕਲਾਂ ਜ਼ਿਲ੍ਹਾ ਪ੍ਰਧਾਨ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਮਾਨਸਾ, ਗੁਰਪਾਲ ਸਿੰਘ ਸਰਦੂਲਗੜ੍ਹ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਬਲਾਕ ਪ੍ਰਧਾਨ ਮਾਨਸਾ, ਬਿੱਕਰ ਸਿੰਘ ਮਾਖਾ ਸੂਬਾ ਪ੍ਰਧਾਨ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ, ਹਿੰਮਤ ਸਿੰਘ ਦੂਲੋਵਾਲ, ਕੁਲਦੀਪ ਸਿੰਘ ਤਲਵੰਡੀ ਸਾਬੋ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

## ਮਜ਼ਦੂਰ ਦਿਵਸ ਸਾਮਰਾਜੀ ਕਾਰਪੋਰੇਟ ਨੀਤੀਆਂ ਖ਼ਿਲਾਫ਼ ਹੋਵੇਗਾ ਸੇਧਤ



**ਜਗਰਾਓਂ (ਨਛੱਤਰ ਸੰਧੂ)**-ਜਗਰਾਓਂ ਤਹਿਸੀਲ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਏਟਕ ਆਗੂ ਅਵਤਾਰ ਸਿੰਘ ਗਗੜਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਕੰਵਲਜੀਤ ਖੰਨਾ, ਗੁਰਮੇਲ ਸਿੰਘ ਰੂਮੀ, ਮਾਸਟਰ ਅਵਤਾਰ ਸਿੰਘ, ਚਮਕੌਰ ਸਿੰਘ, ਮਦਨ ਸਿੰਘ, ਜਗਦੀਸ਼ ਸਿੰਘ ਤੇ ਭੁਪਿੰਦਰ ਸਿੰਘ ਬਰਾੜ ਨੇ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਵਜੋਂ ਮੀਟਿੰਗ 'ਚ ਹਿੱਸਾ ਲਿਆ। ਮੀਟਿੰਗ 'ਚ 1 ਮਈ ਦੇ ਕੌਮਾਂਤਰੀ ਮਜ਼ਦੂਰ ਦਿਵਸ ਨੂੰ ਸਥਾਨਕ ਬੱਸ ਸਟੈਂਡ 'ਤੇ ਪੂਰੇ ਜੋਸ਼-ਖਰੋਸ਼ ਨਾਲ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਸਮੇਂ ਆਪਸੀ ਵਿਚਾਰ ਵਟਾਂਦਰੇ ਉਪਰੰਤ ਮਈ ਦਿਵਸ ਸਮਾਗਮ ਅਮਰੀਕਨ ਸਾਮਰਾਜ ਦੀਆਂ ਕੁੱਲ ਦੇਸ਼ਾਂ 'ਤੇ ਮੜ੍ਹੀਆਂ ਜਾ ਰਹੀਆਂ ਭਾਰੀ ਟੈਰਿਫ ਨੀਤੀਆਂ ਖਿਲਾਫ ਸੇਧਤ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ 'ਚ ਮਈ ਦਿਵਸ ਪ੍ਰਚਾਰ ਨੂੰ ਸੰਸਾਰ ਸਾਮਰਾਜ ਦੇ ਜਲਦੀ ਹੀ ਤਿੱਖੇ ਹੋ ਰਹੇ ਆਰਥਿਕ ਸੰਕਟ 'ਚ ਫਸਣ ਦੇ ਸਿੱਟੇ ਵਜੋਂ ਆ ਰਹੀ ਘੋਰ ਆਰਥਿਕ ਮੰਦੀ ਦੇ ਕਿਰਤੀ ਵਰਗ ਵਿਰੋਧੀ ਸਿੱਟਿਆਂ ਤੋਂ ਜਨਤਾ ਨੂੰ ਜਾਗਰੂਕ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਮੋਦੀ ਸਰਕਾਰ ਵੱਲੋਂ ਨਵਾਂ ਵਕਫ ਕਨੂੰਨ ਬਹੁਮੱਤ ਦੇ ਸਿੱਟੇ ਵਜੋਂ ਮੁਸਲਿਮ ਵਰਗ 'ਤੇ ਕੀਤੇ ਜਾ ਰਹੇ ਫਾਸ਼ੀ ਹਮਲਿਆਂ ਦਾ ਵੀ ਠੋਕਵਾਂ ਜਵਾਬ ਦੇਣ ਦਾ ਫੈਸਲਾ ਕੀਤਾ ਗਿਆ। ਇਸ ਸਮੇਂ ਸਮੂਹ ਜਥੇਬੰਦੀਆਂ ਦੀਆਂ ਲਾਮਬੰਦੀ ਮੀਟਿੰਗਾਂ ਕਰਾਉਣ ਲਈ 28 ਅਪ੍ਰੈਲ ਨੂੰ ਪੰਜਾਬ ਲੋਕ ਯੂਨੀਅਨ ਨੇੜੇ ਸ਼ੇਰਪੁਰਾ ਫਾਟਕਾਂ ਜਗਰਾਓਂ ਦੇ ਦਫਤਰ ਵਿਖੇ ਇਕੱਤਰ ਹੋ ਕੇ ਇਸ ਸਬੰਧੀ ਪ੍ਰਚਾਰ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਸਿੱਖਿਆ ਮੰਤਰੀ ਦੇ ਘਰ ਦਾ ਘਿਰਾਓ ਕਰਨ ਜਾ ਰਹੇ ਬੇਰੁਜ਼ਗਾਰ ਅਧਿਆਪਕਾਂ 'ਤੇ ਵਹਿਸ਼ੀ ਜਬਰ ਢਾਹੁਣ ਦੀ ਜ਼ੋਰਦਾਰ ਨਿੰਦਾ ਕਰਦਿਆਂ ਦੋਸ਼ੀ ਪੁਲਸ ਅਧਿਕਾਰੀਆਂ ਖਿਲਾਫ ਠੋਸ ਕਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਉਨ੍ਹਾਂ ਸਮੂਹ ਮਜ਼ਦੂਰ ਮੁਲਾਜ਼ਮ ਪੈਨਸ਼ਨਰ ਤੇ ਕਿਸਾਨ ਜਥੇਬੰਦੀਆਂ ਨੂੰ ਮਈ ਦਿਵਸ ਸਮਾਗਮ 'ਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ।

## ਨਰਮੇ ਦੇ ਬੀ ਟੀ ਬੀਜ 'ਤੇ ਸਰਕਾਰ ਦੇਵੇਗੀ 33 ਫੀਸਦੀ ਸਬਸਿਡੀ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਖੇਤੀਬਾੜੀ ਤੇ ਕਿਸਾਨ ਕਲਿਆਣ ਵਿਭਾਗ ਵੱਲੋਂ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਰਮੇ ਦੀ ਕਾਸ਼ਤ ਨੂੰ ਉਤਸ਼ਾਹਤ ਕਰਨ ਲਈ ਕਿਸਾਨਾਂ ਨੂੰ ਨਰਮੇ ਦੇ ਬੀ ਟੀ ਬੀਜਾਂ 'ਤੇ ਸਬਸਿਡੀ ਦਿੱਤੀ ਜਾਣੀ ਹੈ।ਇਹ ਜਾਣਕਾਰੀ ਖੇਤੀਬਾੜੀ ਅਫਸਰ ਸ੍ਰੀਮਤੀ ਮਮਤਾ ਲੂਣਾ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਕਿਸਾਨਾਂ ਨੂੰ 33 ਫੀਸਦੀ ਸਬਸਿਡੀ ਦਿੱਤੀ ਜਾਣੀ ਹੈ।ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਬੀ ਟੀ ਕਾਟਨ ਦੇ ਹਾਈਬ੍ਰਿਡ ਬੀਜੀ 2 ਦਾ ਵੱਧ ਤੋਂ ਵੱਧ ਵਿਕਰੀ ਮੁੱਲ 901 ਰੁਪਏ ਪ੍ਰਤੀ ਪੈਕਟ ਨਿਰਧਾਰਤ ਕੀਤਾ ਗਿਆ ਹੈ।ਇਸ ਦਰ ਨਾਲ ਪ੍ਰਤੀ ਪੈਕਟ ਕਿਸਾਨਾਂ ਨੂੰ 297 ਰੁਪਏ ਦੀ ਸਬਸਿਡੀ ਦਿੱਤੀ ਜਾਣੀ ਹੈ।ਇੱਕ ਕਿਸਾਨ ਨੂੰ ਵੱਧ ਤੋਂ ਵੱਧ 10 ਪੈਕਟ ਭਾਵ ਪੰਜ ਏਕੜ ਤੱਕ ਦੀ ਆਰਥਿਕ ਮਦਦ ਦਿੱਤੀ ਜਾਣੀ ਹੈ।ਉਨ੍ਹਾਂ ਕਿਹਾ ਕਿ ਉਕਤ ਸਬਸਿਡੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫਾਰਸ਼ ਤੇ ਖੇਤੀਬਾੜੀ ਵਿਭਾਗ ਵੱਲੋਂ ਪ੍ਰਮਾਣਿਤ ਬੀ ਟੀ ਹਾਈਬ੍ਰਿਡ ਬੀਜਾਂ 'ਤੇ ਹੀ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਕਿਸਾਨ ਬੀਜ ਦੀ ਖਰੀਦ ਸਮੇਂ ਪੱਕਾ ਬਿੱਲ ਜ਼ਰੂਰ ਲੈਣ ਅਤੇ ਬੀਜ ਦੀ ਖਰੀਦ ਰਾਜ ਅੰਦਰ ਮੌਜੂਦ ਫਰਮਾਂ ਪਾਸੋਂ ਕੀਤੀ ਜਾਵੇ ਤਾਂ ਜੋ ਸਬਸਿਡੀ ਲੈਣ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ।ਇਸ ਸਬੰਧੀ ਹੋਰ ਜਾਣਕਾਰੀ ਲਈ ਖੇਤੀਬਾੜੀ ਵਿਭਾਗ ਦੇ ਬਲਾਕ ਦਫਤਰਾਂ ਨਾਲ ਰਾਬਤਾ ਕੀਤਾ ਜਾ ਸਕਦਾ ਹੈ।

## ਮੱਲ੍ਹਾ ਰਹੀਮੇ ਕੇ ਉਤਾੜ ਦੀ ਪੰਚਾਇਤ ਸਮੇਤ ਵੱਡੀ ਗਿਣਤੀ ਲੋਕ 'ਆਪ' 'ਚ ਸ਼ਾਮਲ



**ਮਮਦੋਟ (ਜਸਵੀਰ ਸਿੰਘ ਕੰਬੋਜ)**-ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਆ ਤੇ ਉਨ੍ਹਾਂ ਦੀ ਟੀਮ, ਜਿਸ ਵਿੱਚ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਦਲਜੀਤ ਸਿੰਘ ਬਾਬਾ ਉਪ ਪ੍ਰਧਾਨ ਨਗਰ ਪੰਚਾਇਤ ਮਮਦੋਟ, ਸੰਦੀਪ ਸੋਨੀ, ਤਰਸੇਮ ਸਿੰਘ ਸੋਨੂੰ ਛੱਪੜ ਸਮੇਤ ਵੱਡੀ ਗਿਣਤੀ ਵਿੱਚ ਸੀਨੀਅਰ ਆਗੂ ਸਨ, ਵੱਲੋਂ ਕੀਤੇ ਜਾਂ ਰਹੇ ਟੂਰ ਪ੍ਰੋਗਰਾਮ ਨੂੰ ਉਸ ਵੇਲੇ ਵੱਡਾ ਬਲ ਮਿਲਿਆ, ਜਦ ਪਿੰਡ ਮੱਲ੍ਹਾ ਰਹੀਮੇ ਕੇ ਉਤਾੜ ਉਰਫ ਸਦਰ ਕੇ ਦੀ ਸਰਪੰਚ ਸੁਖਬੀਰ ਕੌਰ, ਅਜੀਤ ਸਿੰਘ ਪੰਚ, ਜਸਵੰਤ ਸਿੰਘ ਪੰਚ, ਜਰਮਨ ਸਿੰਘ ਪੰਚ, ਪ੍ਰੇਮ ਸਿੰਘ ਪੰਚ, ਗੁਰਦੇਵ ਸਿੰਘ ਪੰਚ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਪਾਰਟੀ ਵਿੱਚ ਨਵੇਂ ਸ਼ਾਮਲ ਹੋਏ ਪਿੰਡ ਵਾਸੀਆਂ ਨੂੰ ਵਿਧਾਇਕ ਦਹੀਆ ਨੇ ਵਿਸ਼ਵਾਸ ਦੁਆਇਆ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰੇਕ ਵਿਅਕਤੀ ਨੂੰ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਬੋਹੜ ਸਿੰਘ ਭੁੱਲਰ ਸੱਦਰ ਕੇ, ਅਜਮੇਰ ਸਿੰਘ ਸਰਪੰਚ ਮੂਰਕ ਵਾਲਾ, ਡਾਕਟਰ ਪਵਨ ਸੋਲੰਕੀ, ਰਣਜੀਤ ਸਿੰਘ ਸਰਪੰਚ ਤਰਾਂ ਵਾਲਾ, ਸੁਭਾਸ਼ ਬੱਤਾ, ਗੁਰਸੇਵਕ ਸਿੰਘ ਰਹੀਮੇ ਕੇ, ਹਰਜਿੰਦਰ ਸਿੰਘ ਹਜਾਰਾਂ, ਸਜਵਾਰ ਸਿੰਘ ਸਰਪੰਚ ਚੱਕ ਖੁੰਦਰ, ਰਾਜਵੰਤ ਸਿੰਘ ਸਰਪੰਚ ਰਹੀਮੇ ਕੇ ਤੇ ਨਿੱਜੀ ਸਕੱਤਰ ਰੋਬੀ ਸੰਧੂ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## 1 ਕਿੱਲੋ 29 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇਕ ਵਿਅਕਤੀ ਦੇ ਖੇਤ ਵਿਚੋਂ 1 ਕਿੱਲੋ 29 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਜਸਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਟੈਲੀਫੋਨ 'ਤੇ ਇਤਲਾਹ ਮਿਲੀ ਕਿ ਪਿੰਡ ਹਬੀਬ ਵਾਲਾ ਦੇ ਅਵਤਾਰ ਸਿੰਘ ਪੁੱਤਰ ਅਜੀਤ ਸਿੰਘ ਦੇ ਘਰ ਜੋ ਕਿ ਬਾਹਰ ਖੇਤ ਵਿਚ ਬਣਿਆ ਹੈ, ਘਰ ਦੇ ਵਿਹੜੇ ਵਿਚ ਬੀਤੀ ਰਾਤ ਕਰੀਬ 3 ਵਜੇ ਸਵੇਰੇ ਇਕ ਪੈਕਟ ਡਿੱਗਿਆ ਹੈ। ਇੰਸਪੈਕਟਰ ਜਸਵੰਤ ਸਿੰਘ ਨੇ ਦੱਸਿਆ ਕਿ ਉਹ ਸਾਥੀ ਕਰਮਚਾਰੀਆਂ ਨਾਲ ਮੌਕੇ 'ਤੇ ਪੁੱਜਾ ਜਿਥੇ ਬੀਐੱਸਐੱਫ ਪਹਿਲਾ ਹੀ ਮੌਜੂਦ ਸੀ। ਉਸ ਨੇ ਮੌਕੇ 'ਤੇ ਡੀਐੱਸਪੀ ਸਪੈਸ਼ਲ ਕ੍ਰਾਈਮ ਰਵਿੰਦਰਪਾਲ ਸਿੰਘ ਨੂੰ ਬੁਲਾਇਆ, ਜੋ ਹਾਜ਼ਰ ਆਏ। ਵਿਹੜੇ ਵਿਚ ਡਿੱਗੇ ਪੈਕੇਟ ਦਾ ਵਜ਼ਨ ਕਰਨ 'ਤੇ 515 ਗ੍ਰਾਮ ਹੈਰੋਇਨ ਹੋਈ ਤੇ ਨਾਲ ਲੱਗਦੇ ਖੇਤਾਂ ਵਿਚ ਸਰਚ ਕਰਨ 'ਤੇ ਇਕ ਹੋਰ ਪੈਕੇਟ, ਜਿਸ ਦਾ ਵਜ਼ਨ ਕਰੀਬ 514 ਗ੍ਰਾਮ ਹੈਰੋਇਨ ਹੋਈ ਤੇ ਨਾਲ ਹੀ ਖੇਤਾਂ ਵਿਚ ਇਕ ਮੋਟਰਸਾਈਕਲ ਸੀਟੀ 100 ਨੰਬਰ ਪੀਬੀ 08 ਏਆਰ 8536 ਮਿਲਿਆ। ਪੁਲਸ ਨੇ ਹੈਰੋਇਨ ਬਰਾਮਦ ਕਰਕੇ ਰਸ਼ਪਾਲ ਸਿੰਘ ਪੁੱਤਰ ਗੁਰਮੁੱਖ ਸਿੰਘ ਵਾਸੀ ਹਬੀਬ ਵਾਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਸ ਨੇ ਦੱਸਿਆ ਕਿ ਉਕਤ ਵਿਅਕਤੀ ਖਿਲਾਫ ਮਾਮਲਾ ਦਰਜ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।


**AXIS BANK** Retail Asset Center:- "SCO-390,Sector-20, 2nd Floor, Panchkula, Haryana- 134117.
Corporate Office: "Axis House", C-2, Wadia International Centre, Pandurang Budhkar Marg, Worli, Mumbai- 400025
Registered Office: "Trishul", 3rd Floor Opp. Samartheshwar Temple Law Garden, Ellisbridge Ahmedabad- 380006

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

**ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਨੋਟਿਸ।**

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ। (1) ਦਲਬੀਰ ਸਿੰਘ ਪੁੱਤਰ ਰੇਸ਼ਮ ਸਿੰਘ (2) ਸ੍ਰੀ ਰੇਸ਼ਮ ਸਿੰਘ ਪੁੱਤਰ ਗੁਰਨਾਮ ਸਿੰਘ 24 ਜਨਵਰੀ 2025 ਰੁਪਏ 12,06,538/- (ਬਾਰਾਂ ਲੱਖ ਛੇ ਹਜ਼ਾਰ ਪੰਜ ਸੌ ਅਠੱਤੀ ਰੁਪਏ ਕੇਵਲ) ਸਮੇਤ ਭਵਿੱਖੀ ਵਿਆਜ ਨੀਯਤ ਮਿਤੀ ਤੱਕ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 23 ਮਈ 2025 ਨੂੰ ਵਿਕਰੀ ਕੀਤੀ ਜਾਵੇਗੀ।
ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | (ਕੋਈ ਨਹੀਂ) |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 15,30,000/- (ਪੰਦਰਾਂ ਲੱਖ ਤੀਹ ਹਜ਼ਾਰ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 1,53,000/- (ਇੱਕ ਲੱਖ ਤਰਵੰਜਾ ਹਜ਼ਾਰ ਰੁਪਏ ਕੇਵਲ) ਡੀ ਡੀ/ਪੀ ਓ ਰਾਹੀਂ 'ਐਕਸਿਸ ਬੈਂਕ ਲਿਮਟਿਡ ਦੇ ਹੱਕ 'ਚ, ਪੰਚਕੂਲਾ ਵਿਖੇ ਅਦਾਇਗੀਯੋਗ। |
| ਬੋਲੀ ਵਾਧਾ ਰਕਮ | ਰੁਪਏ 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਰਿਟੇਲ ਐੱਸਟ ਸੈਂਟਰ, ਐੱਸ ਸੀ ਓ-390, ਸੈਕਟਰ-20, ਦੂਜੀ ਮੰਜ਼ਲ, ਪੰਚਕੂਲਾ, ਹਰਿਆਣਾ-1341117 ਵਿਖੇ ਨਿਤਿਸ਼ ਅੱਗਰਵਾਲ ਦੇ ਨਾਂਅ 'ਤੇ 22 ਮਈ 2025 ਨੂੰ ਸ਼ਾਮ ਦੇ 5.00ਵਜੇ ਤੱਕ |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 22 ਮਈ 2025 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 12.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ-ਜਾਇਦਾਦ ਦਾ ਵੇਰਵਾ

ਬੈਨਾਮਾ ਨੰ. 2019-20/14/1/4351 ਮਿਤੀ 5 ਦਸੰਬਰ 2019 ਅਨੁਸਾਰ ਸ੍ਰੀ ਦਲਬੀਰ ਸਿੰਘ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ ਪਲਾਟ ਨੰ. 251 ਅਤੇ 252, ਰਕਬਾ 0 ਵਿਘਾ 4 ਵਿਸਵਾ (200 ਵਰਗ ਗਜ਼), ਖੇਵਟ/ਖਤੌਨੀ ਨੰ. 44/70, 71, 72, 73, 74, ਖਸਰਾ ਨੰ. 254 (4-12), 255 (4-12) 256 (4-12), 258 (4-0), 259 (4-0), 260 ਮਿੰਨ 838 (0-2), 1397/257 (1-0), 1396/257 (3-0) 260 ਮਿੰਨ (0-8), 261 (3-12), 262/2/2 (1-16), 263 (4-0), 264 (4-0), 266 (4-0), 265 (3-10), 267 (4-0), 262/1 (1-16), 839 (0-2), 253 (2-5) ਕਿੱਤੇ 20, ਜ਼ਮੀਨ ਰਕਬਾ 60 ਵਿਖੇ 9 ਵਿਸਵੇ 80/24180 ਤੱਕ, ਜੋ ਕਿ 0 ਵਿਘਾ 4 ਬਿਸਵੇ (ਸਾਈਜ਼ 22'6" ਚੌੜੀ ×40' ਲੰਮੀ =100 ਵਰਗ ਗਜ਼ ਮਾਡਰਨ ਕੰਪਲੈਕਸ ਪਿੰਡ ਦੱਪਰ ਅਤੇ (ਸਾਈਜ਼ 22 ਫੁੱਟ 6 ਇੰਚ ਚੌੜੀ×40 ਫੁੱਟ ਲੰਬੀ= 100 ਵਰਗ ਗਜ਼), ਮਾਡਰਨ ਕੰਪਲੈਕਸ, ਪਿੰਡ ਦੱਪਰ, ਹਦਬਸਤ ਨੰ. 20, ਐੱਮ ਸੀ ਲਾਲੜੂ, ਤਹਿਸੀਲ ਡੇਰਾਬਸੀ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੋਹਾਲੀ ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਸੜਕ, ਪੱਛਮ : ਪਲਾਟ ਨੰ. 274 ਤੇ 275, ਉੱਤਰ : ਪਲਾਟ ਨੰ. 250, ਦੱਖਣ : ਪਲਾਟ ਨੰ. 253

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਨਿਤਿਸ਼ ਅਗਰਵਾਲ (ਮੋਬਾਈਲ ਨੰ. 9888889394) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 10 ਵਜੇ ਤੋਂ ਸ਼ਾਮ ਦੇ 4.00 ਵਜੇ ਤੱਕ ਸੰਪਰਕ ਕਰ ਸਕਦੇ ਹਨ।

ਮਿਤੀ : 22-04-2025, ਸਥਾਨ : ਡੇਰਾਬਸੀ (ਮੋਹਾਲੀ)
ਤੁਹਾਡਾ ਸ਼ੁੱਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਟਿਡ (ਅਧਿਕਾਰਤ ਅਫਸਰ)


## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 265 ਲੋੜਵੰਦਾਂ ਨੂੰ ਰਾਸ਼ੀ ਭੇਟ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ 265 ਲੋੜਵੰਦ ਪਰਵਾਰਾਂ ਨੂੰ ਮਹੰਤ ਕਸ਼ਮੀਰ ਸਿੰਘ ਤੇ ਸਮਾਜਸੇਵੀ ਮਿੱਕਲ ਬਜਾਜ ਦੀ ਹਾਜ਼ਰੀ ਵਿੱਚ ਸਹਾਇਤਾ ਰਾਸ਼ੀ ਦੇ ਚੈੱਕ ਤਕਸੀਮ ਕੀਤੇ ਗਏ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ, ਬੇਸਹਾਰਾ ਬਜ਼ੁਰਗਾਂ, ਬੇਸਹਾਰਾ ਬੱਚਿਆਂ, ਬੇਸਹਾਰਾ ਵਿਧਵਾਵਾਂ ਤੇ ਅਪਣੇ ਪਰਿਵਾਰਕ ਮੈਂਬਰਾਂ ਨੂੰ ਗਵਾ ਚੁੱਕੇ ਇਕੱਲੇ ਰਹਿ ਰਹੇ ਬੇਸਹਾਰਾ ਨੂੰ ਦਿੱਤੀ ਗਈ।ਇਹ ਲੜੀ ਪਿਛਲੇ 8 ਸਾਲਾਂ ਤੋਂ ਲਗਾਤਾਰ ਜਾਰੀ ਹੈ।ਇਸ ਮੌਕੇ ਮਹੰਤ ਕਸ਼ਮੀਰ ਸਿੰਘ ਤੇ ਮਿੱਕਲ ਬਜਾਜ ਵੱਲੋਂ ਡਾਕਟਰ ਐੱਸ ਪੀ ਸਿੰਘ ਉਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ।ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਪਰਵਾਰਾਂ ਵੱਲੋਂ ਡਾਕਟਰ ਐੱਸ ਪੀ ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਤੇ ਲੰਮੀ ਉਮਰ ਦੀ ਕਾਮਨਾ ਕੀਤੀ ਗਈ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ ਕੈਸ਼ੀਅਰ, ਜਸਪਾਲ ਸਿੰਘ ਰਿਟਾਇਰਡ ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ ਮੀਤ ਪ੍ਰਧਾਨ, ਜਤਿੰਦਰ ਸਿੰਘ ਕੈਂਥ, ਪਰਮਜੀਤ ਕੌਰ ਬਰਾੜ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਅਸ਼ੋਕ ਕੁਮਾਰ, ਗੁਰਜੀਤ ਸਿੰਘ ਜੀਤਾ, ਸੁਖਬੀਰ ਸਿੰਘ ਜੈਲਦਾਰ, ਗੁਰਚਰਨ ਸਿੰਘ ਭੋਣ, ਮਾਸਟਰ ਰਜਿੰਦਰ ਸਿੰਘ ਆਦਿ ਹਾਜ਼ਰ ਸਨ।

## ਨਾੜ ਨੂੰ ਅੱਗ ਲਗਾਉਣ ਦੇ ਦੋਸ਼ 'ਚ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਥਾਣਾ ਆਰਿਫ ਕੇ ਦੇ ਅਧੀਨ ਆਉਂਦੇ ਪਿੰਡ ਲੱਖਾ ਬੂਬਨਾ ਅਟਾਰੀ ਵਿਖੇ ਖੇਤ ਵਿਚ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੇ ਦੋਸ਼ ਵਿੱਚ ਪੁਲਸ ਨੇ ਇਕ ਵਿਅਕਤੀ ਖਿਲਾਫ 223 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਕੁਲਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਅਟਾਰੀ ਬੱਸ ਸਟੈਂਡ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਗੁਰਵਿੰਦਰ ਸਿੰਘ ਪੁੱਤਰ ਕ੍ਰਿਪਾਲ ਸਿੰਘ ਵਾਸੀ ਲੱਖਾ ਬੂਬਨਾ ਅਟਾਰੀ ਨੇ ਆਪਣੇ ਖੇਤ ਵਿੱਚ ਕਣਕ ਦੇ ਨਾੜ ਨੂੰ ਅੱਗ ਲਗਾਈ ਹੋਈ ਹੈ। ਪੁਲਸ ਨੇ ਦੱਸਿਆ ਕਿ ਉਕਤ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਪੰਜਾਬ ਸਿੱਖਿਆ ਕ੍ਰਾਂਤੀ ਤਹਿਤ 5 ਸਕੂਲਾਂ 'ਚ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ

### ਹਲਕੇ ਦਾ ਕੋਈ ਵੀ ਸਰਕਾਰੀ ਸਕੂਲ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਨਹੀਂ ਰਹੇਗਾ : ਢਿੱਲੋਂ, ਘੁੱਲੀ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਤੇ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਵਿਧਾਨ ਸਭਾ ਹਲਕਾ ਧੂਰੀ ਅਧੀਨ ਆਉਂਦੇ 5 ਸਰਕਾਰੀ ਸਕੂਲਾਂ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਲਗਭਗ 97.36 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਮੌਕੇ ਆਯੋਜਿਤ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਿਧਾਨ ਸਭਾ ਹਲਕਾ ਧੂਰੀ ਅਧੀਨ ਆਉਂਦੇ ਬਲਾਕ ਧੂਰੀ ਤੇ ਬਲਾਕ ਸ਼ੇਰਪੁਰ ਦੇ ਸਰਕਾਰੀ ਸਕੂਲਾਂ ਦਾ ਕਾਇਆ ਕਲਪ ਕਰਨ ਦੇ ਪ੍ਰੋਜੈਕਟ ਜੋਸ਼ਾਂ ਖਰੋਸ਼ਾਂ ਨਾਲ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਕਾਂਝਲਾ-1 ਵਿੱਚ ਸਮਾਰਟ ਕਲਾਸ ਰੂਮ ਤੇ ਸਕੂਲੀ ਇਮਾਰਤ ਦੇ ਨਵੀਨੀਕਰਨ ਉੱਤੇ 26 ਲੱਖ 20 ਹਜ਼ਾਰ ਰੁਪਏ ਖਰਚ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਕਾਂਝਲਾ-2 ਨੂੰ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਕੂਲ ਆਫ ਐਮੀਨੈਂਸ ਐਲਾਨਿਆ ਗਿਆ ਹੈ ਅਤੇ ਇਸ ਵਿੱਚ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਲਈ 40 ਲੱਖ 40 ਹਜ਼ਾਰ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ, ਜਿਸ ਨਾਲ ਚਾਰਦੀਵਾਰੀ ਦੀ ਮੁਰੰਮਤ ਵੀ ਕਰਵਾਈ ਗਈ ਹੈ।ਉਨ੍ਹਾਂ ਦੱਸਿਆ ਕਿ ਸਰਕਾਰੀ ਹਾਈ ਸਕੂਲ ਕਾਂਝਲੀ ਵਿੱਚ 18.25 ਲੱਖ ਰੁਪਏ ਦੀ ਲਾਗਤ ਨਾਲ ਸਮਾਰਟ ਕਲਾਸ ਰੂਮ ਤੇ ਆਧੁਨਿਕ ਸਾਇੰਸ ਲੈਬ ਤਿਆਰ ਕੀਤੀ ਗਈ ਹੈ ਤਾਂ ਜੋ ਵਿਦਿਆਰਥੀ ਸਮੇਂ ਦੇ ਹਾਣੀ ਬਣ ਸਕਣ।ਇਸ ਮੌਕੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਨੱਤ ਵਿੱਚ ਵਿਕਾਸ ਕਾਰਜਾਂ ਲਈ 5 ਲੱਖ ਰੁਪਏ ਤੇ ਸਰਕਾਰੀ ਮਿਡਲ ਸਕੂਲ ਨੱਤ ਵਿੱਚ 7.51 ਲੱਖ ਰੁਪਏ ਕਲਾਸ ਰੂਮਾਂ ਦੇ ਨਵੀਨੀਕਰਨ ਲਈ ਖਰਚੇ ਗਏ ਹਨ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਧੂਰੀ ਅਧੀਨ ਆਉਣ ਦਾ ਕੋਈ ਵੀ ਸਰਕਾਰੀ ਸਕੂਲ ਕਿਸੇ ਵੀ ਕਿਸਮ ਦੀ ਬੁਨਿਆਦੀ ਸਹੂਲਤ ਤੋਂ ਵਾਂਝਾ ਨਹੀਂ ਰਹੇਗਾ ਤੇ ਸਾਰੇ ਕੰਮ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਜ਼ਰੂਰਤ ਅਨੁਸਾਰ ਕਰਵਾਏ ਜਾ ਰਹੇ ਹਨ।


**AXIS BANK** Retail Asset Center- "SCO-390,Sector-20, 2nd Floor, Panchkula, Haryana- 134117.
Corporate Office- "Axis House", C-2, Wadia International Centre, Pandurang Budhkar Marg, Worli, Mumbai- 400025
Registered Office- "Trishul", 3rd Floor Opp. Samartheshwar Temple Law Garden, Ellisbridge Ahmedabad- 380006

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

**ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਨੋਟਿਸ।**

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ। (1) ਕੁਮਾਰੀ ਮਮਤਾ ਪੁੱਤਰੀ ਸ੍ਰੀ ਵਿਨੋਦ ਕੁਮਾਰ (2) ਸ੍ਰੀ ਦਿਵੇਸ਼ ਕੁਮਾਰ ਪੁੱਤਰ ਕਮਲ ਸਿੰਘ ਨੂੰ 24 ਜਨਵਰੀ 2025 ਬਕਾਇਆ ਰਕਮ ਰੁਪਏ 08,53,511/-(ਅੱਠ ਲੱਖ ਤਰਵੰਜਾ ਹਜ਼ਾਰ ਪੰਜ ਸੌ ਗਿਆਰਾਂ ਰੁਪਏ ਕੇਵਲ) ਸਮੇਤ ਨੀਯਤ ਮਿਤੀ ਤੱਕ ਭਵਿੱਖੀ ਵਿਆਜ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 23 ਜਨਵਰੀ 2025 ਨੂੰ ਵਿਕਰੀ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁ.10,40,000/-(ਦਸ ਲੱਖ ਚਾਲੀ ਹਜ਼ਾਰ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁ. 1, 04,000/-(ਇੱਕ ਲੱਖ ਚਾਰ ਹਜ਼ਾਰ ਰੁਪਏ ਕੇਵਲ) ਡੀ ਡੀ/ਪੀ ਓ ਰਾਹੀਂ 'ਐਕਸਿਸ ਬੈਂਕ ਲਿਮਟਿਡ' ਦੇ ਹੱਕ 'ਚ ਪੰਚਕੂਲਾ ਵਿਖੇ ਅਦਾਇਗੀਯੋਗ |
| ਬੋਲੀ ਵਾਧਾ ਰਕਮ | ਰੁ. 10,000/-(ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਰਿਟੇਲ ਐੱਸਟ ਸੈਂਟਰ, ਐੱਸ ਸੀ ਓ-390, ਸੈਕਟਰ-20, ਦੂਜੀ ਮੰਜ਼ਲ, ਪੰਚਕੂਲਾ, ਹਰਿਆਣਾ-134117 ਵਿਖੇ 22 ਮਈ 2025 ਨੂੰ ਸ਼ਾਮ ਦੇ 5.00 ਵਜੇ ਤੱਕ ਨੀਤੀਸ਼ ਅਗਰਵਾਲ ਦੇ ਨਾਂਅ 'ਤੇ |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 23 ਮਈ 2025 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 12.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ-ਜਾਇਦਾਦ ਦਾ ਵੇਰਵਾ :

ਬੈਨਾਮਾ ਦਸਤਾਵੇਜ਼ ਵਸੀਕਾ ਨੰ. 2020-21/14/1/3278 ਮਿਤੀ 13 ਨਵੰਬਰ 2020 ਅਨੁਸਾਰ ਸ੍ਰੀ ਦਿਵੇਸ਼ ਕੁਮਾਰ ਪੁੱਤਰ ਸ੍ਰੀ ਕਮਲ ਸਿੰਘ ਅਤੇ ਸ੍ਰੀਮਤੀ ਮਮਤਾ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਨੰ. 167, ਰਕਬਾ 00 ਵਿਘਾ 01 ਵਿਸ਼ਵਾ 15-1/2 ਬਿਸਵਾਸੀ (888.88 ਵਰਗ ਗਜ਼) ਖੇਵਟ/ਖਤੌਨੀ ਨੰ. 42/59, ਖਸਰਾ ਨੰ. 256 (4-0), 257 (4-0), 262 (4-0), ਕਿੱਤੇ 4, ਜ਼ਮੀਨ ਰਕਬਾ 16 ਵਿਘੇ 00 ਵਿਸ਼ਵਾ, 35-1/2/6400 ਤੱਕ ਦਾ ਹਿੱਸਾ, ਜੋ ਕਿ 00 ਵਿਘਾ 01 ਵਿਸ਼ਵਾ 15-1/2 ਬਿਸਵਾਸੀ ਹੈ, ਭੁਪਿੰਦਰ ਇਨਕਲੇਵ, ਪਿੰਡ ਜਗਾਧਰੀ, ਹਦਬਸਤ ਨੰ. 37, ਐੱਮ ਸੀ ਤੇ ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੁਹਾਲੀ ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਗਲੀ, ਪੱਛਮ : ਖਾਲੀ ਪਲਾਟ, ਉੱਤਰ : ਮਕਾਨ ਨੰ. 168, ਦੱਖਣ : ਖਾਲੀ ਪਲਾਟ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਨੀਤੀਸ਼ ਅਗਰਵਾਲ, ਮੋਬਾ. ਨੰ. 9888889394 ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 10 ਵਜੇ ਤੋਂ ਸ਼ਾਮ ਦੇ 4.00 ਵਜੇ ਤੱਕ ਸੰਪਰਕ ਕਰ ਸਕਦੇ ਹਨ।

ਮਿਤੀ : 22-04-2025, ਸਥਾਨ : ਡੇਰਾਬੱਸੀ, ਐੱਸ ਏ ਐੱਸ ਨਗਰ, ਮੁਹਾਲੀ, ਪੰਜਾਬ
ਤੁਹਾਡਾ ਸ਼ੁੱਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਟਿਡ (ਅਧਿਕਾਰਤ ਅਫਸਰ)


## ਪਟਿਆਲਾ ਜ਼ਿਲ੍ਹਾ ਬਾਰ ਐਸੋਸੀਏਸ਼ਨ ਵੱਲੋਂ ਮੁਕੰਮਲ ਹੜਤਾਲ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜ਼ਿਲ੍ਹਾ ਬਾਰ ਐਸੋਸੀਏਸ਼ਨ ਪਟਿਆਲਾ ਵੱਲੋਂ ਪ੍ਰਧਾਨ ਮਨਵੀਰ ਸਿੰਘ ਟਿਵਾਣਾ ਦੀ ਅਗਵਾਈ ਵਿੱਚ ਬਾਰ ਐਸੋਸੀਏਸ਼ਨ ਰਾਜਪੁਰਾ ਵੱਲੋਂ ਦਿੱਤੇ ਹੜਤਾਲ ਦੇ ਸੱਦੇ ਦੀ ਹਮਾਇਤ ਕਰਦਿਆਂ ਜ਼ਿਲ੍ਹਾ ਬਾਰ ਐਸੋਸੀਏਸ਼ਨ ਪਟਿਆਲਾ ਵਿੱਚ ਮੁਕੰਮਲ ਕੰਮ-ਕਾਜ ਬੰਦ ਰੱਖਿਆ ਗਿਆ।ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਮਨਵੀਰ ਸਿੰਘ ਟਿਵਾਣਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਕਿ ਰਾਜਪੁਰਾ ਸਬ-ਡਵੀਜ਼ਨ ਦੇ 8 ਪਿੰਡਾਂ ਨੂੰ ਮੁਹਾਲੀ ਜ਼ਿਲ੍ਹੇ ਵਿੱਚ ਤਬਦੀਲ ਨਾ ਕੀਤਾ ਜਾਵੇ, ਕਿਉਂਕਿ ਪਿੰਡ ਤਬਦੀਲ ਹੋਣ ਨਾਲ ਪਿੰਡਾਂ ਦੇ ਵਸਨੀਕਾਂ ਤੇ ਵਕੀਲ ਭਾਈਚਾਰੇ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।ਇਸ ਮੌਕੇ ਉਨ੍ਹਾਂ ਨਾਲ ਸਚਿਨ ਸ਼ਰਮਾ ਸੈਕਟਰੀ, ਜਸਪ੍ਰੀਤ ਸਿੰਘ ਕੈਸ਼ੀਅਰ, ਹੈਪੀ ਵਰਮਾ ਜੁਆਇੰਟ ਸੈਕਟਰੀ ਆਦਿ ਹਾਜ਼ਰ ਸਨ।

## ਸਿਆਸਤ ਦੀ ਭੇਟ ਚੜ੍ਹੀ ਸ਼ਹੀਦ ਦੀ ਸ਼ਹਾਦਤ : ਕਾਲੀ ਪਾਇਲ

### ਹੌਲਦਾਰ ਸ਼ਹੀਦ ਮਨਦੀਪ ਸਿੰਘ ਦੀ ਪਿੰਡ ਤੇ ਇਲਾਕਾ ਵਾਸੀਆਂ ਨੇ ਦੂਜੀ ਬਰਸੀ ਮਨਾਈ



**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਫੌਜ ਦੁਨੀਆ ਦੀ ਸਭ ਤੋਂ ਮਜ਼ਬੂਤ ਸੈਨਾ ਮੰਨੀ ਜਾਂਦੀ ਹੈ, ਜਿਸ ਦੀ ਬਹਾਦਰੀ ਦੇ ਕਿਸੇ ਦੁਨੀਆ ਭਰ ਵਿੱਚ ਮਸ਼ਹੂਰ ਹਨ, ਪ੍ਰੰਤੂ ਭਾਰਤੀ ਸਰਕਾਰੀ ਤੰਤਰ ਤੇ ਰਾਜਨੀਤਕ ਲੋਕਾਂ ਨੇ ਇਨ੍ਹਾਂ ਫੌਜੀ ਜਵਾਨਾਂ ਦੀ ਸ਼ਹੀਦੀ ਨੂੰ ਸਿਰਫ ਰਾਜਨੀਤਕ ਰੋਟੀਆਂ ਸੇਕਣ ਤੱਕ ਹੀ ਸੀਮਤ ਰੱਖਿਆ, ਜਿਸ ਦੀ ਵੱਡੀ ਉਦਾਹਰਨ ਪਿੰਡ ਚਣਕੋਈਆਂ ਦੀ ਹੈ, ਜਿੱਥੇ ਦੇਸ਼ ਲਈ ਸ਼ਹੀਦ ਹੋਏ ਭਾਰਤੀ ਫੌਜ ਦੇ ਹੌਲਦਾਰ ਮਨਦੀਪ ਸਿੰਘ ਦੇ ਸੰਸਕਾਰ ਸਮੇਂ ਵੱਡੇ ਵੱਡੇ ਵਾਅਦੇ ਤੇ ਦਾਅਵੇ ਕੀਤੇ, ਪ੍ਰੰਤੂ ਦੋ ਸਾਲ ਬੀਤਣ ਤੋਂ ਬਾਅਦ ਅਜੇ ਤੱਕ ਇੱਕ ਵੀ ਵਾਅਦਾ ਪੂਰਾ ਨਹੀਂ ਹੋਇਆ, ਸਗੋਂ ਸ਼ਹੀਦ ਦੇ ਪਰਿਵਾਰ ਨੂੰ ਸਰਕਾਰੀ ਤੰਤਰ ਨੇ ਪ੍ਰੇਸ਼ਾਨੀ ਤੋਂ ਇਲਾਵਾ ਉਨ੍ਹਾਂ ਦੇ ਪੱਲੇ ਕੁਝ ਨਹੀਂ ਪਾਇਆ। ਇਹ ਸ਼ਬਦ ਵਿਧਾਨ ਸਭਾ ਹਲਕਾ ਪਾਇਲ ਤੋਂ ਆਜ਼ਾਦ ਚੋਣ ਲੜ ਚੁੱਕੇ ਅੰਬੇਡਕਰਵਾਦੀ ਗੁਰਦੀਪ ਸਿੰਘ ਕਾਲੀ ਨੇ ਅੱਜ ਸ਼ਹੀਦ ਮਨਦੀਪ ਸਿੰਘ ਨੂੰ ਉਨ੍ਹਾਂ ਦੇ ਗ੍ਰਹਿ ਵਿੱਚ ਸ਼ਰਧਾਂਜਲੀ ਦੇਣ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਦੋ ਸਾਲ ਤੋਂ ਸਰਕਾਰਾਂ ਵੱਲੋਂ ਕੀਤੀ ਲਾਰੇਬਾਜ਼ੀ ਦੀਆਂ ਗੱਲਾਂ ਸੁਣਨ ਤੋਂ ਬਾਅਦ ਕਹੇ। ਸ਼ਹੀਦ ਹੌਲਦਾਰ ਮਨਦੀਪ ਸਿੰਘ ਦੇ ਚਾਚਾ ਜਸਵੀਰ ਸਿੰਘ ਨੇ ਕਿਹਾ ਕਿ ਅੱਜ ਦੂਜੀ ਬਰਸੀ 'ਤੇ ਸਾਨੂੰ ਇਹ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਸਰਹੱਦਾਂ ਦੀ ਰਾਖੀ ਕਰਨ ਵਾਲੇ ਫੌਜੀ ਜਵਾਨਾਂ ਦੀ ਸ਼ਹੀਦੀ ਤੋਂ ਬਾਅਦ ਸਰਕਾਰਾਂ ਉਨ੍ਹਾਂ ਦੇ ਪਰਵਾਰਾਂ ਨੂੰ ਬਣਦਾ ਸਹੀ ਮਾਣ ਸਤਿਕਾਰ ਨਹੀਂ ਦੇ ਰਹੀਆਂ, ਜੋ ਵਾਅਦੇ ਸਰਕਾਰ ਨੇ ਕੀਤੇ ਸਨ, ਉਨ੍ਹਾਂ ਵਿੱਚੋਂ ਇੱਕ ਵੀ ਵਾਧਾ ਸਹੀ ਤਰੀਕੇ ਨਾਲ ਪੂਰਾ ਨਹੀਂ ਕੀਤਾ, ਜਿਸ ਵਿੱਚ ਸ਼ਹੀਦ ਦੇ ਨਾਂ 'ਤੇ ਕਮਿਊਨਟੀ ਹਾਲ ਬਣਾਉਣਾ, ਉਸ ਦੇ ਨਾਂ 'ਤੇ ਸੜਕ ਦਾ ਨਾਂ ਰੱਖਣਾ, ਇੱਕ ਸਟੇਡੀਅਮ ਬਣਾਉਣਾ ਤੇ ਸਭ ਤੋਂ ਵੱਡੀ ਗੱਲ ਪਰਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦੇਣਾ, ਇਹ ਸਾਰੀਆਂ ਗੱਲਾਂ ਸਿਰਫ ਹਵਾ ਵਿੱਚ ਹੀ ਲਟਕ ਰਹੀਆਂ ਹਨ। ਇਸ ਮੌਕੇ ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ, ਪ੍ਰੰਤੂ ਇਸ ਨੌਜਵਾਨ ਨਾਲ ਘਟੀਆ ਰਾਜਨੀਤੀ ਕੀਤੀ ਜਾ ਰਹੀ ਹੈ। ਅੱਜ ਸ਼ਹੀਦ ਹੌਲਦਾਰ ਮਨਦੀਪ ਸਿੰਘ ਦੀ ਦੂਜੀ ਬਰਸੀ ਉਨ੍ਹਾਂ ਦੇ ਗ੍ਰਹਿ ਪਿੰਡ ਚਣਕੋਈਆਂ ਵਿੱਚ ਸੁਖਮਨੀ ਸਾਹਿਬ ਦਾ ਪਾਠ ਕਰਨ ਉਪਰੰਤ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਕੇ ਮਨਾਈ ਗਈ।

## ਸਰਕਾਰ ਅੱਗ ਤੇ ਗੜ੍ਹੇਮਾਰੀ ਨਾਲ ਨੁਕਸਾਨੀ ਫਸਲ ਦਾ ਢੁਕਵਾਂ ਮੁਆਵਜ਼ਾ ਦੇਵੇ : ਪੰਜਾਬ ਕਿਸਾਨ ਯੂਨੀਅਨ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਰੁਲਦੂ ਸਿੰਘ ਮਾਨਸਾ, ਜਨਰਲ ਸਕੱਤਰ ਗੁਰਨਾਮ ਸਿੰਘ ਭੀਖੀ, ਸੀਨੀਅਰ ਮੀਤ ਪ੍ਰਧਾਨ ਗੋਰਾ ਸਿੰਘ ਭੈਣੀ ਬਾਘਾ ਅਤੇ ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਇੱਕ ਸਾਂਝੇ ਬਿਆਨ ਰਾਹੀਂ ਪੰਜਾਬ ਭਰ ਵਿੱਚ ਬਾਰਿਸ਼ ਅਤੇ ਅੱਗ ਲੱਗਣ ਨਾਲ ਹੋਏ ਫਸਲਾਂ ਦੇ ਨੁਕਸਾਨ ਦੀ ਭਰਪਾਈ ਲਈ ਕੇਂਦਰ 'ਤੇ ਪੰਜਾਬ ਸਰਕਾਰ ਤੋਂ ਪ੍ਰਤੀ ਏਕੜ 50000/-ਰੁਪੈ ਮੁਆਵਜੇ ਦੀ ਮੰਗ ਕੀਤੀ ਹੈ। ਉਹਨਾਂ ਕਿਹਾ ਕਿ ਇਸੇ ਮੰਗ ਨੂੰ ਲੈ ਕੇ 24 ਅਪ੍ਰੈਲ ਨੂੰ ਪੰਜਾਬ ਦੇ ਵੱਖ ਵੱਖ ਨੁਕਸਾਨ ਵਾਲੇ ਜ਼ਿਲ੍ਹਿਆਂ 'ਚ ਮੁਆਵਜ਼ੇ ਸੰਬੰਧੀ ਡਿਪਟੀ ਕਮਿਸ਼ਨਰਾਂ ਰਾਹੀਂ ਸਰਕਾਰ ਨੂੰ ਮੰਗ ਪੱਤਰ ਭੇਜੇ ਜਾਣਗੇ 9 ਉਹਨਾਂ ਅੱਗੇ ਕਿਹਾ ਕਿ ਫਸਲੀ ਨੁਕਸਾਨ ਦੀ ਤੁਰੰਤ ਗਿਰਦਾਵਰੀ ਕਰਵਾ ਕੇ ਸਰਕਾਰ ਰਾਸ਼ੀ ਜਾਰੀ ਕਰੇ ਤਾਂ ਜੋ ਖੇਤੀ 'ਤੇ ਨਿਰਭਰ ਮਿਹਨਤਕਸ਼ ਲੋਕ ਕੁੱਝ ਰਾਹਤ ਮਹਿਸੂਸ ਕਰ ਸਕਣ। ਆਗੂਆਂ ਨੇ ਕਿਹਾ ਜੇਕਰ ਸਰਕਾਰ ਟਾਲਮਟੋਲ ਦਾ ਰੁੱਖ ਅਖਤਿਆਰ ਕਰਦੀ ਹੈ ਤਾਂ ਹੱਕੀ ਮੰਗਾਂ ਲਈ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

## ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਮਿਲ ਰਿਹੈ ਭਰਵਾਂ ਹੁੰਗਾਰਾ : ਸਿਹਤ ਮੰਤਰੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਦੀ ਨੀਅਤ ਤੇ ਨੀਤੀ ਸਾਫ ਹੋਣ ਕਰਕੇ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਨੂੰ ਆਮ ਲੋਕਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਿਹਤ ਮੰਤਰੀ ਪੰਜਾਬ ਸ੍ਰੀ ਬਲਬੀਰ ਸਿੰਘ ਨੇ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹੇ ਅੰਦਰ ਹੁਣ ਤੱਕ ਦੀ ਕੀਤੀ ਗਈ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਨ ਮੌਕੇ ਕੀਤਾ।ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਬਠਿੰਡਾ (ਸ਼ਹਿਰੀ) ਜਗਰੂਪ ਸਿੰਘ ਗਿੱਲ, ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ, ਵਿਧਾਇਕ ਮੌੜ ਸੁਖਬੀਰ ਸਿੰਘ ਮਾਈਸਰਖਾਨਾ, ਮੇਅਰ ਪਦਮਜੀਤ ਮਹਿਤਾ, ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ, ਜ਼ਿਲ੍ਹਾ ਪੁਲਸ ਮੁਖੀ ਮੈਡਮ ਅਮਨੀਤ ਕੌਂਡਲ ਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਤਿੰਦਰ ਸਿੰਘ ਭੱਲਾ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਇਸ ਦੌਰਾਨ ਸਿਹਤ ਮੰਤਰੀ ਬਲਬੀਰ ਸਿੰਘ ਨੇ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਨਸ਼ੇ ਛੱਡਣ ਵਾਲੇ ਵਿਅਕਤੀਆਂ ਨੂੰ ਮੁੜ ਤੋਂ ਮੁੱਖ ਧਾਰਾ ਵਿੱਚ ਸ਼ਾਮਲ ਕਰਕੇ ਬਿਹਤਰ ਜ਼ਿੰਦਗੀ ਜਿਉਣ ਦਾ ਮੌਕਾ ਪ੍ਰਦਾਨ ਕਰਨ ਲਈ ਨਸ਼ਾ ਛੁਡਾਊ ਕੇਂਦਰਾਂ 'ਚ ਸਕਿੱਲ ਡਿਵੈਲਪਮੈਂਟ ਕੋਰਸ ਤੋਂ ਇਲਾਵਾ ਯੋਗਾ ਕਲਾਸਾਂ ਤੇ ਖੇਡ ਗਤੀਵਿਧੀਆਂ ਕਰਵਾਉਣ ਨੂੰ ਮੁੱਖ ਤਰਜੀਹ ਦਿੱਤੀ ਜਾਵੇ।ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਮਾਜ ਵਿੱਚ ਨਸ਼ਿਆਂ ਦੇ ਵਧ ਰਹੇ ਰੁਝਾਨ ਨੂੰ ਰੋਕਣ ਲਈ ਸਕੂਲਾਂ ਦੇ ਪੱਧਰ ਤੋਂ ਹੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਉਣ ਲਈ ਜਾਗਰੂਕਤਾ ਗਤੀਵਿਧੀਆਂ ਹੋਰ ਤੇਜ਼ ਕੀਤੀਆਂ ਜਾਣ। ਕੈਬਨਿਟ ਮੰਤਰੀ ਨੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਨਸ਼ੇ ਤੋਂ ਪੀੜਤਾਂ ਦਾ ਸਰਕਾਰ ਵੱਲੋਂ ਮੁਫ਼ਤ ਇਲਾਜ ਕੀਤਾ ਜਾਵੇਗਾ, ਪਰ ਨਸ਼ੇ ਦੀ ਤਸਕਰੀ 'ਚ ਲੱਗੇ ਲੋਕਾਂ ਨਾਲ ਕਾਨੂੰਨ ਕਰੜੇ ਹੱਥੀਂ ਨਜਿੱਠੇਗਾ ਅਤੇ ਅਜਿਹੇ ਲੋਕ ਆਪਣੇ ਅੰਤਮ ਮੁਕਾਮ ਜੇਲ੍ਹ ਜਾਣ ਲਈ ਤਿਆਰ ਰਹਿਣ।

## ਪਾਵਰਕਾਮ ਵੱਲੋਂ ਕਣਕ ਦੀ ਫਸਲ ਨੂੰ ਅੱਗ ਤੋਂ ਬਚਾਉਣ ਲਈ ਕੰਟਰੋਲ ਰੂਮ ਦੀ ਸਥਾਪਨਾ

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਯੋਗਦਾਨ ਪਾ ਰਹੀ ਪੰਜਾਬ ਦੇ ਬਿਜਲੀ ਵਿਭਾਗ ਦੀ ਬਿਜਲੀ ਕਾਰਪੋਰੇਸ਼ਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਇਸ ਸਮੇਂ ਪੰਜਾਬ ਵਿੱਚ ਇਕ ਕਰੋੜ ਦੱਸ ਲੱਖ ਤੋਂ ਵੱਧ ਵੱਖ-ਵੱਖ ਸ਼੍ਰੇਣੀਆਂ ਦੇ ਬਿਜਲੀ ਖਪਤਕਾਰਾਂ ਦੇ ਅਹਾਤਿਆਂ ਨੂੰ ਰੁਸ਼ਨਾ ਰਿਹਾ ਹੈ।ਪਾਵਰਕਾਮ ਵੱਲੋਂ ਕਿਸਾਨਾਂ ਦੀਆਂ ਕਣਕ ਦੀ ਫ਼ਸਲ ਨੂੰ ਅੱਗ ਲੱਗਣ ਤੋਂ ਬਚਾਉਣ ਲਈ ਕੰਟਰੋਲ ਰੂਮ ਦੀ ਸਥਾਪਨਾ ਕੀਤੀ ਗਈ ਹੈ।

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਪੰਜਾਬ ਦੇ ਕਿਸਾਨ ਵੀਰਾਂ ਅਤੇ ਬਿਜਲੀ ਖਪਤਕਾਰਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਪੰਜਾਬ ਵਿੱਚ ਕਿਤੇ ਵੀ ਬਿਜਲੀ ਦੀਆਂ ਤਾਰਾਂ ਢਿੱਲੀਆਂ ਜਾਂ ਨੀਵੀਆਂ ਹੋਣ ਜਾਂ ਕਿਤੇ ਵੀ ਅੱਗ ਲੱਗਣ/ਬਿਜਲੀ ਦੇ ਸਪਾਰਕਿੰਗ ਸਬੰਧੀ ਸੂਚਨਾ ਖਪਤਕਾਰ ਤੁਰੰਤ ਨੇੜੇ ਦੇ ਉਪ ਮੰਡਲ ਦਫ਼ਤਰ/ਸ਼ਿਕਾਇਤ ਘਰ ਦੇ ਨਾਲ ਨਾਲ ਕੰਟਰੋਲ ਰੂਮ ਨੰਬਰਜ਼ 96461-06835/96461-06836/1912 'ਤੇ ਦੇਣ।ਵਟਸਐਪ ਨੰਬਰ 96461-06835 'ਤੇ ਬਿਜਲੀ ਦੀਆਂ ਢਿਲੀਆਂ ਤਾਰਾਂ ਜਾਂ ਨੀਵੀਆਂ ਜਾ ਅੱਗ ਲੱਗਣ/ਬਿਜਲੀ ਦੀ ਸਪਾਰਕਿੰਗ ਦੀਆਂ ਤਸਵੀਰਾਂ ਸਮੇਤ ਲੋਕੇਸ਼ਨ ਪਾ ਕੇ ਭੇਜੀ ਜਾਵੇ ਜਾਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਧਿਆਨ ਵਿੱਚ ਲਿਆਂਦਾ ਜਾਵੇ, ਤਾਂ ਜੋ ਜ਼ਰੂਰੀ ਕੰਮ ਕਰਵਾਇਆ ਜਾ ਸਕੇ।

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਰਾਜ ਦੇ ਬਿਜਲੀ ਖਪਤਕਾਰਾਂ ਦੀਆਂ ਬਿਜਲੀ ਸਪਲਾਈ ਤੇ ਹੋਰ ਸ਼ਿਕਾਇਤਾਂ ਲਈ ਫ਼ੋਨ ਨੰਬਰ 1912 ਤੇ ਐਸ.ਐਮ.ਐਸ. ਤੇ ਟੈਲੀਫੋਨ ਕਾਲ ਰਾਹੀਂ ਤੇ 9646101912 ਵਾਟਸਅਪ ਨੰਬਰ ਜਾਰੀ ਕੀਤੇ ਹੋਏ ਹਨ।

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਗਰਮੀਆਂ ਤੇ ਝੋਨੇ ਦੇ ਮੌਸਮ ਦੌਰਾਨ ਪੰਜਾਬ ਭਰ ਵਿੱਚ 14 ਲੱਖ ਤੋਂ ਵੱਧ ਖੇਤੀਬਾੜੀ ਟਿਊਬਵੈੱਲਾਂ ਖਪਤਕਾਰਾਂ ਨੂੰ 8 ਘੰਟੇ ਬਿਜਲੀ ਦੀ ਸਪਲਾਈ ਤੇ ਵੱਖ ਵੱਖ ਸ਼੍ਰੇਣੀਆਂ ਦੇ ਖਪਤਕਾਰਾਂ ਨੂੰ ਬਿਨਾਂ ਕਿਸੇ ਬਿਜਲੀ ਦੇ ਕੱਟ ਬਿਜਲੀ ਸਪਲਾਈ ਲਈ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ।


**YES BANK**
Registered Office: Yes Bank House, Western Express Highway, Santacruz (E), Mumbai-400 055.
Also At :- SCO No. 129-130 2nd Floor, Sector 9-C, Madhya Marg, Chandigarh -160009.
Also At :- B-XX 2427–928, 1st Floor, Gobind Nagar, Ferozepur Road, Ludhiana-141001.

**[(ਰੂਲ-8 (1)] ਕਬਜ਼ਾ ਨੋਟਿਸ**

ਜਦਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ ਨੂੰ ਨੋਟਿਸ 'ਚ ਹੇਠਾਂ ਦਰਸਾਏ ਖਾਤੇ 'ਚ ਦਰਸਾਈ ਰਕਮ ਅਤੇ ਇਸ ਉਪਰ ਭਵਿੱਖੀ ਵਿਆਜ, ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਅਤੇ ਗਰੰਟਰ ਪੂਰੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹਰੇਕ ਖਾਤੇ ਵਿਰੁੱਧ ਦਰਸਾਈ ਮਿਤੀ 'ਤੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਹਨਾਂ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ, ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਹੇਠ ਦਰਸਾਈ ਬਕਾਇਆ ਰਕਮ ਅਤੇ ਇਸ ਉੱਪਰ ਵਿਆਜ ਅਤੇ ਲਾਗਤਾਂ ਸਮੇਤ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਐੱਨ ਪੀ ਏ ਖਾਤੇ ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | 13 (2) ਨੋਟਿਸ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| (1) ਰੇਸਮ ਸਿੰਘ ਪੁੱਤਰ ਪਲਵਿੰਦਰ ਸਿੰਘ ਪਤਾ : ਮਕਾਨ ਨੰ. ਐੱਚ ਈ 255, ਫੇਸ 5, ਐੱਸ ਏ ਐੱਸ ਨਗਰ, ਮੋਹਾਲੀ, ਸੈਕਟਰ-59, ਐੱਸ ਏ ਐੱਸ ਨਗਰ (ਮੋਹਾਲੀ) ਪੰਜਾਬ 160059 (2) ਰਜਵੰਤ ਕੌਰ ਪਤਨੀ ਪਲਵਿੰਦਰ ਸਿੰਘ ਪਤਾ : ਮਕਾਨ ਨੰ. ਐੱਚ ਈ 255, ਫੇਸ-5, ਐੱਸ ਏ ਐੱਸ ਨਗਰ, ਮੋਹਾਲੀ, ਸੈਕਟਰ-59 ਐੱਸ ਏ ਐੱਸ ਨਗਰ (ਮੋਹਾਲੀ) ਪੰਜਾਬ-160059 | ਗੈਰ-ਖੇਤੀਬਾੜੀ ਵਾਲੀ ਜਾਇਦਾਦ, ਜੋ ਕਿ ਪਹਿਲੀ ਮੰਜ਼ਲ, ਪਲਾਟ ਨੰ. 13-ਬੀ, ਦ੍ਰਿਸ਼ਟੀ ਗ੍ਰੀਨਜ, ਸ਼ਿਵਾਲਕ ਹੋਮਜ, ਸੈਕਟਰ-127 ਹੈ, ਰਕਬਾ 0 ਕਨਾਲ 0.63 ਮਰਲਾ (ਜੋ ਕਿ 12'×43'=57.33 ਗਜ਼ ਹੈ) ਤੇ ਜ਼ਮੀਨ ਰਕਬਾ 4 ਕਨਾਲ 9 ਮਰਲੇ ਦਾ 19/2670 ਹਿੱਸਾ ਹੈ, ਖੇਵਟ/ਖਤੌਨੀ ਨੰ. 309/361 ਖਸਰਾ ਨੰ. 16//14/2 (4-9), ਟੁਕੜੇ (ਕਿੱਤੇ) 1, (ਜਮ੍ਹਾਂਬੰਦੀ ਸਾਲ 2017-18) ਛੱਜੂ ਮਾਜਰਾ (ਹਦਬਸਤ ਨੰ. 33), ਐੱਮ ਸੀ, ਤਹਿਸੀਲ ਖਰੜ, ਜ਼ਿਲ੍ਹਾ ਏ ਐੱਸ ਨਗਰ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਹੋਰ ਮਾਲਕ, ਪੱਛਮ : ਗਲੀ 30 ਫੁੱਟ ਚੌੜੀ, ਉੱਤਰ : ਮਕਾਨ ਨੰ. 13/1 ਬੀ, ਦੱਖਣ : ਹੋਰ ਮਾਲਕ । ਰਹਿਣਕਾਰ : ਰੇਸ਼ਮ ਸਿੰਘ ਪੁੱਤਰ ਪਲਵਿੰਦਰ ਸਿੰਘ ਅਤੇ ਰਜਵੰਤ ਕੌਰ ਪਤਨੀ ਪਲਵਿੰਦਰ ਸਿੰਘ। | 24 ਅਕਤੂਬਰ 2024 | 16 ਅਪ੍ਰੈਲ 2025 | 24 ਅਕਤੂਬਰ-24 ਨੂੰ ਰੁਪਏ 13,87,106.90/- (ਤੇਰਾਂ ਲੱਖ ਸਤਾਸੀ ਹਜ਼ਾਰ ਇੱਕ ਸੌ ਛੇ ਰੁਪਏ ਅਤੇ ਨੱਬੇ ਪੈਸੇ ਕੇਵਲ) ਸਮੇਤ 16 ਅਪ੍ਰੈਲ 2025 ਤੋਂ ਇਸ ਉਪਰ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼। |
| (1) ਸੁਖਦੇਵ ਸਿੰਘ ਪੁੱਤਰ ਹਰਨੇਕ ਸਿੰਘ ਪਤਾ : ਵਾਰਡ ਨੰ. 6, ਪਿੰਡ ਮੁੰਡੀ ਛੁਰੀ ਮਾਰਾਂ, ਮੁੰਡੀ ਮਾਰਾਂ, ਮੁੰਡੀ ਛੁਰੀ ਮਾਰਾਂ, ਮਖੂ, ਫਿਰੋਜ਼ਪੁਰ, ਜ਼ੀਰਾ, ਪੰਜਾਬ-142044 (2) ਪ੍ਰੀਤਮ ਕੌਰ ਪਤਨੀ ਹਰਨੇਕ ਸਿੰਘ, ਪਤਾ : ਵਾਰਡ ਨੰ. 6, ਪਿੰਡ ਮੁੰਡੀ ਛੁਰੀਮਾਰਾਂ, ਮੁੰਡੀ ਛੁਰੀਮਾਰਾਂ, ਫਿਰੋਜ਼ਪੁਰ, ਪੰਜਾਬ-142044 | ਗੈਰ-ਖੇਤੀਬਾੜੀ ਵਾਲੀ ਜਾਇਦਾਦ ਰਕਬਾ 01 ਕਨਾਲ 01 ਮਰਲਾ, ਕੁੱਲ ਜ਼ਮੀਨ 59 ਕਨਾਲ 4 ਮਰਲੇ ਦਾ 21/1184 ਹਿੱਸਾ, ਖੇਵਟ ਨੰ. 60, ਖਤੌਨੀ ਨੰ. 104 ਤੋਂ 106, ਖਸਰਾ ਨੰ. 36 ਐੱਮ//25/1 (4-7), 4 ਮਿੰਨ (4-12), 7 ਮਿੰਨ (4-0), 36 ਐੱਮ//14 ਮਿੰਨ (4-0) 15/2 (2-8), 16 ਮਿੰਨ (3-12), 17 ਮਿੰਨ (3-2), 37 ਐੱਮ//20 ਮਿੰਨ (3-18), 36ਐੱਮ//4 ਮਿੰਨ (3-8) 7 ਮਿੰਨ (4-0), 36 ਐੱਮ//14 ਮਿੰਨ (4-0) 15/1 (4-12), 16 ਮਿੰਨ (4-0) 37 ਐੱਮ//20 ਮਿੰਨ (4-0), 21/2 (1-5) ਵਾਕਿਆ ਮੁੰਡੀ ਛੁਰੀ ਮਾਰਾਂ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। (ਹੱਦਾਂ : ਉੱਤਰ : ਰਸਤਾ, ਦੱਖਣ : ਜਸਵੰਤ ਸਿੰਘ, ਪੂਰਬ : ਮੰਗਤ ਸਿੰਘ, ਪੱਛਮ : ਬਲਵਿੰਦਰ ਸਿੰਘ। ਰਹਿਣਕਾਰ : ਸੁਖਦੇਵ ਸਿੰਘ ਪੁੱਤਰ ਹਰਨੇਕ ਸਿੰਘ | 09 ਜਨਵਰੀ 2025 | 19 ਅਪ੍ਰੈਲ 2025 | 09 ਜਨਵਰੀ-25 ਨੂੰ ਰੁਪਏ 16,61,802.44/- (ਸੋਲਾਂ ਲੱਖ ਇਕਾਹਠ ਹਜ਼ਾਰ ਅੱਠ ਸੌ ਦੋ ਰੁਪਏ ਅਤੇ ਚੁਤਾਲੀ ਪੈਸੇ ਕੇਵਲ) ਸਮੇਤ 19 ਅਪ੍ਰੈਲ 2025 ਤੋਂ ਇਸ ਉਪਰ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼। |

ਮਿਤੀ : 22-04-2025, ਸਥਾਨ : ਪੰਜਾਬ
ਵਾਸਤੇ ਯੈੱਸ ਬੈਂਕ ਲਿਮਟਿਡ, ਸ੍ਰੀ ਅਦਿੱਤਿਆ ਆਰਿਆ, ਅਧਿਕਾਰਤ ਅਫਸਰ

22-April-PAGE--8.qxd 4/21/2025 11:17 PM Page 1



# ਔਰਤ ਤੇ ਮਰਦ ਨਸ਼ੇ ਵਾਲੀਆਂ ਗੋਲੀਆਂ ਤੇ ਕੈਪਸੂਲਾਂ ਸਣੇ ਕਾਬੂ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਦਵਿੰਦਰ ਸਿੰਘ ਡੀ.ਐਸ.ਪੀ ਟਾਂਡਾ ਅਤੇ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਮੁੱਖ ਅਫਸਰ ਥਾਣਾ ਟਾਂਡਾ ਦੀ ਅਗਵਾਈ ਵਿੱਚ ਥਾਣਾ ਟਾਂਡਾ ਦੇ ਅਧੀਨ ਆਉਂਦੇ ਏਰੀਏ ਵਿੱਚ ਨਸ਼ਾ ਸਪਲਾਈ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰਨ ਲਈ ਸੋਰਸ ਲਗਾ ਕੇ ਉਪਰਾਲੇ ਕੀਤੇ ਜਾ ਰਹੇ ਹਨ। ਏ.ਐਸ.ਆਈ ਰਜੇਸ਼ ਕੁਮਾਰ ਚੌਂਕੀ ਇੰਚਾਰਜ ਬਸਤੀ ਬੋਹੜਾਂ ਥਾਣਾ ਟਾਂਡਾ ਸਮੇਤ ਪੁਲਸ ਪਾਰਟੀ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਪੁਲਿਸ ਪਾਰਟੀ ਦੁਰਾਨੇ ਗਸਤ ਪਿੰਡ ਭੂਲਪੁਰ ਨੂੰ ਜਾ ਰਹੀ ਸੀ ਤਾਂ ਇੱਕ ਵਿਅਕਤੀ ਅਤੇ ਇੱਕ ਔਰਤ ਪੈਦਲ ਆਉਂਦੇ ਦਿਖਾਈ ਦਿੱਤੇ ਅਤੇ ਪੁਲਸ ਨੂੰ ਦੇਖ ਕੇ ਦੋਵੇਂ ਘਬਰਾ ਕੇ ਪਿੱਛੇ ਨੂੰ ਮੁੜਨ ਲੱਗੇ ਤੇ ਆਪਣੇ ਹੱਥਾਂ ਵਿੱਚ ਫੜੇ ਮੋਮੀ ਲਿਫਾਫੇ ਰੰਗ ਕਾਲਾ ਸੜਕ ਕਿਨਾਰੇ 'ਤੇ ਸੁੱਟ ਦਿੱਤੇ। ਇਨਾਂ ਲਿਫਾਫਿਆਂ ਵਿੱਚੋਂ 605 ਨਸ਼ੀਲੀਆਂ ਗੋਲੀਆਂ ਅਤੇ 61 ਨਸ਼ੀਲੇ ਕੈਪਸੂਲ ਬਰਾਮਦ ਹੋਏ ਹਨ।ਮੁਲਜ਼ਮਾਂ ਦੀ ਪਛਾਣ ਹਰਦੇਵ ਸਿੰਘ ਪੁੱਤਰ ਗੁਰਮੁਖ ਸਿੰਘ ਵਾਸੀ ਰੜਾ ਮੰਡ ਥਾਣਾ ਟਾਂਡਾ ਅਤੇ ਔਰਤ ਜਸਵੀਰ ਕੌਰ ਪਤਨੀ ਹਰਦੇਵ ਸਿੰਘ ਵਾਸੀ ਰੜਾ ਮੰਡ ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਵਜੋਂ ਹੋਈ ਹੈ। ਟਾਂਡਾ ਪੁਲਸ ਨੇ ਦੋਸ਼ੀਆਂ ਖਿਲਾਫ ਐਨ.ਡੀ.ਪੀ.ਐਸ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# 26 ਕਰੋੜ ਦੀ ਲਾਗਤ ਨਾਲ ਚੱਲ ਰਿਹੈ ਡਰੇਨੇਜ ਦੀ ਸਫਾਈ ਦਾ ਕੰਮ : ਗੋਇਲ

**ਜਲੰਧਰ, (ਸੁਰਿੰਦਰ ਕੁਮਾਰ)**

ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ ਅਤੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਦੱਸਿਆ ਕਿ ਜਲੰਧਰ ਸਰਕਲ ਵਿੱਚ 26 ਕਰੋੜ ਰੁਪਏ ਦੀ ਲਾਗਤ ਵਾਲੇ ਸਫਾਈ ਕਾਰਜ ਸ਼ੁਰੂ ਕੀਤੇ ਗਏ ਹਨ, ਜੋ ਕਿ ਮਾਨਸੂਨ ਸੀਜ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣਗੇ। ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਪ੍ਰਾਜੈਕਟਾਂ ਨੂੰ ਤਰਜੀਹ ਦਿੱਤੀ ਜਾਵੇ।ਜਲੰਧਰ ਸਰਕਲ ਅਧੀਨ ਪੈਂਦੇ ਜ਼ਿਲ੍ਹਿਆਂ ਹੁਸ਼ਿਆਰਪੁਰ, ਲੁਧਿਆਣਾ, ਜਲੰਧਰ, ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਸਫ਼ਾਈ ਪ੍ਰਾਜੈਕਟਾਂ ਦੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਜਲੰਧਰ ਸਰਕਲ ਵਿੱਚ ਡਰੇਨਾਂ ਦੀ ਸਫ਼ਾਈ ਸਬੰਧੀ ਲਗਭਗ 47 ਪ੍ਰਾਜੈਕਟ ਚੱਲ ਰਹੇ ਹਨ ਅਤੇ ਡਰੇਨਾਂ ਦੀ ਸਫ਼ਾਈ ਸਦਕਾ ਪਾਣੀ ਦਾ ਨਿਰਵਿਘਨ ਪ੍ਰਵਾਹ ਯਕੀਨੀ ਬਣੇਗਾ।ਗੈਰ-ਕਾਨੂੰਨੀ ਮਾਈਨਿੰਗ ਵਿਰੁੱਧ ਜ਼ੀਰੋ-ਟਾਲਰੈਂਸ 'ਤੇ ਜ਼ੋਰ ਦਿੰਦਿਆਂ ਬਰਿੰਦਰ ਕੁਮਾਰ ਗੋਇਲ ਨੇ ਸੂਬੇ ਭਰ ਵਿੱਚ ਸਖ਼ਤ ਨਿਗਰਾਨੀ ਅਤੇ ਮਾਈਨਿੰਗ ਦੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਇਸ ਕੰਮ ਵਿੱਚ ਕੋਈ ਵੀ ਢਿੱਲ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਕੈਬਨਿਟ ਮੰਤਰੀ ਜਲੰਧਰ ਸਰਕਲ ਵਿੱਚ ਪਬਲਿਕ ਮਾਈਨਿੰਗ ਸਾਈਟਾਂ ਅਤੇ ਕਮਰਸ਼ੀਅਲ ਮਾਈਨਿੰਗ ਸਾਈਟਾਂ ਦੇ ਸੰਚਾਲਨ ਦਾ ਜਾਇਜ਼ਾ ਲੈ ਰਹੇ ਸਨ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਅਧਿਕਾਰਤ ਥਾਵਾਂ 'ਤੇ ਮਾਈਨਿੰਗ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮਾਈਨਿੰਗ ਗਤੀਵਿਧੀਆਂ ਨਾਲ ਲੋਕਾਂ ਦੀ ਸਹੂਲਤ ਨਾਲ ਸਮਝੌਤਾ ਨਹੀਂ ਹੋਣਾ ਚਾਹੀਦਾ ਅਤੇ ਕਾਨੂੰਨੀ ਤੌਰ 'ਤੇ ਨਿਕਾਸੀ ਨੂੰ ਯਕੀਨੀ ਬਣਾਉਣ ਲਈ ਨਿਯਮਿਤ ਨਿਗਰਾਨੀ ਦੇ ਹੁਕਮ ਦਿੱਤੇ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਗੈਰ-ਕਾਨੂੰਨੀ ਮਾਈਨਿੰਗ ਦਾ ਕੋਈ ਮਾਮਲਾ ਸਾਹਮਣੇ ਆਇਆ ਤਾਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨਾਲ ਇੱਕ ਹੋਰ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਬਿਸਤ ਦੋਆਬ ਨਹਿਰ ਰਾਹੀਂ ਟੇਲਾਂ ਤੱਕ ਪਾਣੀ ਪਹੁੰਚਾਉਣ ਨੂੰ ਯਕੀਨੀ ਬਣਾਉਣ ਲਈ ਕੀਤੇ ਜਾ ਰਹੇ ਵੱਖ-ਵੱਖ ਕੰਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਇਸ ਮਿਸ਼ਨ ਤਹਿਤ ਖਾਲ਼ ਬਣਾਉਣ ਲਈ ਪਿਛਲੇ ਸਾਲ 30 ਕਰੋੜ ਰੁਪਏ ਦੀ ਰਾਸ਼ੀ ਭੇਜੀ ਗਈ ਸੀ। ਇਸੇ ਤਰ੍ਹਾਂ, ਬਿਸਤ ਦੁਆਬ ਨਹਿਰ ਦੇ ਨਾਲ-ਨਾਲ ਵੱਖ-ਵੱਖ ਥਾਵਾਂ 'ਤੇ ਵਾਟਰ ਰੀਚਾਰਜ ਪ੍ਰਾਜੈਕਟ, ਸਿੰਚਾਈ ਦੇ ਮੰਤਵ ਤਹਿਤ ਪਾਈਪਲਾਈਨਾਂ ਵੀ ਵਿਛਾਈਆਂ ਗਈਆਂ ਹਨ।ਇਸ ਮੌਕੇ ਮੰਤਰੀ ਨੇ ਨਹਿਰੀ ਪਾਣੀ ਨਾਲ ਕਿਸਾਨਾਂ ਦੀ ਸਹਾਇਤਾ ਲਈ ਸਿੰਚਾਈ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਭਵਿੱਖੀ ਪ੍ਰਾਜੈਕਟਾਂ ਦਾ ਮੁਲਾਂਕਣ ਵੀ ਕੀਤਾ। ਮੀਟਿੰਗ ਵਿੱਚ ਜਲੰਧਰ, ਐਸ.ਬੀ.ਐਸ. ਨਗਰ, ਹੁਸ਼ਿਆਰਪੁਰ ਅਤੇ ਕਪੂਰਥਲਾ ਜ਼ਿਲ੍ਹੇ ਦੇ ਅਧਿਕਾਰੀ ਵੀ ਮੌਜੂਦ ਸਨ।

# ਮਿਡ-ਡੇਅ-ਮੀਲ ਵਰਕਰਾਂ ਦਾ ਸ਼ੋਸ਼ਣ ਲਗਾਤਾਰ ਜਾਰੀ : ਖੜੌਦੀ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿਛਲੇ ਲੰਮੇ ਸਮੇਂ ਤੋਂ ਪੰਜਾਬ ਸਰਕਾਰ ਵਲੋਂ ਮਿਡ-ਡੇਅ-ਮੀਲ ਵਰਕਰਾਂ ਨਾਲ ਲਗਾਤਾਰ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਰਕਾਰ ਦੇ ਸਵਾ ਤਿੰਨ ਸਾਲ ਬੀਤਣ ਦੇ ਬਾਵਜੂਦ ਵੀ ਇਨ੍ਹਾਂ ਵਰਕਰਾਂ ਦੇ ਮਾਣਭੱਤੇ ਵਿੱਚ ਇੱਕ ਪੈਸੇ ਦੀ ਉਜਰਤ ਦਾ ਵਾਧਾ ਨਹੀਂ ਕੀਤਾ ਗਿਆ ਅਤੇ ਨਾ ਹੀ 2025 ਦੇ ਬਜਟ ਵਿੱਚ ਇਨ੍ਹਾਂ ਦੀ ਤਨਖਾਹ ਵਧਾਉਣ ਸਬੰਧੀ ਬਜਟ ਦਾ ਕੋਈ ਜਿਕਰ ਕੀਤਾ। ਇਹ ਵਰਕਰ ਪਿਛਲੇ ਚਾਰ ਸਾਲਾਂ ਤੋਂ ਤਿੰਨ ਹਜਾਰ ਰੁਪਏ ਮਾਣਭੱਤੇ ਤੇ ਕੰਮ ਕਰਨ ਲਈ ਮਜਬੂਰ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਮਿਡ-ਡੇਅ-ਮੀਲ ਵਰਕਰਾਂ ਵਲੋਂ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਦੀ ਅਗਵਾਈ ਵਿੱਚ ਮਿਡ-ਡੇਅ-ਮੀਲ ਵਰਕਰ ਯੂਨੀਅਨ ਦੀ ਸੂਬਾ ਜਨਰਲ ਸਕੱਤਰ ਕਮਲਜੀਤ ਕੌਰ ਖੜੌਦੀ, ਬਲਾਕ ਕੋਟ ਫਤੂਹੀ ਦੇ ਪ੍ਰਧਾਨ ਅਮਰਵੀਰ ਕੌਰ ਅਤੇ ਨਰਿੰਦਰ ਅਜਨੋਹਾ ਨੇ ਸਥਾਨਕ ਮੇਨ ਬਿਸਤ-ਦੁਆਬ ਨਹਿਰ ਚੌਂਕ ਨੇੜੇ ਰਾਣਾ ਬੇਕਰੀ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਣ ਮੌਕੇ ਕੀਤਾ।ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਇਹਨਾਂ ਦੀਆਂ ਘੱਟੋ-ਘੱਟ ਉਜਰਤਾਂ ਵਿੱਚ ਵਾਧਾ, ਵਰਦੀ, ਸਿਹਤ ਬੀਮਾ ਅਤੇ ਕਈ ਹੋਰ ਹੱਕੀ ਅਤੇ ਜਾਇਜ ਮੰਗਾਂ ਲਾਗੂ ਕਰੇ।ਇਸ ਮੌਕੇ ਪੰਜਾਬ ਸਰਕਾਰ ਵਿਰੁੱਧ ਜੰਮਕੇ ਨਾਅਰੇਬਾਜੀ ਕੀਤੀ। ਇਸ ਮੌਕੇ ਕੁਲਵੀਰ ਕੌਰ, ਪ੍ਰਦੀਪ ਕੌਰ,



ਬਲਜੀਤ ਕੌਰ, ਸਰਬਜੀਤ ਕੌਰ, ਸੰਯੋਗਤਾ, ਦਰਸ਼ਨ ਕੌਰ, ਕਮਲੇਸ਼ ਰਾਣੀ, ਜਸਵਿੰਦਰ ਕੌਰ, ਪਰਮਜੀਤ ਕੌਰ, ਹਰਪ੍ਰੀਤ ਕੌਰ, ਸੁਰਜੀਤ ਕੌਰ, ਰਾਜ ਰਾਣੀ, ਜਸਵੀਰ ਕੌਰ, ਮੀਨਾ, ਅਨੀਤਾ ਦੇਵੀ, ਸਤਵੀਰ ਕੌਰ, ਸੁਖਵਿੰਦਰ ਕੌਰ, ਮਨਪ੍ਰੀਤ ਕੌਰ, ਕੌਸ਼ਲਿਆ ਦੇਵੀ, ਸ਼ਾਮ ਸੁੰਦਰ ਕਪੂਰ,ਮਲਕੀਅਤ ਸਿੰਘ ਬਾਹੋਵਾਲ, ਹਰਭਜਨ ਸਿੰਘ, ਸਗਲੀ ਰਾਮ, ਸੋਹਣ ਸਿੰਘ, ਬਲਵਿੰਦਰ ਸਿੰਘ, ਗੁਰਨਾਮ ਚੰਦ, ਕਸ਼ਮੀਰ ਸਿੰਘ, ਵਰਿੰਦਰ ਕੁਮਾਰ ਆਦਿ ਵੱਡੀ ਗਿਣਤੀ ਵਿੱਚ ਫੈਡਰੇਸ਼ਨ ਆਗੂ ਅਤੇ ਮਿਡ-ਡੇਅ-ਮੀਲ ਵਰਕਰ ਹਾਜ਼ਰ ਸਨ।

# ਲਾਇਲਪੁਰ ਖ਼ਾਲਸਾ ਕਾਲਜ ਵਿਖੇ ਡਾ. ਬੀ ਆਰ ਅੰਬੇਡਕਰ- ਭਾਰਤੀ ਸੰਵਿਧਾਨ ਨਿਰਮਾਤਾ ਵਿਸ਼ੇ 'ਤੇ ਲੈਕਚਰ



**ਜਲੰਧਰ (ਸ਼ੈਲੀ ਐਲਬਰਟ)**

ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਖੇ ਡਾ.ਬੀ.ਆਰ. ਅੰਬੇਡਕਰ ਦੇ 134ਵੇਂ ਜਨਮ ਦਿਵਸ ਦੇ ਸਬੰਧ ਵਿੱਚ ਇਕ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ । ਸਮਾਗਮ ਵਿੱਚ ਡਾ. ਜੀ.ਸੀ. ਕੌਲ ਸੇਵਾ ਮੁਕਤ ਪ੍ਰੋਫੈਸਰ ਡੀ.ਏ.ਵੀ. ਕਾਲਜ ਜਲੰਧਰ ਮੁੱਖ ਵਕਤਾ ਵੱਲੋਂ ਸ਼ਾਮਿਲ ਹੋਏ। ਪ੍ਰਿੰਸੀਪਲ ਡਾ. ਸੁਮਨ ਚੋਪੜਾ, ਪ੍ਰੋ. ਨਵਦੀਪ ਕੌਰ ਵਾਈਸ ਪ੍ਰਿੰਸੀਪਲ ਅਤੇ ਡਾ. ਸੁਰਿੰਦਰ ਪਾਲ ਮੰਡ ਡੀਨ ਵਿਦਿਆਰਥੀ ਭਲਾਈ ਨੇ ਮੁੱਖ ਵਕਤਾ ਡਾ. ਜੀ. ਸੀ. ਕੌਲ ਦਾ ਗੁਲਦਸਤੇ ਨਾਲ ਸਵਾਗਤ ਕੀਤਾ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਇਸ ਮੌਕੇ ਡਾ. ਅੰਬੇਡਕਰ ਜੀ ਦੀ ਸ਼ਖਸੀਅਤ ਅਤੇ ਉਹਨਾਂ ਦੀ ਭਾਰਤ ਨੂੰ ਦੇਣ ਸਬੰਧੀ ਆਪਣੇ ਵਿਚਾਰ ਪ੍ਰਸਤੁਤ ਕੀਤੇ। ਡਾ. ਜੀ.ਸੀ ਕੌਲ ਨੇ ਆਪਣੇ ਲੈਕਚਰ ਵਿੱਚ ਡਾ. ਬੀ.ਆਰ. ਅੰਬੇਡਕਰ ਦੇ ਜੀਵਨ, ਸੰਘਰਸ਼, ਪੜ੍ਹਾਈ ਅਤੇ ਭਾਰਤ ਦੇਸ਼ ਨੂੰ ਦੇਣ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ । ਸਮਾਗਮ ਵਿੱਚ ਪ੍ਰੋ. ਸਤਪਾਲ ਚੀਫ ਕੋਆਡੀਨੇਟਰ ਐਨ.ਐਸ. ਐਸ ਦੀ ਅਗਵਾਈ ਵਿੱਚ ਐਨ.ਐਸ.ਐਸ. ਦੇ 30 ਵਲੰਟੀਅਰਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਪ੍ਰੋ. ਕੁਲਦੀਪ ਸੋਢੀ ਨੇ ਬਾਖੂਬੀ ਨਿਭਾਇਆ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਤੋਂ ਇਲਾਵਾ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਹਰਜਿੰਦਰ ਸਿੰਘ ਸੇਖੋਂ, ਪ੍ਰੋ. ਸੁਖਦੇਵ ਸਿੰਘ ਨਾਗਰਾ ,ਪ੍ਰੋ. ਕੰਵਲਜੀਤ ਕੌਰ , ਪ੍ਰੋ. ਸੰਦੀਪ ਸਿੰਘ, ਪ੍ਰੋ. ਸੰਦੀਪ ਕੌਰ ਚੀਮਾ , ਪ੍ਰੋ. ਪ੍ਰੀਤੀ, ਪ੍ਰੋ. ਸੰਦੀਪ ਤੋਂ ਇਲਾਵਾ ਪ੍ਰੋ. ਕਰਨਵੀਰ ਸਿੰਘ ਇਤਿਹਾਸ ਵਿਭਾਗ ਅਤੇ ਪ੍ਰੋ. ਭਾਵਨਾ ਹਿੰਦੀ ਵਿਭਾਗ ਵੀ ਹਾਜ਼ਰ ਸਨ।

# ਸਰਕਾਰੀ ਕਾਲਜ ਦੀ ਵਲੰਟੀਅਰ ਨੇ ਨੈਸ਼ਨਲ ਆਪਦਾ ਮਿੱਤਰ ਕੈਂਪ ਲਗਾਇਆ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**

ਸਰਕਾਰੀ ਕਾਲਜ ਡੇਰਾਬੱਸੀ ਦੀ ਐਨ ਐਸ ਐਸ ਵਲੰਟੀਅਰ ਮਨਜੋਤ ਕੌਰ ਨੇ ਯੁਵਾ ਆਪਦਾ ਮਿਤਰ ਸਕੀਮ ਅਧੀਨ 21 ਰੋਜਾ ਨੈਸ਼ਨਲ ਲੈਵਲ ਟ੍ਰੇਨਿੰਗ ਆਫ ਟ੍ਰੇਨਰਜ ਕੈਂਪ ਲਗਾਇਆ। ਇਹ ਕੈਂਪ ਉੱਤਰ ਪ੍ਰਦੇਸ਼ ਸਰਕਾਰ ਦੇ ਰਾਜ ਪੱਧਰੀ ਆਪਣਾ ਮੋਚਨ ਬੱਲ ਦੀ ਲਖਨਊ ਬਟਾਲੀਅਨ ਵਲੋਂ ਪੰਜਾਬ, ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਵਲੰਟੀਅਰਜ ਲਈ ਲਗਾਇਆ ਗਿਆ । 21 ਦਿਨ ਚਲਣ ਵਾਲੇ ਇਸ ਕੈਂਪ ਵਿਚ ਪੰਜਾਬ ਦੇ 40 ਵਲੰਟੀਅਰਜ ਟ੍ਰੇਨਿੰਗ ਲਈ ਚੁਣੇ ਗਏ । ਮਨਜੋਤ ਕੌਰ ਨੇ ਇਸ ਟ੍ਰੇਨਿੰਗ ਵਿਚ ਮੋਹਾਲੀ ਜਿਲ੍ਹੇ ਵਲੋਂ ਨੁਮਾਇੰਦਗੀ ਕੀਤੀ । ਇਹ ਟ੍ਰੇਨਿੰਗ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵਲੋਂ ਆਪਦਾ ਮਿਤਰ ਸਕੀਮ ਅਧੀਨ ਲਗਾਈ ਗਈ ਸੀ।ਇਸ ਦੌਰਾਨ ਟ੍ਰੇਨਰਜ ਨੇ ਵਲੰਟੀਅਰਜ ਨੂੰ ਕੁਦਰਤੀ ਆਫਤਾਂ ਦੌਰਾਨ ਅਤੇ ਘਰੇਲੂ ਉਪਕਰਣਾਂ ਵਿਚ ਹੋਣ ਵਾਲੀ ਗੜਬੜੀ ਲਈ ਨਜਿੱਠਣ ਲਈ, ਤਿਆਰੀ ਦੀ ਟ੍ਰੇਨਿੰਗ ਲਈ ਤਾਂ ਜੋ ਸਮਾਜ ਵਿਚ ਲੋਕਾਂ ਦੀ ਮਦਦ ਲਈ ਹੋਰਨਾਂ ਵਲੰਟੀਅਰਜ ਨੂੰ ਤਿਆਰ ਕੀਤਾ ਜਾ ਸਕੇ। ਟ੍ਰੇਨਰ ਵਜੋਂ ਮਨਜੋਤ ਕੌਰ ਦੀ ਚੋਣ ਕਾਲਜ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿਉਂਕਿ ਕਾਲਜ ਦਾ ਨਾਂਅ ਰੋਸ਼ਨ ਕਰ ਰਹੀ ਇਹ ਵਿਦਿਆਰਥਣ ਪਹਿਲਾਂ ਵੀ ਰਾਸ਼ਟਰੀ ਗਣਤੰਤਰ ਦਿਵਸ ਦੀ ਪਰੇਡ ਵਿਚ ਭਾਗ ਲੈ ਚੁੱਕੀ ਹੈ।ਪ੍ਰਿੰਸੀਪਲ ਸ੍ਰੀਮਤੀ ਗੀਤਾਂਜਲੀ ਕਾਲੜਾ ਨੇ ਵਿਦਿਆਰਥਣ ਨੂੰ ਟ੍ਰੇਨਿੰਗ ਪੂਰੀ ਕਰਨ 'ਤੇ ਮੁਬਾਰਕਬਾਦ ਦਿੱਤੀ ਅਤੇ ਐਨ ਐਸ ਐਸ ਟੀਮ ਦੇ ਪ੍ਰੋਗਰਾਮ ਅਫਸਰਾਂ ਨਾਲ ਉਸਦਾ ਨਿੱਘਾ ਸੁਆਗਤ ਕੀਤਾ। ਵਿਦਿਆਰਥਣ ਨੇ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਟ੍ਰੇਨਿੰਗ ਦੌਰਾਨ ਡਿਸਾਸਟਰ ਮੈਨੇਜਮੈਂਟ ਲਈ ਕਿਸ ਤਰ੍ਹਾਂ ਦੀਆਂ ਕੁਦਰਤੀ ਆਫਤਾਂ ਨਾਲ ਕਿਵੇਂ ਨਿਪਟਣਾ ਹੈ, ਬਾਰੇ ਜਾਣਕਾਰੀ ਦਿੱਤੀ।



# ਅਧਿਆਪਕਾਂ 'ਤੇ ਕੀਤੇ ਪੁਲਸ ਜਬਰ ਦੀ ਸਖਤ ਨਿਖੇਧੀ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਨੇ ਸਿੱਖਿਆ ਮੰਤਰੀ ਦੇ ਪਿੰਡ ਗੰਭੀਰ ਪੁਰ ਵਿਖੇ ਆਪਣੀਆਂ ਜਾਇਜ਼ ਮੰਗਾਂ ਲਈ ਰੋਸ ਜਾਹਰ ਕਰ ਰਹੇ ਅਧਿਆਪਕਾਂ 'ਤੇ ਕੀਤੇ ਅਣਮਨੁੱਖੀ ਤਸ਼ੱਦਦ ਦੀ ਸਖ਼ਤ ਨਿਖੇਧੀ ਕੀਤੀ ਹੈ।ਇੱਥੇ ਗੱਲਬਾਤ ਕਰਦਿਆਂ ਡੀਟੀਐੱਫ ਦੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਦੀਪ ਸਿੰਘ ਬਹਿਣੀਵਾਲ ਅਤੇ ਬਲਵੰਤ ਸਿੰਘ ਗਿਆਨਾ ਨੇ ਕਿਹਾ ਕਿ ਆਪ ਸਰਕਾਰ ਲੋਕਾਂ 'ਤੇ ਤਸ਼ੱਦਦ ਕਰਨ ਦੇ ਮਾਮਲੇ ਵਿੱਚ ਬਾਕੀ ਸਾਰੀਆਂ ਸਰਕਾਰਾਂ ਨੂੰ ਪਿੱਛੇ ਛੱਡ ਗਈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਸਿੱਖਿਆ ਕਰਾਂਤੀ ਦੇ ਅਖੌਤੀ ਢਕਵੰਜ ਛੱਡ ਕੇ ਸਕੂਲਾਂ ਦੀ ਅਸਲੀਅਤ ਵੱਲ ਧਿਆਨ ਦੇਣਾ ਚਾਹੀਦਾ ਹੈ। ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ, ਸੇਵਾਦਾਰਾਂ, ਕਲਰਕਾਂ, ਮਾਲੀਆਂ, ਪ੍ਰਿੰਸੀਪਲਾਂ ਦੀਆਂ ਵੱਡੀ ਗਿਣਤੀ ਵਿੱਚ ਆਸਾਮੀਆਂ ਖਾਲੀ ਹਨ। ਸਰਕਾਰ ਨੂੰ ਇਹਨਾਂ ਨੂੰ ਪੂਰਾ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।

# ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਵੱਲੋਂ ਰੇਲਵੇ ਬ੍ਰਿਜ ਵਰਕਸ਼ਾਪ ਦਾ ਦੌਰਾ

**ਜਲੰਧਰ (ਸ਼ੈਲੀ ਐਲਬਰਟ)**

ਮੇਹਰ ਚੰਦ ਪੋਲੀਟੈਕਨਿਕ ਕਾਲਜ, ਜਲੰਧਰ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਜਲੰਧਰ ਛਾਵਣੀ ਵਿਖੇ ਸਥਿਤ ਰੇਲਵੇ ਬ੍ਰਿਜ ਵਰਕਸ਼ਾਪ ਦਾ ਵਿਦਿਆਤਮਕ ਦੌਰਾ ਕੀਤਾ। ਇਹ ਦੌਰਾ ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਤੇ ਵਿਭਾਗ ਦੇ ਮੁਖੀ ਡਾ. ਰਾਜੀਵ ਭਾਟੀਆ ਦੀ ਅਗਵਾਈ ਹੇਠ ਕਰਵਾਇਆ ਗਿਆ । ਇਸ ਦੌਰੇ ਦੌਰਾਨ ਫੈਕਲਟੀ ਮੈਂਬਰ ਕਨਵ ਮਹਾਜਨ, ਅਮਿਤ ਖੰਨਾ ਅਤੇ ਰਾਜੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਸਾਥ ਦਿੱਤਾ ਅਤੇ ਪੂਰੇ ਦੌਰੇ ਨੂੰ ਸੁਚੱਜੇ ਢੰਗ ਨਾਲ ਸੰਚਾਲਿਤ ਕੀਤਾ। ਵਰਕਸ਼ਾਪ ਤੋਂ ਮਿਲਿੰਦ ਨੇ ਵਿਦਿਆਰਥੀਆਂ ਨੂੰ ਰੇਲਵੇ ਬ੍ਰਿਜ ਦੀ ਨਿਰਮਾਣ ਅਤੇ ਰਖ-ਰਖਾਵ ਦੀ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ । ਵਿਦਿਆਰਥੀਆਂ ਨੇ ਵਰਕਸ਼ਾਪ ਦੌਰਾਨ ਵੱਖ-ਵੱਖ ਬ੍ਰਿਜ ਹਿੱਸਿਆਂ ਜਿਵੇਂ ਕਿ ਸਟੀਲ ਬ੍ਰਿਜ, ਪ੍ਰੀਕਾਸਟ ਕੰਕਰੀਟ ਬੀਮ ਅਤੇ ਸਲੈਬ ਆਦਿ ਨੂੰ ਨਜ਼ਦੀਕੋਂ ਦੇਖਣ ਦਾ ਮੌਕਾ ਮਿਲਿਆ। ਇਸ ਦੌਰਾਨ ਉਨ੍ਹਾਂ ਨੇ ਕਈ ਮਹੱਤਵਪੂਰਨ ਨਿਰਮਾਣ ਪੜਾਅ ਵੇਖੇ, ਜਿਵੇਂ ਕਿ:ਸਟੀਲ ਪਲੇਟਾਂ ਅਤੇ ਬੀਮਾਂ ਦੀ ਕਟਾਈ ਅਤੇ ਸ਼ੇਪਿੰਗ,ਡ੍ਰਿਲਿੰਗ ਅਤੇ ਰਿਵੇਟਿੰਗ ਕਾਰਜ,ਵੈਲਡਿੰਗ ਅਤੇ ਸੰਰਚਨਾਤਮਕ ਅਸੈਂਬਲੀ, ਪੇਂਟਿੰਗ ਅਤੇ ਜੰਗ-ਰੋਧੀ ਲੇਪਣ,ਆਖਰੀ ਜਾਂਚ ਅਤੇ ਟੈਸਟਿੰਗ ਪ੍ਰਕਿਰਿਆ ਆਦਿ ।ਇਸ ਤਜਰਬਾਤਮਕ ਦੌਰੇ ਰਾਹੀਂ ਵਿਦਿਆਰਥੀਆਂ ਨੂੰ ਪੁਲ ਇੰਜੀਨੀਅਰਿੰਗ ਅਤੇ ਫੈਬਰਿਕੇਸ਼ਨ ਨਾਲ ਜੁੜੇ ਸਿਧਾਂਤਾਂ ਦੀ ਗਹਿਰੀ ਸਮਝ ਮਿਲੀ। ਇਹ ਦੌਰਾ ਉਨ੍ਹਾਂ ਦੀ ਵਿਦਿਆਤਮਕ ਗਿਆਨ ਨੂੰ ਹਕੀਕਤ ਨਾਲ ਜੋੜਣ ਵਿੱਚ ਮਦਦਗਾਰ ਸਾਬਤ ਹੋਇਆ ਅਤੇ ਉਨ੍ਹਾਂ ਦੇ ਪੇਸ਼ਾਵਰ ਲਕੜੀ ਦੀ ਪੱਕੀ ਦਿਸ਼ਾ ਵੀ ਦਰਸਾਈ।



# ਕੰਮਿਊਨਿਟੀ ਹੈਲਥ ਸੈਂਟਰ ਵੱਲੋਂ ਨਸ਼ਾ ਮੁਕਤ ਪੰਜਾਬ ਲਈ ਰੈਲੀ




**ਫਿਲੌਰ, (ਨਿਰਮਲ)**

ਨਸ਼ਾ ਮੁਕਤ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਕੰਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋਂ ਸੀਨੀਅਰ ਸਕੈਂਡਰੀ ਸਕੂਲ ਬੜਾ ਪਿੰਡ ਦੇ ਸਹਿਯੋਗ ਨਾਲ ਇੱਕ ਨਸ਼ਾ ਮੁਕਤੀ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਵਿੱਚ ਮੈਡੀਕਲ ਅਫ਼ਸਰਾਂ, ਅਧਿਆਪਕਾਂ , ਨਰਸਿੰਗ ਸਟਾਫ, ਆਸ਼ਾ ਵਰਕਰਾਂ, ਵਿਦਿਆਰਥੀਆਂ ਅਤੇ ਸਥਾਨਕ ਨਿਵਾਸੀਆਂ ਨੇ ਭਾਗ ਲਿਆ।ਸੀਨੀਅਰ ਮੈਡੀਕਲ ਅਫ਼ਸਰ ਡਾ. ਅਮਿਤਾ ਲੂਨਾ ਨੇ ਦੱਸਿਆ ਕਿ ਰੈਲੀ ਦਾ ਮੁੱਖ ਉਦੇਸ਼ ਨਸ਼ਿਆਂ ਦੇ ਖ਼ਿਲਾਫ਼ ਜਾਗਰੂਕਤਾ ਫੈਲਾਉਣਾ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣਾ ਸੀ। ਰੈਲੀ ਦੌਰਾਨ ਨਸ਼ਾ ਛੱਡੋ,ਪੰਜਾਬ ਬਚਾਓ ਵਰਗੇ ਨਾਅਰੇ ਲਗਾਏ ਗਏ। ਉਨਾਂ ਦੱਸਿਆ ਕਿ ਨਸ਼ਾ ਕੇਵਲ ਵਿਅਕਤੀ ਨੂੰ ਹੀ ਨਹੀਂ, ਸਾਰੀ ਪਰਵਾਰਕ ਅਤੇ ਸਮਾਜਕ ਬਣਤਰ ਨੂੰ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਨੇ ਨਸ਼ਾ ਛੱਡਣ ਵਾਲਿਆਂ ਲਈ ਉਪਲਬਧ ਜਾਂਚ ਕੇਂਦਰਾਂ ਅਤੇ ਸਲਾਹ ਮਸ਼ਵਰੇ ਸਬੰਧਤ ਸਰਕਾਰ ਵੱਲੋ ਦਿੱਤੀਆ ਜਾ ਰਹੀਆ ਸਹੂਲਤਾ ਬਾਰੇ ਜਾਣਕਾਰੀ ਵੀ ਦਿੱਤੀ। ਮੈਡੀਕਲ ਅਫ਼ਸਰ ਡਾ ਮਮਤਾ ਗੌਤਮ ਨੇ ਕਿਹਾ ਕਿ ਇਹ ਰੈਲੀ ਪੰਜਾਬ ਪੱਧਰ 'ਤੇ ਨਸ਼ਾ ਖ਼ਿਲਾਫ਼ ਚੱਲ ਰਹੀ ਮੁਹਿੰਮ ਵਿੱਚ ਸਾਰਥਕ ਯੋਗਦਾਨ ਪਾਏਗੀ। ਕਮਿਊਨਿਟੀ ਹੈਲਥ ਸੈਂਟਰ ਵੱਲੋਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣਗੀਆਂ। ਇਸ ਮੌਕੇ 'ਤੇ ਪ੍ਰਿੰਸੀਪਲ ਗੁਲਸ਼ਨ ਗੇਦਾ, ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਬਲਜਿੰਦਰ ਸਿੰਘ, ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਵਰੁਣ, ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਤਨੂੰ, ਬਲਾਕ ਐਜੂਕੇਟਰ ਪ੍ਰੀਤਇੰਦਰ ਸਿੰਘ, ਹੈਲਥ ਸੁਪਰਵਾਈਜ਼ਰ ਸਤਨਾਮ, ਏਨਮ ਸੁਨੀਤਾ ਅਤੇ ਸਮੂਹ ਸਟਾਫ ਹਾਜ਼ਰ ਸੀ।

# ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ ਸਕੂਲ 'ਚ ਨਵੇਂ ਸੈਸ਼ਨ ਦੀ ਆਰੰਭਤਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ,ਓਂਕਾਰ ਸਿੰਘ)**

ਸਰ ਮਾਰਸ਼ਲ ਸਕੂਲ ਸਿੱਖਿਆ ਸੰਸਥਾਵਾਂ ਵੱਲੋਂ ਚਲਾਏ ਜਾ ਰਹੇ ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿੱਚ ਨਵੇਂ ਸੈਸ਼ਨ ਦੀ ਆਰੰਭਤਾ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ ।ਸਰ ਮਾਰਸ਼ਲ ਸਕੂਲ ਸਿੱਖਿਆ ਸੰਸਥਾਵਾਂ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਸਕੂਲ ਮੈਨੇਜਮੈਂਟ ਅਤੇ ਸਮੂਹ ਸਟਾਫ ਵੱਲੋਂ ਸਕੂਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਾਉਣ ਉਪਰੰਤ ਗ੍ਰੰਥੀ ਸਿੰਘ, ਸਕੂਲ ਮੈਨੇਜਮੈਂਟ, ਸਟਾਫ ਮੈਂਬਰ ਤੇ ਵਿਦਿਆਰਥੀਆਂ ਨੇ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ।ਇਸ ਮੌਕੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਸਮੂਹ ਸਟਾਫ ਮੈਂਬਰਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਨਵੇਂ ਸੈਸ਼ਨ ਦੀ ਆਰੰਭਤਾ ਮੌਕੇ ਮੁਬਾਰਕਬਾਦ ਦਿੱਤੀ ਅਤੇ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਉੱਚ ਮੁਕਾਮ ਹਾਸਿਲ ਕਰਨ ਲਈ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਉਨ੍ਹਾਂ ਸਕੂਲ ਦੇ ਸਮੂਹ ਸਟਾਫ ਮੈਂਬਰਾਂ ਨੂੰ ਆਪਣੀ ਪੂਰੀ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।ਸਮਾਗਮ ਦੌਰਾਨ ਸਕੂਲ ਦੇ ਵਿਦਿਆਰਥੀਆਂ ਵੱਲੋਂ ਮਨੋਹਰ ਸ਼ਬਦ ਕੀਰਤਨ ਦੁਆਰਾ ਨਿਹਾਲ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਕਮਲਪ੍ਰੀਤ ਸਿੰਘ ਨੇ ਵੀ ਸੰਬੋਧਨ ਕਰਦੇ ਹੋਏ ਸਕੂਲ ਦੇ ਨਵੇਂ ਸੈਸ਼ਨ ਦੀ ਆਰੰਭਤਾ ਮੌਕੇ ਮੁਬਾਰਕਬਾਦ ਦਿੱਤੀ। ਇਸ ਮੌਕੇ ਵਾਇਸ ਪ੍ਰਿੰਸੀਪਲ ਕੁਨਿਕਾ, ਹਰਪ੍ਰੀਤ ਕੌਰ, ਸੰਦੀਪ ਕੌਰ, ਗਗਨਪ੍ਰੀਤ ਕੌਰ, ਸੁਖਵਿੰਦਰ ਪਾਲ ਸਿੰਘ, ਮਨਦੀਪ ਕੌਰ, ਤਰਨਜੀਤ ਕੌਰ, ਟੀਨਾ, ਅਮਨਦੀਪ ਕੌਰ, ਸੰਦੀਪ ਕੌਰ, ਪ੍ਰਿਅੰਕਾ, ਪ੍ਰਭਜੋਤ ਕੌਰ, ਭਾਵਨਾ, ਹਰਮਨਦੀਪ ਕੌਰ, ਕੁਸ਼ਲਦੀਪ ਕੌਰ, ਓਂਕਾਰ ਸਿੰਘ, ਬਲਦੇਵ ਸਿੰਘ, ਅਮਨਪ੍ਰੀਤ ਕੌਰ ਅਤੇ ਰਣਜੀਤ ਕੌਰ ਆਦਿ ਹਾਜ਼ਰ ਸਨ।

# ਤੱਖਣੀ 'ਚ ਵੱਛੀ ਨੂੰ ਬਾਘ ਚੁੱਕ ਕੇ ਲੈ ਗਿਆ



ਜਾਣਕਾਰੀ ਦਿੰਦੇ ਪੀੜਤ।

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਜੰਗਲੀ ਜੀਵ ਰੱਖਿਆ ਵਿਭਾਗ ਦੀਆਂ ਅਣਗਹਿਲੀਆਂ ਕਾਰਨ ਕੰਡੀ ਇਲਾਕੇ ਵਿਚ ਜਾਨਵਰਾਂ ਦੀ ਫੈਲੀ ਦਹਿਸ਼ਤ ,ਕੰਡੀ ਇਲਾਕੇ ਦਾ ਤੱਖਣੀ ਪਿੰਡ ਤੱਖਣੀ ਰਹਿਮਾਪੁਰ ਜੰਗਲੀ ਜੀਵ ਸੈਂਚਰੀ ਦੇ ਆਸ ਪਾਸ ਸਥਿਤ ਹੋਣ ਕਰਕੇ ਉਥੇ ਰਹਿ ਰਹੇ ਲੋਕਾਂ ਦੇ ਪਾਲਤੂ ਜਾਨਵਰ ਸੈਂਚਰੀ ਵਿਚ ਰਹਿਣ ਵਾਲੇ ਜਾਨਵਰਾਂ ਦੇ ਸ਼ਿਕਾਰ ਹੋ ਜਾਂਦੇ ਹਨ। ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸੁਰਜੀਤ ਕੁਮਾਰ ਦੀ ਗਾਂ ਦੀ 15 ਦਿਨਾਂ ਦੀ ਵੱਛੀ ਨੂੰ ਬਾਘ ਚੁੱਕ ਹੀ ਲੈ ਗਿਆ। ਉਨ੍ਹਾਂ ਜੰਗਲੀ ਜੀਵਲ ਵਿਭਾਗ ਦੀਆਂ ਅਣਗਹਿਲੀਆਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸੈਂਚੁਰੀ ਵਿਚੋਂ ਪਹਿਲਾਂ ਵੀ ਜੰਗਲੀ ਜੀਵ ਆ ਕੇ ਆਸ ਪਾਸ ਰਹਿ ਰਹੇ ਲੋਕਾਂ ਦੇ ਜਾਨਵਰਾਂ ਨੂੰ ਚੁੱਕ ਕੇ ਲੈ ਜਾਂਦੇ ਹਨ। ਸੈਂਚੁਰੀ ਦੇ ਆਲੇ ਦੁਆਲੇ ਜੋ ਵਾੜ ਲੱਗੀ ਹੈ ਉਹ ਸਿਰਫ ਸੈਂਚੁਰੀ ਦੇ ਅਗਲੇ ਪਾਸੇ ਕੁਝ ਹਿੱਸੇ ਵਿਚ ਹੀ ਹੈ ਤੇ ਨਾ ਪਿਛਲੇ ਪਾਸੇ ਹੈ ਤੇ ਨਾ ਹੀ ਆਲੇ ਦੁਆਲੇ ਹੈ। ਏਹੀ ਨੁਕਸਾਨ ਦਾ ਵੱਡਾ ਕਾਰਨ ਹੈ। ਧੀਮਾਨ ਜੰਗਲੀ ਜੀਵ ਰੱਖਿਆ ਵਿਭਾਗ ਤੋਂ ਮੰਗ ਕੀਤੀ ਕਿ ਪੀੜਤ ਪਰਵਾਰ ਨੂੰ ਨਿਯਮਾਂ ਤਹਿਤ ਤੁਰੰਤ ਮੁਆਵਜ਼ਾ ਦਿੱਤਾ ਜਾਵੇ।

# ਕੌਂਸਲਰ ਹਰਜੀਤ ਸਿੰਘ ਮਿੰਟਾ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਲ

**ਜ਼ੀਰਕਪੁਰ, (ਕ੍ਰਿਸ਼ਨ ਗਰਗ)**

ਜ਼ੀਰਕਪੁਰ ਤੋਂ ਆਮ ਆਦਮੀ ਪਾਰਟੀ ਨੂੰ ਉਸ ਸਮੇ ਝਟਕਾ ਲੱਗਾ ਜਦੋਂ ਮੌਜੂਦਾ ਸਮੇਂ ਦੇ 5 ਕੌਂਸਲਰਾਂ ਨੇ ਆਪ ਦਾ ਝਾੜੂ ਛੱਡ ਕੇ ਕਮਲ ਦਾ ਫੁੱਲ ਫੜ ਲਿਆ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਿਸੇਸ਼ ਤੌਰ 'ਤੇ ਕੌਂਸਲਰਾਂ ਨੂੰ ਭਾਜਪਾ ਵਿੱਚ ਸ਼ਾਮਿਲ ਕਰਨ ਆਏ।ਇਸ ਸਮੇਂ ਉਨਾਂ ਨਾਲ ਸਾਬਕਾ ਕੇਂਦਰੀ ਮੰਤਰੀ ਮਹਾਰਾਣੀ ਪਰਨੀਤ ਕੌਰ, ਹਰਿਆਣਾ ਵਿਧਾਨ ਸਭਾ ਦੇ ਸਾਬਕਾ ਸਪੀਕਰ ਗਿਆਨ ਚੰਦ ਗੁਪਤਾ, ਜ਼ਿਲ੍ਹਾ ਪ੍ਰਧਾਨ ਮੋਹਾਲੀ ਸੰਜੀਵ ਵਸਿਸਟ, ਪੰਜਾਬ ਕਾਰਜਕਾਰਨੀ ਦੇ ਮੈਂਬਰ ਮੁਕੇਸ਼ ਗਾਂਧੀ, ਸੁਸ਼ੀਲ ਰਾਣਾ, ਰੋਹਿਤ ਸ਼ਰਮਾ, ਓਮ ਪ੍ਰਕਾਸ਼ ਸੈਣੀ, ਰਵਿੰਦਰ ਸ਼ਰਮਾ, ਸਾਬਕਾ ਜ਼ਿਲ੍ਹਾ ਪ੍ਰਧਾਨ ਖੁਸ਼ਵੰਤ ਰਾਏ ਗੀਗਾ, ਸਾਬਕਾ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗੋਲਡੀ, ਏਕਤਾ ਨਾਗਪਾਲ, ਰਵਿੰਦਰ ਵੈਸ਼ਨਵ ਤੋਂ ਇਲਾਵਾ ਹੋਰ ਪਤਵੰਤੇ ਹਾਜਰ ਸਨ।ਮੰਚ ਦਾ ਸੰਚਾਲਨ ਮੁਕੇਸ਼ ਗਾਂਧੀ ਦੁਆਰਾ ਕੀਤਾ ਗਿਆ। ਮੁੱਖ ਮੰਤਰੀ ਸੈਣੀ ਨੇ ਭਾਜਪਾ ਵਿੱਚ ਆਉਣ ਵਾਲੇ ਕੌਂਸਲਰ ਹਰਜੀਤ ਸਿੰਘ ਮਿੰਟਾ, ਕੌਂਸਲਰ ਨੇਹਾ ਸ਼ਰਮਾ, ਕੌਂਸਲਰ ਸੁਨੀਤਾ ਜੈਨ, ਕੌਂਸਲਰ ਰਜਨੀ ਸ਼ਰਮਾ ਅਤੇ ਕੌਂਸਲਰ ਊਸ਼ਾ ਸ਼ਰਮਾ ਦਾ ਭਾਜਪਾ ਵਿੱਚ ਸਵਾਗਤ ਕੀਤਾ ਅਤੇ ਕਿਹਾ ਕਿ ਇਹ ਉਹ ਕੌਂਸਲਰ ਹਨ ਜਿਨ੍ਹਾਂ ਨੇ 2027 ਦਾ ਭਵਿੱਖ ਹੁਣੇ ਦੇਖ ਲਿਆ ਹੈ ਅਤੇ ਉਨਾਂ ਨੂੰ ਪਤਾ ਹੈ ਕਿ ਡੁੱਬਦੀ ਬੇੜੀ ਵਿੱਚ ਰਹਿਣ ਦਾ ਕੋਈ ਫਾਇਦਾ ਨਹੀ ਹੈ।ਜੋ ਪਾਰਟੀ ਹੁਣ ਤੱਕ ਲੋਕਾਂ ਦਾ ਭਲਾ ਨਹੀ ਕਰ ਸਕੀ ਉਹ ਹੁਣ ਕੀ ਕਰੇਗੀ।ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚ ਭਾਜਪਾ ਜਿੱਤ ਪ੍ਰਾਪਤ ਕਰੇਗੀ ਅਤੇ ਪਹਿਲਾ ਕੰਮ ਕਿਸਾਨਾਂ ਨੂੰ ਹਰੇਕ ਫਸਲ 'ਤੇ ਐਮ ਐਸ ਪੀ ਦਿਵਾਉਣਾ ਹੋਵੇਗਾ। ਉਨਾਂ ਕਿਹਾ ਕਿ ਹਰਿਆਣੇ ਵਿੱਚ ਕਿਸਾਨਾਂ ਦੀ ਫਸਲ ਮੰਡੀਆਂ ਵਿੱਚ ਜਾਂਦੇ ਹੀ ਚੁੱਕ ਲਈ ਜਾਂਦੀ ਹੈ।ਕੌਂਸਲਰ ਹਰਜੀਤ ਸਿੰਘ ਮਿੰਟਾ ਨੇ ਕਿਹਾ ਕਿ ਉਨਾਂ ਨੇ ਭਾਜਪਾ ਦੀਆਂ ਨੀਤੀਆਂ ਨੂੰ ਦੇਖਦੇ ਹੋਏ ਭਾਜਪਾ ਜੁਆਇਨ ਕੀਤੀ ਹੈ। ਪ੍ਰੋਗਰਾਮ ਤੋਂ ਬਾਅਦ ਜ਼ੀਰਕਪੁਰ ਦੀਆਂ ਸੋਸਾਇਟੀਆਂ ਵਿਸ਼ਵਕਰਮਾ ਸੇਵਾ ਸੋਸਾਇਟੀ, ਕ੍ਰਿਸ਼ਨਾ ਇਨਕਲੇਵ ਸੋਸਾਇਟੀ, ਸਾਹਿਲ ਅਰੋੜਾ, ਲੋਕ ਸੇਵਾ ਸਮਿਤੀ, ਵੈਸ਼ਾਲੀ ਇਨਕਲੇਵ, ਸ਼ਾਲੀਮਾਰ ਇਨਕਲੇਵ, ਗੁਰੂ ਨਾਨਕ ਕਲੌਨੀ, ਪਾਰਵਤੀ ਇਨਕਲੇਵ, ਏਕਤਾ ਵਿਹਾਰ, ਬੀਜੇਪੀ ਮੰਡਲ ਜੀਰਕਪੁਰ, ਟ੍ਰਬਿਊਨ ਕਲੌਨੀ, ਗੋਬਿੰਦ ਵਿਹਾਰ, ਸੈਣੀ ਸਮਾਜ ਵੱਲੋਂ ਵਿਸੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

# ਡਾ. ਰਵਜੋਤ ਤੇ ਜਿੰਪਾ ਨੇ ਵਾਰਡ ਨੰਬਰ 21 'ਚ ਗਲੀਆਂ ਦਾ ਨਿਰਮਾਣ ਸ਼ੁਰੂ ਕਰਵਾਇਆ



**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣ)**—ਹੁਸ਼ਿਆਰਪੁਰ ਦੇ ਵਾਰਡ ਨੰਬਰ 21 ਵਿੱਚ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਅਤੇ ਸਥਾਨਕ ਵਿਧਾਇਕ ਬ੍ਰਮ ਸੰਕਰ ਜਿੰਪਾ ਨੇ ਗਲੀਆਂ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ। ਆਗੂਆਂ ਨੇ ਕਿਹਾ ਕਿ ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਅਧੂਰੇ ਪਏ ਕੰਮਾਂ ਨੂੰ ਤਰਜੀਹ ਦੇ ਨਾਲ ਪੂਰਾ ਕੀਤਾ ਜਾ ਰਿਹਾ ਹੈ। ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣਾ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਇਸੇ ਦਿਸ਼ਾ ਵਿੱਚ ਇਹ ਨਿਰਮਾਣ ਕਾਰਜ ਇੱਕ ਅਹਿਮ ਕਦਮ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਕਿ ਨਿਰਮਾਣ ਕਾਰਜ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨਾ ਹੋਵੇ ਅਤੇ ਗੁਣਵੱਤਾ ਦਾ ਖਾਸ ਧਿਆਨ ਰੱਖਿਆ ਜਾਵੇ। ਇਸ ਮੌਕੇ 'ਤੇ ਮੇਅਰ ਸੁਰਿੰਦਰ ਕੁਮਾਰ ਸ਼ਿੰਦਾ, ਸੀਨੀਅਰ ਡਿਪਟੀ ਮੇਅਰ ਪਰਵੀਨ ਸੈਣੀ, ਡਿਪਟੀ ਮੇਅਰ ਰੰਜੀਤਾ ਚੌਧਰੀ, ਕੌਂਸਲਰ ਸੁਲੇਖਾ ਦੇਵੀ, ਰਾਜਵੀਰ ਬੱਲ, ਕੁਲਵਿੰਦਰ ਸਿੰਘ ਹੁੰਦਲ, ਕੌਂਸਲਰ ਜਸਵੰਤ ਰਾਏ ਕਾਲਾ, ਕੌਂਸਲਰ ਮੁਕੇਸ ਕੁਮਾਰ ਮੱਲ, ਹਰਿੰਦਰ ਸਿੰਘ ਹੈਰੀ, ਗੁਰਮੀਤ ਸਿੰਘ ਅਤੇ ਪਵਨ ਛਾਉਣੀ ਕਲਾਂ ਤੋਂ ਇਲਾਵਾ ਇਲਾਕੇ ਦੇ ਨਿਵਾਸੀ ਵੀ ਹਾਜਰ ਸਨ।

# ਸ਼੍ਰੋਮਣੀ ਭਗਤ ਧੰਨਾ ਦਾ ਜਨਮ ਦਿਹਾੜਾ ਸ਼ਰਧਾਪੂਰਵਕ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)**

ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸ਼੍ਰੋਮਣੀ ਭਗਤ ਧੰਨਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਜਨਮ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਭਾਈ ਪ੍ਰੇਮ ਸਿੰਘ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਸ਼੍ਰੋਮਣੀ ਭਗਤ ਧੰਨਾ ਜੀ ਦੇ ਜੀਵਨ ਬ੍ਰਿਤਾਂਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਨ੍ਹਾਂ ਦੁਆਰਾ ਉਚਾਰਣ ਕੀਤੀ ਧੁਰ ਕੀ ਬਾਨੀ ਬਾਰੇ ਸੰਗਤਾਂ ਨੂੰ ਵਿਸਥਾਰ ਵਿੱਚ ਜਾਣੂੰ ਕਰਵਾਇਆ। ਸ਼੍ਰੋਮਣੀ ਪ੍ਰਚਾਰਕ ਭਾਈ ਸੰਦੀਪ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਸ਼੍ਰੋਮਣੀ ਭਗਤ ਧੰਨਾ ਜੀ ਦੁਆਰਾ ਰਚਿਤ ਬਾਣੀ ਅਤੇ ਉਨ੍ਹਾਂ ਦੁਆਰਾ ਪਰਮਾਤਮਾ ਤੋਂ ਆਪਣੀ ਭਗਤੀ ਨਾਲ ਸਾਰੇ ਕੰਮ ਕਰਵਾਉਣ ਬਾਰੇ ਸੰਗਤਾਂ ਨੂੰ ਵਿਸਥਾਰ ਵਿੱਚ ਦੱਸਿਆ। ਭਾਈ ਚਰਨਜੀਤ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀ ਸੰਗਤਾਂ ਨੂੰ ਇਲਾਹੀ ਬਾਨੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਇਸ ਤੋਂ ਇਲਾਵਾ ਭਾਈ ਗੁਰਨਾਮ ਸਿੰਘ, ਭਾਈ ਸਵਿੰਦਰ ਸਿੰਘ ਹਜ਼ੂਰੀ ਰਾਗੀ, ਗੁਰਦੁਆਰਾ ਭਾਈ ਲਾਲੋ ਪਾਣੀਪਤ ਵਾਲੇ, ਭਾਈ ਮਨਦੀਪ ਸਿੰਘ , ਭਾਈ ਕਰਨਵੀਰ ਸਿੰਘ, ਭਾਈ ਨਿਰਮਲ ਸਿੰਘ, ਭਾਈ ਮਹਿੰਦਰਪਾਲ ਸਿੰਘ, ਸ਼ੇਰ ਏ ਪੰਜਾਬ ਕਵੀਸ਼ਰੀ ਜੱਥਾ, ਮਿੱਤਰ ਪਿਆਰੇ ਨੂੰ ਕੀਰਤਨੀ ਜੱਥਾ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ ਦੇ ਜਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ, ਭਾਈ ਹਰਬਖਸ਼ ਸਿੰਘ, ਅਤੇ ਭਾਈ ਗੁਰਮੀਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ।




# ਕੰਟੀਨ ਠੇਕੇ 'ਤੇ ਦੇਣ ਲਈ ਬੋਲੀ 25 ਨੂੰ

**ਬਲਾਚੌਰ (ਜਸਵਿੰਦਰ ਬੈਂਸ)**— ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਮਹਿੰਦੀਪੁਰ ਵਿਖੇ ਸਕੂਲ ਆਫ ਐਮੀਨੈਂਸ ਵਿਜਨ ਕੰਟੀਨ ਖੋਲਣ ਸਬੰਧੀ ਇੱਕ ਅਹਿਮ ਮੀਟਿੰਗ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਜਸਵਿੰਦਰ ਪਾਲ, ਪ੍ਰਿੰਸੀਪਲ ਡਾਕਟਰ ਲਲਿਤਾ ਰਾਣੀ, ਕਮੇਟੀ ਮੈਂਬਰਾਂ ਅਤੇ ਸਕੂਲ ਸਟਾਫ ਦੀ ਹਾਜ਼ਰੀ ਵਿੱਚ ਕੀਤੀ ਗਈ। ਇਸ ਮੀਟਿੰਗ ਵਿੱਚ ਸਕੂਲ ਦੀ ਕਮੇਟੀ ਅਤੇ ਸਟਾਫ ਵੱਲੋਂ ਵਿਦਿਆਰਥੀਆਂ ਦੇ ਖਾਣ ਪੀਣ ਲਈ ਕੰਟੀਨ ਦੇ ਕੰਮ ਕਾਜ ਨੂੰ ਸੁਹਿਰਦਤਾ ਨਾਲ ਚਲਾਉਣ ਹਿੱਤ ਇੱਕ ਫੈਸਲਾ ਲਿਆ ਗਿਆ।ਚੇਅਰਮੈਨ ਜਸਵਿੰਦਰ ਪਾਲ ਨੇ ਦੱਸਿਆ ਕਿ ਕੰਟੀਨ ਨੂੰ ਠੇਕੇ 'ਤੇ ਦੇਣ ਸਬੰਧੀ 25 ਅਪ੍ਰੈਲ ਨੂੰ ਸਵੇਰੇ 9 ਵਜੇ ਖੁੱਲੀ ਬੋਲੀ ਸਕੂਲ ਦੇ ਦਫਤਰ ਵਿੱਚ ਕੀਤੀ ਜਾਵੇਗੀ। ਜਿਸ ਵਿੱਚ ਕੋਈ ਵੀ ਚਾਹਵਾਨ ਵਿਅਕਤੀ ਭਾਗ ਲੈ ਸਕਦਾ ਹੈ। ਉਨ੍ਹਾਂ ਦੱਸਿਆ ਕਿ ਬੋਲੀ ਦੇਣ ਲਈ ਘੱਟ ਤੋਂ ਘੱਟ ਰਾਸ਼ੀ 3000 ਰੁਪਏ ਪ੍ਰਤੀ ਮਹੀਨਾ ਨਿਰਧਾਰਤ ਕੀਤੀ ਗਈ ਹੈ।

# ਜੀ ਐੱਨ ਬੀ ਐੱਲ ਰਾਮਗੜ੍ਹੀਆ ਵੂਮੈਨ ਕਾਲਜ 'ਚ ਕਰਵਾਇਆ ਟੀ ਬੀ ਜਾਗਰੂਕਤਾ ਸੈਮੀਨਾਰ



**ਫਗਵਾੜਾ (ਡਾ. ਰਮਨ)**

ਜੀ.ਐਨ.ਬੀ.ਐਲ. ਰਾਮਗੜ੍ਹੀਆ ਮਹਿਲਾ ਕਾਲਜ, ਐਨ.ਐਸ.ਐਸ. ਯੂਨਿਟ ਫਗਵਾੜਾ, ਈ.ਬੀ.ਐਸ.ਬੀ. ਕਲੱਬ ਅਤੇ ਯੂਥ ਵਾਇਸ ਫਾਊਂਡੇਸ਼ਨ ਵਲੋਂ ਸਾਂਝੇ ਯਤਨਾਂ ਨਾਲ ਟੀਬੀ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸਦਾ ਉਦੇਸ਼ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਟੀਬੀ ਦੇ ਲੱਛਣਾਂ, ਰੋਕਥਾਮ ਅਤੇ ਇਲਾਜ ਬਾਰੇ ਜਾਗਰੂਕ ਕਰਨਾ ਸੀ। ਇਸ ਸੈਮੀਨਾਰ ਦੌਰਾਨ ਸਿਵਲ ਹਸਪਤਾਲ ਫਗਵਾੜਾ ਦੇ ਡਾ. ਦਰਸ਼ਨ ਬੱਧਨ ਟੀ.ਬੀ. ਰੋਗ ਦੇ ਮਾਹਿਰ, ਜਗਦੀਪ ਕੁਮਾਰ ਸੀਨੀਅਰ ਐੱਲ.ਟੀ. ਅਤੇ ਡਾ. ਰੋਹਨ ਮੁੱਖ ਬੁਲਾਰਿਆਂ ਵਜੋਂ ਸ਼ਾਮਲ ਹੋਏ। ਉਹਨਾਂ ਨੇ ਟੀਬੀ ਦੀ ਰੋਕਥਾਮ, ਲੱਛਣਾਂ ਅਤੇ ਇਲਾਜ ਸੰਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਬਿਮਾਰੀ ਦਾ ਇਲਾਜ ਸਰਕਾਰੀ ਸਿਹਤ ਕੇਂਦਰਾਂ ਵਿੱਚ ਫਰੀ ਕੀਤਾ ਜਾਂਦਾ ਹੈ। ਭਾਰਤ ਸਰਕਾਰ ਪੋਲੀਓ ਵਾਂਗ ਹੀ ਟੀਬੀ ਦੇ ਖਾਤਮੇ ਲਈ ਵੀ ਇੱਕ ਮੁਹਿੰਮ ਚਲਾ ਰਹੀ ਹੈ। ਭਾਰਤ ਵਿੱਚ ਇਸ ਬਿਮਾਰੀ ਨੂੰ ਜੜ੍ਹੋਂ ਮੁਕਾਉਣ ਲਈ ਹਰੇਕ ਨਾਗਰਿਕ ਦਾ ਜਾਗਰੂਕ ਹੋਣਾ ਜ਼ਰੂਰੀ ਹੈ। ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੀ ਚੇਅਰਪਰਸਨ ਮਨਪ੍ਰੀਤ ਕੌਰ ਭੋਗਲ ਨੇ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਨੰਦ ਸੋਨੀ, ਰਾਮਗੜ੍ਹੀਆ ਜੀ.ਐਨ.ਬੀ.ਐਲ. ਮਹਿਲਾ ਕਾਲਜ ਦੀਆਂ ਵਿਦਿਆਰਥਣਾਂ, ਸਟਾਫ਼ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਸਭਾ ਨੇ ਸੈਮੀਨਾਰ 'ਚ ਲੋਕ ਮਸਲੇ ਵਿਚਾਰੇ



**ਖਰੜ (ਹਰਨਾਮ ਸਿੰਘ ਡੱਲਾ)**

ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਉ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਇੱਕ ਸਮਾਗਮ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਉੱਘੇ ਚਿੰਤਕ ਡਾਕਟਰ ਐੱਸ ਐੱਲ ਵਿਰਦੀ ਨੇ ਕੀਤੀ। "ਦਲਿਤ,ਘੱਟ ਗਿਣਤੀਆਂ ਅਤੇ ਭਾਰਤੀ ਸੰਵਿਧਾਨ ਨੂੰ ਚੁਣੌਤੀਆਂ" ਵਿਸ਼ੇ ਉੱਤੇ ਚਰਚਾ ਕੀਤੀ ਗਈ। ਮੰਚ ਉੱਤੇ ਸ੍ਰੀ ਗੁਰੂ ਰਵਿਦਾਸ ਸਭਾ ਖਰੜ ਦੇ ਪ੍ਰਧਾਨ ਮਦਨ ਲਾਲ ਜਨਾਗਲ,ਪ੍ਰੋ ਚਮਨ ਲਾਲ (ਪੰਜਾਬੀ ਯੂਨੀਵਰਸਿਟੀ) ਡਾ: ਰੌਣਕੀ ਰਾਮ (ਪੰਜਾਬ ਯੂਨੀਵਰਸਿਟੀ) ਡਾਕਟਰ ਸੰਤ ਸੁਰਿੰਦਰ ਪਾਲ ਸਿੰਘ ਸੁਸ਼ੋਭਿਤ ਸਨ। ਇਸ ਸਮਾਗਮ ਦੀ ਗੈਸਟ ਆਫ ਆਨਰ ਬੀਬੀ ਜਸਪ੍ਰੀਤ ਕੌਰ ਲੌਂਗੀਆ ਪ੍ਰਧਾਨ ਨਗਰ ਕੌਂਸਲ ਖਰੜ ਸਨ। ਸਭਾ ਦੇ ਪ੍ਰਧਾਨ ਮਦਨ ਲਾਲ ਜਨਾਗਲ ਨੇ ਇੱਕ ਮੰਗ ਪੱਤਰ ਰਾਹੀਂ ਜਸਪ੍ਰੀਤ ਕੌਰ ਲੌਂਗੀਆ ਤੋਂ ਸ੍ਰੀ ਗੁਰੂ ਰਵਿਦਾਸ ਭਵਨ ਦੀ ਚਾਰ ਦੀਵਾਰੀ ਦੀ ਉਸਾਰੀ ਕਰਨ ਦੀ ਅਪੀਲ ਕੀਤੀ। ਉਪਰੰਤ ਸੈਮੀਨਾਰ ਦੇ ਵਿਸ਼ੇ 'ਤੇ ਗੱਲ ਕਰਦਿਆਂ ਡਾ: ਚਮਨ ਲਾਲ ਨੇ ਕਿਹਾ ਕਿ ਦਲਿਤਾਂ ਘੱਟ ਗਿਣਤੀਆਂ ਅਤੇ ਸੰਵਿਧਾਨ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਲਈ ਸਾਨੂੰ ਇਹੋ ਜਿਹੇ ਸੈਮੀਨਾਰ ਕਰਕੇ ਅਤੇ ਲੋਕ ਲਾਮਬੰਦੀ ਕਰਕੇ ਹੀ ਹਰਾਇਆ ਜਾ ਸਕਦਾ ਹੈ। ਸਾਨੂੰ ਆਪ ਵੀ ਜਾਤ ਪਾਤ ਤੇ ਧਾਰਮਿਕ ਵਿਤਕਰੇ ਤੋਂ ਉਪਰ ਉੱਠ ਕੇ ਵਿਚਰਨਾ ਚਾਹੀਦਾ ਹੈ। ਡਾ: ਰੌਣਕੀ ਰਾਮ ਨੇ ਕਿਹਾ ਕਿ ਬਾਬਾ ਸਾਹਿਬ ਦੀ ਵਿਚਾਰਧਾਰਾ ਨੇ ਦਲਿਤਾਂ ਵਿੱਚ ਵੱਡੀ ਚੇਤਨਾ ਪੈਦਾ ਕੀਤੀ ਹੈ । ਜਾਮਾ ਮਸਜਿਦ ਖਰੜ ਇਮਾਮ ਮੁਫਤੀ ਕਲੀਮ ਅਹਿਮਦ ਨੇ ਅਪਣੇ ਪ੍ਰਭਾਵਸ਼ਾਲੀ ਭਾਸ਼ਣ ਵਿੱਚ ਕਿਹਾ ਕਿ ਅਜਾਦੀ ਦੀ ਲੜਾਈ ਵਿੱਚ ਪੰਜਾਬ ਦਾ ਸਭ ਤੋਂ ਵੱਧ ਯੋਗਦਾਨ ਰਿਹਾ ਹੈ । ਇਸ ਸਾਂਝੀ ਲੜਾਈ ਲਈ ਮੁਲਮਾਨਾਂ ਨੇ ਵੀ ਕੁਰਬਾਨੀਆਂ ਦਿੱਤੀਆਂ ਹਨ, ਪਰ ਕੇਂਦਰ ਸਰਕਾਰ ਵਕਫ ਜਿਹੇ ਕਾਨੂੰਨ ਪਾਸ ਕਰਕੇ ਉਨ੍ਹਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਸਮਝ ਰਹੀ ਹੈ। ਜਿਸ ਦੀ ਸੰਵਿਧਾਨ ਇਜਾਜਤ ਨਹੀਂ ਦਿੰਦਾ। ਇਸ ਸਮੇਂ ਜਾਮਾ ਮਸਜਿਦ ਰੋਪੜ ਦੇ ਇਮਾਮ ਅਜਹਰ ਹਸਨ,ਇਮਾਮ ਹਾਮਿਦ ਮੁਹੰਮਦ,ਇਮਾਮ ਅਬਦੁੱਲ ਮਿਨਾਨ ਅਤੇ ਮੁਸਲਿਮ ਭਾਈਚਾਰੇ ਦੇ ਲੋਕ ਮੌਜੂਦ ਸਨ। ਬੀਬੀ ਜਸਪ੍ਰੀਤ ਕੌਰ ਲੌਂਗੀਆ ਨੇ ਵੀ ਬਾਬਾ ਸਾਹਿਬ ਵਲੋਂ ਬਣਾਏ ਸੰਵਿਧਾਨ ਦੀ ਰੂਹ ਨੂੰ ਬਚਾਏ ਰੱਖਣ ਲਈ ਲੋਕ ਚੇਤਨਾ ਪੈਦਾ ਕਰਨ ਲਈ ਅਪਣੇ ਵਿਚਾਰ ਰੱਖੇ। ਇਸ ਮੌਕੇ ਉੱਤੇ ਪੀ ਐੱਚ ਡੀ ਦੀ ਡਿਗਰੀ ਹਾਸਲ ਕਰਨ ਵਾਲੇ ਡਾ: ਦਵਿੰਦਰ ਸਿੰਘ,ਡਾ:ਮੋਨਿਕਾ ਅਤੇ ਹੁਸ਼ਿਆਰ ਬੱਚਿਆਂ ਨੂੰ ਵੀ ਸਨਮਾਨਤ ਕੀਤਾ ਗਿਆ।

# ਲੀਨਾ ਧੀਰ ਨੇ ਕੀਤਾ ਮਿਸ ਐੱਸ ਡੀ ਦੇ ਖ਼ਿਤਾਬ 'ਤੇ ਕਬਜ਼ਾ

**ਸੁਲਤਾਨਪੁਰ ਲੋਧੀ, (ਹਨੀ)**- ਸਥਾਨਕ ਐੱਸ ਡੀ ਕਾਲਜ ਫਾਰ ਵੂਮੈਨ ਵਿਖੇ ਸੀਨੀਅਰ ਵਿਦਿਆਰਥਣਾਂ ਲਈ ਫੇਅਰਵੈੱਲ ਪਾਰਟੀ ਦਾ ਆਯੋਜਨ ਕੀਤਾ ਗਿਆ । ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਜਿਨ੍ਹਾਂ ਦਾ ਸਟਾਫ਼ ਮੈਂਬਰਾਂ ਅਤੇ ਵਿਦਿਆਰਥਣਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਵਿਦਿਆਰਥਣਾਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਦਕਿ ਮਾਡਲਿੰਗ ਸ਼ੋਅ ਸਮਾਗਮ ਦਾ ਮੁੱਖ ਆਕਰਸ਼ਣ ਰਿਹਾ। ਸੀਨੀਅਰ ਵਿਦਿਆਰਥਣਾਂ ਨੇ ਮਾਡਲਿੰਗ ਸ਼ੋਅ 'ਚ ਵੱਡੀ ਗਿਣਤੀ ਵਿਚ ਹਿੱਸਾ ਲਿਆ । ਵੱਖ ਵੱਖ ਰਾਊਂਡ 'ਚੋਂ ਗੁਜ਼ਰਦਿਆਂ ਕਾਮਰਸ ਵਿਭਾਗ ਦੀ ਲੀਨਾ ਧੀਰ ਮਿਸ ਐੱਸ ਡੀ ਦੇ ਖ਼ਿਤਾਬ ਤੇ ਕਬਜ਼ਾ ਕਰਨ ਵਿਚ ਸਫਲ ਰਹੀ । ਆਰਟਸ ਵਿਭਾਗ ਦੀ ਨਵਜੋਤ ਕੌਰ ਫਸਟ ਅਤੇ ਪਰਨੀਤ ਕੌਰ ਸੈਕੰਡ ਰਨਰ ਅੱਪ ਰਹੀ । ਕਾਮਰਸ ਵਿਭਾਗ ਦੀ ਨਵਜੋਤ ਕੌਰ ਮਿਸ ਬਿਊਟੀਫੁੱਲ ਸਮਾਈਲ, ਮਨਪ੍ਰੀਤ ਕੌਰ ਮਿਸ ਕਾਨਫੀਡੈਂਟ, ਸੁਖਪ੍ਰੀਤ ਕੌਰ ਮਿਸ ਸਿੰਪਲੀਸਿਟੀ ਅਤੇ ਸੰਜਨਾ ਮਿਸ ਨੈਚੁਰਲ ਹੇਅਰ ( ਸਾਰੀਆਂ ਆਰਟਸ ਵਿਭਾਗ ) ਦਾ ਖ਼ਿਤਾਬ ਹਾਸਲ ਕਰਨ ਵਿਚ ਸਫਲ ਰਹੀ । ਸਮਾਗਮ ਦੇ ਅੰਤ ਵਿੱਚ ਪ੍ਰਿੰਸੀਪਲ ਡਾ. ਸ਼ੁਕਲਾ ਨੇ ਜੇਤੂਆਂ ਨੂੰ ਸਨਮਾਨਤ ਕੀਤਾ ਅਤੇ ਸਮੂਹ ਵਿਦਿਆਰਥਣਾਂ ਦੇ ਸੁਨਿਹਰੇ ਭਵਿੱਖ ਦੀ ਕਾਮਨਾ ਕੀਤੀ । ਮਾਡਲਿੰਗ ਸ਼ੋਅ ਦੌਰਾਨ ਜੱਜਾਂ ਦੀ ਭੂਮਿਕਾ ਮੈਡਮ ਹਰਲੀਨ ਕੌਰ, ਅਮਨਪ੍ਰੀਤ ਕੌਰ, ਰਾਜਵਿੰਦਰ ਕੌਰ ਅਤੇ ਮੈਡਮ ਖੁਸ਼ਬੂ ਕੁਮਾਰੀ ਨੇ ਨਿਭਾਈ । ਮੰਚ ਸੰਚਾਲਨ ਬੀ.ਕਾਮ ਭਾਗ ਦੂਜਾ ਦੀ ਸੰਜੀਵਨ ਕੌਰ ਅਤੇ ਬੀ.ਏ ਭਾਗ ਦੂਜਾ ਦੀ ਸੁਨੇਹਾ ਵੱਲੋਂ ਕੀਤਾ ਗਿਆ 9 ਇਸ ਮੌਕੇ ਮੈਡਮ ਰਜਨੀ ਬਾਲਾ, ਰਜਿੰਦਰ ਕੌਰ, ਰਾਜਬੀਰ ਕੌਰ, ਕਸ਼ਮੀਰ ਕੌਰ, ਸੁਨੀਤਾ ਕਲੇਰ, ਗੀਟਾ ਮਸੀਹ, ਰਜੀਵ ਕੁਮਾਰ, ਸ਼ਕਤੀ ਕੁਮਾਰ ਆਦਿ ਸਟਾਫ਼ ਮੈਂਬਰ ਹਾਜਰ ਸਨ।



# ਕਿਸ਼ਨਗੜ੍ਹ ਦੀ ਮੇਨ ਮਾਰਕੀਟ 'ਚ ਚੋਰੀਆਂ ਦਾ ਨਹੀਂ ਰੁਕ ਰਿਹਾ ਸਿਲਸਿਲਾ




**ਅਲਾਵਲਪੁਰ, ਕਿਸ਼ਨਗੜ੍ਹ, (ਮਦਨ ਬੰਗੜ/ਸੁਖਜੀਤ)** ਬੀਤੇ ਤਿੰਨ ਚਾਰ ਦਿਨ ਪਹਿਲਾਂ ਕਿਸ਼ਨਗੜ੍ਹ ਦੀ ਮੇਨ ਮਾਰਕੀਟ 'ਚ ਇੱਕ ਕਰਿਆਨਾ ਸਟੋਰ 'ਚ ਹੋਈ ਚੋਰੀ ਦੀ ਲੱਗੀ ਖ਼ਬਰ ਦੀ ਸਿਆਹੀ ਅਜੇ ਫਿੱਕੀ ਨਹੀਂ ਪਈ ਕਿ ਬੀਤੀ ਰਾਤ ਚੋਰਾਂ ਵੱਲੋਂ ਕਿਸ਼ਨਗੜ੍ਹ ਚੌਕ ਵਿੱਚ ਸੁਆਮੀ ਮੈਡੀਕਲ ਸਟੋਰ ਦਾ ਸ਼ਟਰ ਤੋੜ ਕੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇ ਦਿੱਤਾ ਹੈ! ਭਾਵੇਂ ਦੁਕਾਨ ਵਿੱਚੋਂ ਦਵਾਈਆਂ ਤੇ ਨਹੀਂ ਚੋਰੀ ਕੀਤੀਆਂ ਗਈਆਂ ਪਰ ਜਾਂਦੇ ਹੋਏ ਗੱਲੇ ਵਿੱਚ ਰੱਖੀਆਂ ਕਰੀਬ 500 ਰੁਪਏ ਖੁੱਲੇ ਪੈਸੇ ਚੋਰੀ ਕਰਕੇ ਲੈ ਗਏ! ਜ਼ਿਕਰਯੋਗ ਹੈ ਕਿ ਬੀਤੇ ਤਿੰਨ ਚਾਰ ਦਿਨਾਂ ਤੋਂ ਇੱਕ ਚੋਰ ਗਰੋਹ ਜਲੰਧਰ ਪਠਾਨਕੋਟ ਰਾਸ਼ਟਰੀ ਰਾਜ ਮਾਰਗ 'ਤੇ ਸਥਿਤ ਗੁਰੂ ਨਾਨਕ ਮੈਡੀਕਲ ਸਟੋਰ ਕਾਲਾ ਬੱਕਰਾ, ਰਾਏਪੁਰ ਰਸੂਲਪੁਰ ਦੇ ਇੱਕ ਮੈਡੀਕਲ ਸਟੋਰ ਅਤੇ ਬੀਤੀ ਰਾਤ ਕਿਸਨਗੜ੍ਹ ਦੇ ਪ੍ਰਮੁੱਖ ਚੌਂਕ 'ਚ ਸਵਾਮੀ ਮੈਡੀਕਲ ਸਟੋਰ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ! ਸੀਸੀਟੀਵੀ ਕੈਮਰਿਆਂ ਦੀ ਰਿਕਾਰਡਿੰਗ 'ਤੇ ਅਧਾਰਤ ਮੈਡੀਕਲ ਸਟੋਰ ਦੇ ਮਾਲਕ ਗੁਰਬਖ਼ਸ਼ ਸਿੰਘ ਸੁਆਮੀ ਮੌਜੂਦਾ ਸਰਪੰਚ ਕਿਸਨਗੜ੍ਹ ਨੇ ਦੱਸਿਆ ਕਿ ਤੜਕੇ ਕਰੀਬ ਸਾਢੇ ਚਾਰ ਕੁ ਵਜੇ ਦੋ ਨੌਜਵਾਨ ਮੋਟਰਸਾਈਕਲ ਤੇ ਆਏ ਜਿਨ੍ਹਾਂ ਨੇ ਕਿਸੇ ਤਰੀਕੇ ਨਾਲ ਦੁਕਾਨ ਦਾ ਸ਼ਟਰ ਇਕ ਸਾਈਡ ਤੋਂ ਥੋੜਾ ਜਿਹਾ ਉੱਪਰ ਚੱਕ ਲਿਆ । ਉਪਰੰਤ ਇੱਕ ਨੌਜਵਾਨ ਲੰਮਾ ਪੈ ਕੇ ਦੁਕਾਨ ਦੇ ਅੰਦਰ ਦਾਖਲ ਹੁੰਦਾ ਦਿਖਾਈ ਦਿੰਦਾ ਹੈ! ਸੀਸੀ ਟੀਵੀ ਕੈਮਰੇ ਦੀ ਫੁਟੇਜ ਵਿੱਚ ਦੂਸਰਾ ਚੋਰ ਦੁਕਾਨ ਦੇ ਬਾਹਰ ਮੋਟਰਸਾਈਕਲ ਸੜਕ 'ਤੇ ਖੜਾ ਕਰਕੇ ਉਸ ਦੇ ਕੋਲ ਬੈਠਾ ਦਿਖਾਈ ਦਿੰਦਾ ਹੈ। ਉਕਤ ਚੋਰੀ ਸਬੰਧੀ ਅਲਾਵਲਪੁਰ ਪੁਲਸ ਚੌਕੀ ਨੂੰ ਸੂਚਨਾ ਦੇ ਦਿੱਤੀ ਗਈ ਹੈ! ਕੁਝ ਦਿਨ ਪਹਿਲਾਂ ਚੋਰ ਮਠਿਆਈ ਦੀ ਇੱਕ ਦੁਕਾਨ ਦੇ ਸਾਹਮਣੇ ਦੁੱਧ ਦੀ ਸਪਲਾਈ ਵਾਲੀ ਗੱਡੀ ਵੱਲੋਂ ਉਤਾਰਿਆ ਗਿਆ ਦਹੀ, ਦੁੱਧ ਤੇ ਪਨੀਰ ਵੀ ਚੋਰੀ ਕਰਕੇ ਲੈ ਗਏ ਸਨ! ਸਥਾਨਕ ਦੁਕਾਨਦਾਰ ਮਾਰਕੀਟ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਵੱਲੋਂ ਪੁਲਸ ਦੇ ਉੱਚ ਅਫਸਰਾਂ ਪਾਸੋਂ ਪੁਰਜ਼ੋਰ ਮੰਗ ਕੀਤੀ ਗਈ ਹੈ ਕਿ ਰਾਤ ਨੂੰ ਪੁਲਸ ਗਸ਼ਤ ਵਧਾਈ ਜਾਵੇ।

# ਡਾ.ਅੰਬੇਡਕਰ ਜਯੰਤੀ ਨੂੰ ਸਮਰਪਤ ਖ਼ੂਨਦਾਨ ਕੈਂਪ 'ਚ 70 ਯੂਨਿਟ ਇਕੱਤਰ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**
ਜ਼ਿਲ੍ਹਾ ਰੈੱਡਕਰਾਸ ਸੁਸਾਇਟੀ ਦੀ ਅਗਵਾਈ ਅਤੇ ਭਾਈ ਘਨੱਈਆ ਜੀ ਚੈਰੀਟੇਬਲ ਬਲੱਡ ਬੈਂਕ, ਹੁਸ਼ਿਆਰਪੁਰ ਦੇ ਤਕਨੀਕੀ ਸਹਿਯੋਗ ਨਾਲ ਡਾ. ਭੀਮ ਰਾਓ ਅੰਬੇਡਕਰ ਦੀ ਜਯੰਤੀ ਨੂੰ ਸਮਰਪਿਤ ਦੂਜਾ ਸਵੈ ਇੱਛਕ ਖੂਨਦਾਨ ਕੈਂਪ ਪ੍ਰੀਮੀਅਮ ਕਲੱਬ, ਬੀਨੇਵਾਲ ਵਲੋਂ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਹਾਲ ਵਿਚ ਲਗਾਇਆ ਗਿਆ। ਖੂਨਦਾਨ ਕੈਂਪ ਵਿੱਚ 70 ਖੂਨਦਾਨੀਆਂ ਵਲੋਂ ਖੂਨ ਦਾਨ ਕੀਤਾ ਗਿਆ। ਕੈਂਪ ਦਾ ਉਦਘਾਟਨ ਕਾਰਗਿਲ ਸ਼ਹੀਦ ਬਲਦੇਵ ਰਾਜ ਦੇ ਪਿਤਾ ਰਾਮ ਦਾਸ ਵਲੋਂ ਕੀਤਾ ਗਿਆ। ਕੈਂਪ ਦੌਰਾਨ ਕਾਰਗਿਲ ਜੰਗ ਦੇ ਸ਼ਹੀਦ ਬਲਦੇਵ ਰਾਜ ਸਹਿਗਲ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕੀਤੀ ਗਈ। ਰਾਜਿੰਦਰ ਬੱਗਾ( ਨੈਣਵਾਂ) ਵਲੋਂ ਖੂਨਦਾਨੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗ੍ਰੀਨ ਵਿਲੇਜ਼ ਵੈਲਫੇਅਰ ਸੁਸਾਇਟੀ, ਬੀਨੇਵਾਲ ਵਲੋਂ ਕੈਂਪ ਵਿਚ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਸੋਨਾ ਦੇਵੀ ਪਤਨੀ ਹਰੀਕਿਸ਼ਨ ਵਲੋਂ ਵਿਸ਼ੇਸ਼ ਤੌਰ 'ਤੇ ਖੂਨਦਾਨ ਕਰਕੇ ਔਰਤਾਂ ਨੂੰ ਵੀ ਖੂਨਦਾਨ ਕਰਨ ਦੀ ਅਪੀਲ ਕੀਤੀ। ਇਸ ਮੌਕੇ ਡਾ. ਦਿਲਬਾਗ ਸਿੰਘ , ਮੋਟੀਵੇਟਰ ਸਰਬਜੀਤ ਸਿੰਘ , ਮੋਟੀਵੇਟਰ ਸੰਦੀਪ ਬੰਗਾ, ਮੋਟੀਵੇਟਰ ਅਸ਼ਵਨੀ ਰਾਣਾ, ਮੋਟੀਵੇਟਰ ਅਜੇ ਰਾਣਾ, ਮੋਟੀਵੇਟਰ ਭੁਪਿੰਦਰ ਰਾਣਾ , ਮੋਟੀਵੇਟਰ ਰਾਕੇਸ਼ ਚੌਹੜਾ , ਸਮਾਜ ਸੇਵੀ ਰਾਮ ਲੁਭਾਇਆ, ਪ੍ਰਿੰਸੀਪਲ ਰਾਜ ਕੁਮਾਰ, ਹਰੀ ਓਮ, ਕਾਮਰੇਡ ਮੋਹਨ ਲਾਲ,ਜੱਸੀ ਕੋਕੋਵਾਲ,ਪ੍ਰਿੰਸ ਕੋਕੋਵਾਲ, ਜਸਵਿੰਦਰ ਸਿੰਘ ਫੌਜੀ, ਬਿੱਟੂ ਫੌਜੀ, ਸੰਜੀਵ ਸਿੰਘ, ਨਿਰਮਲ ਨਿੰਮਾ, ਜਤਿੰਦਰ ਭਵਾਨੀਪੁਰ ਆਦਿ ਤੋਂ ਇਲਾਵਾ ਪ੍ਰੀਮੀਅਮ ਕਲੱਬ ਦੇ ਮੈਂਬਰ ਅਤੇ ਨਗਰ ਨਿਵਾਸੀ ਹਾਜ਼ਰ ਸਨ।

# ਨੂਰਪੁਰ ਜੱਟਾਂ 'ਚ ਬੇਅਦਬੀ ਕਰਨ ਵਾਲਾ ਕਥਿਤ ਦੋਸ਼ੀ ਕਾਬੂ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**
ਪਿੰਡ ਨੂਰਪੁਰ ਜੱਟਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਕਥਿਤ ਦੋਸ਼ੀ ਨੂੰ ਪੰਜਾਬ ਪੁਲਸ ਨੇ 24 ਘੰਟਿਆਂ ਵਿੱਚ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਥਾਣਾ ਮਾਹਿਲਪੁਰ ਵਿੱਚ ਕਰਵਾਈ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਐਸ ਪੀ (ਡੀ) ਮੁਕੇਸ਼ ਕੁਮਾਰ ਪੀ ਪੀ ਐਸ ਨੇ ਦੱਸਿਆ ਕਿ 18 ਅਪ੍ਰੈਲ ਨੂੰ ਸਾਹਮਣੇ ਆਏ ਇਸ ਬੇਅਦਬੀ ਦੇ ਮਾਮਲੇ ਵਿੱਚ ਪੁਲਸ ਨੇ ਧਾਰਾ 299 ਅਧੀਨ ਐਫ ਆਈ ਆਰ ਨੰਬਰ 46 ਦਰਜ ਕੀਤੀ ਸੀ । ਇਸ ਸਬੰਧੀ ਮਾਮਲੇ ਦੀ ਧਾਰਮਿਕ ਤੌਰ 'ਤੇ ਨਾਜ਼ੁਕਤਾ ਨੂੰ ਵੇਖਦਿਆਂ ਐਸ ਐਸ ਪੀ ਸੰਦੀਪ ਕੁਮਾਰ ਮਲਿਕ ਵੱਲੋਂ ਡੀ ਐਸ ਪੀ ਗੜ੍ਹਸ਼ੰਕਰ ਜਸਪ੍ਰੀਤ ਸਿੰਘ ਐਸ ਐਚ ਓ ਮਾਹਿਲਪੁਰ ਪਰਵਿੰਦਰਜੀਤ ਸਿੰਘ ਅਤੇ ਹੋਰ ਅਧਿਕਾਰੀਆਂ ਦੀ ਉੱਚ ਪੱਧਰੀ ਟੀਮ ਬਣਾ ਕੇ ਵਿਗਿਆਨਿਕ ਤਰੀਕੇ ਨਾਲ ਜਾਂਚ ਪੜਤਾਲ ਆਰੰਭ ਕਰ ਦਿੱਤੀ ਗਈ । ਜਿਸ ਦੌਰਾਨ ਪੁਲਸ ਨੂੰ ਮਿਲੇ ਇਨਪੁੱਟ ਮੁਤਾਬਕ ਕੁਝ ਵਿਅਕਤੀ ਰਾਊਂਡ ਅਪ ਕੀਤੇ ਗਏ ਸਨ। ਜਿਹਨਾਂ ਵਿੱਚੋਂ ਪਿੰਡਾਂ ਵਿੱਚ ਗ੍ਰੰਥੀ ਸਿੰਘ ਵਜੋਂ ਕੰਮ ਕਰਨ ਵਾਲਾ ਮੋਰਾਂਵਾਲੀ ਦਾ ਗੁਰਵਿੰਦਰ ਸਿੰਘ ਗਿੰਦਾ ਪੁੱਤਰ ਸੰਤੋਖ ਸਿੰਘ ਨੂੰ ਤਹਿਕੀਕਾਤ ਦੌਰਾਨ ਇਸ ਮਾਮਲੇ ਲਈ ਜਿੰਮੇਵਾਰ ਪਾਇਆ ਗਿਆ ਅਤੇ ਉਸ ਵਿਰੁੱਧ ਦਰਜ ਕੀਤੇ ਗਏ ਕੇਸ ਮੁਤਾਬਿਕ ਗ੍ਰਿਫਤਾਰੀ ਪਾ ਕੇ ਉਸ ਨੂੰ ਮੈਜਿਸਟਰੇਟ ਸਾਹਮਣੇ ਪੇਸ਼ ਕਰਕੇ ਇੱਕ ਦਿਨ ਦਾ ਪੁਲਿਸ ਰਿਮਾਂਡ ਮੰਗਿਆ ਗਿਆ ਹੈ ਤਾਂ ਜੋ ਸਾਰੇ ਮਾਮਲੇ ਦੀ ਪੂਰੀ ਜਾਣਕਾਰੀ ਹਾਸਿਲ ਕੀਤੀ ਜਾ ਸਕੇ । ਮਿਲੀ ਜਾਣਕਾਰੀ ਅਨੁਸਾਰ ਕਥਿਤ ਦੋਸ਼ੀ ਗੁਰਵਿੰਦਰ ਸਿੰਘ ਗਿੰਦਾ ਬੇਅਦਬੀ ਵਾਲੇ ਗੁਰਦੁਆਰਾ ਸਾਹਿਬ ਵਿੱਚ ਹੀ ਰੱਖੇ ਮਰਗ ਦੇ ਪਾਠ ਦੌਰਾਨ ਪਾਠੀ ਦੀ ਡਿਊਟੀ ਨਿਭਾਅ ਰਿਹਾ ਸੀ। ਉਸ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਸਰੂਪ ਬਿਰਧ ਹੋਣ ਕਾਰਨ ਅੰਗ ਉਸ ਕੋਲੋਂ ਪਾਟ ਗਏ ਤੇ ਉਹ ਡਰ ਗਿਆ ਜਿਸ 'ਤੇ ਉਸੇ ਤਰ੍ਹਾਂ ਢੱਕ ਕੇ ਵਾਪਸ ਚਲਾ ਗਿਆ।

# ਕਮਿਸ਼ਨਰੇਟ ਪੁਲਸ ਵੱਲੋਂ ਸਨੈਚਿੰਗ ਕੇਸ 'ਚ ਦੋ ਕਾਬੂ

● ਸੋਨੇ ਦੀ ਚੇਨ, ਚਿੱਟੇ ਰੰਗ ਦੀ ਪੰਟੋ ਕਾਰ ਤੇ ਤੇਜ਼ਧਾਰ ਹਥਿਆਰ ਬਰਾਮਦ



**ਜਲੰਧਰ (ਸ਼ੈਲੀ ਐਲਬਰਟ)**- ਕਮਿਸ਼ਨਰੇਟ ਪੁਲਸ ਜਲੰਧਰ ਨੇ ਹਾਲ ਹੀ ਵਿੱਚ ਖੋਹ ਦੇ ਇੱਕ ਮਾਮਲੇ ਵਿੱਚ ਸ਼ਾਮਲ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਸੋਨੇ ਦੀ ਚੇਨ, ਤੇਜ਼ਧਾਰ ਹਥਿਆਰ ਅਤੇ ਅਪਰਾਧ ਵਿੱਚ ਵਰਤੀ ਗਈ ਚਿੱਟੇ ਰੰਗ ਦੀ ਪੰਟੋ ਕਾਰ ਬਰਾਮਦ ਕੀਤੀ ਹੈ।ਵੇਰਵਾ ਸਾਂਝਾ ਕਰਦਿਆਂ ਪੁਲਸ ਕਮਿਸ਼ਨਰ ਸ੍ਰੀਮਤੀ ਧਨਪ੍ਰੀਤ ਕੌਰ ਨੇ ਦੱਸਿਆ ਕਿ ਐਫ.ਆਈ.ਆਰ ਥਾਣਾ ਸਦਰ ਜਲੰਧਰ ਵਿਖੇ ਦਿੱਵਿਆ ਕੋਹਲੀ ਪਤਨੀ ਪ੍ਰਸ਼ਾਂਤ ਕੋਹਲੀ ਵਾਸੀ ਮਕਾਨ ਨੰਬਰ 564 ਜੀ ਟੀ ਬੀ ਨਗਰ ਜਲੰਧਰ ਦੇ ਬਿਆਨਾਂ ਦੇ ਅਧਾਰ 'ਤੇ ਦਰਜ ਕੀਤੀ ਗਈ ਸੀ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਉਹ ਹੈਮਿਲਟਨ ਮੇਫੇਅਰ ਫਲੈਟ ਤੋਂ ਆਪਣੇ ਬੇਟੇ ਪਰਥ ਕੋਹਲੀ ਨਾਲ ਜਾਇਦਾਦ ਦੇਖ ਕੇ ਵਾਪਸ ਆ ਰਹੀ ਸੀ। ਜਦੋਂ ਉਨ੍ਹਾਂ ਦੀ ਗੱਡੀ ਨੂੰ ਫਲੈਟ ਨੇੜੇ ਇਕ ਚਿੱਟੇ ਰੰਗ ਦੀ ਪੰਟੋ ਕਾਰ ਨੇ ਰੋਕ ਲਿਆ, ਜਿਸ ਵਿਚ ਤਿੰਨ ਵਿਅਕਤੀ ਸਵਾਰ ਸਨ। ਮੁਲਜ਼ਮਾਂ ਨੇ ਉਨ੍ਹਾਂ ਨੂੰ ਡਰਾ ਧਮਕਾ ਕੇ ਉਸ ਦੇ ਲੜਕੇ ਤੋਂ ਜ਼ਬਰਦਸਤੀ ਸੋਨੇ ਦੀ ਚੇਨ ਖੋਹ ਲਈ।ਉਨ੍ਹਾਂ ਦੱਸਿਆ ਕਿ ਪੁਲਸ ਟੀਮ ਨੇ ਇਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਦੋ ਦੋਸ਼ੀਆਂ ਮਨਜਿੰਦਰ ਕੁਮਾਰ ਉਰਫ ਜਿੰਦਰ ਪੁੱਤਰ ਨਰੇਸ਼ ਕੁਮਾਰ ਅਤੇ ਸੁਖਵੀਰ ਕੁਮਾਰ ਪੁੱਤਰ ਕਸ਼ਮੀਰੀ ਲਾਲ ਦੋਵੇਂ ਵਾਸੀ ਪਿੰਡ ਧਨਾਲ ਖੁਰਦ ਥਾਣਾ ਸਦਰ ਜਲੰਧਰ ਨੂੰ ਕਾਬੂ ਕਰ ਲਿਆ। ਤੀਜਾ ਮੁਲਜ਼ਮ ਕੁਲਦੀਪ ਸਿੰਘ ਉਰਫ ਟਾਹਲੀ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਟਾਹਲੀ ਥਾਣਾ ਸਦਰ ਨਕੋਦਰ ਜਲੰਧਰ ਫਿਲਹਾਲ ਫਰਾਰ ਹੈ। ਪੁਲਸ ਨੇ ਖੋਹੀ ਗਈ ਸੋਨੇ ਦੀ ਚੇਨ, ਦੋ ਤੇਜ਼ਧਾਰ ਹਥਿਆਰ (ਖੰਡਾ ਸਟੀਲ ਅਤੇ ਖੰਡਾ ਲੋਹਾ) ਅਤੇ ਵਾਰਦਾਤ ਵਿੱਚ ਵਰਤੀ ਗਈ ਚਿੱਟੇ ਰੰਗ ਦੀ ਪੰਟੋ ਕਾਰ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

# ਪ੍ਰਵਾਜ਼ ਪੰਜਾਬ ਵੱਲੋਂ ਚਿੱਤਰਕਾਰ ਸਰੂਪ ਸਿੰਘ ਨੂੰ ਸ਼ਰਧਾਂਜਲੀਆਂ

**ਬੰਗਾ (ਅਵਤਾਰ ਕਲੇਰ)** ਅਦਾਰਾ 'ਪ੍ਰਵਾਜ਼ ਪੰਜਾਬ' ਵਲੋਂ ਮੰਗੂਵਾਲ ਵਾਸੀਆਂ ਦੇ ਸਹਿਯੋਗ ਨਾਲ ਰੰਗਾਂ ਦੇ ਜਾਦੂਗਰ ਵਜੋਂ ਮਸ਼ਹੂਰ, ਪਿੰਡ ਮੰਗੂਵਾਲ ਦੇ ਜੰਮਪਲ ਪ੍ਰਸਿੱਧ ਚਿੱਤਰਕਾਰ ਸਰੂਪ ਸਿੰਘ (ਯੂ.ਕੇ) ਦਾ ਪਿੰਡ ਮੰਗੂਵਾਲ ਦੇ ਗੁਰਦੁਆਰੇ ਸ਼ਰਧਾਂਜਲੀ ਸਮਾਗਮ ਕੀਤਾ ਗਿਆ।ਇੱਥੇ ਵਰਨਣਯੋਗ ਹੈ ਕਿ ਬੀਤੀ 8 ਮਾਰਚ ਨੂੰ ਇੰਗਲੈਂਡ ਦੇ ਸ਼ਹਿਰ ਲਿਸਟਰ ਵਿਖੇ ਸਰੂਪ ਸਿੰਘ ਦਾ ਦੇਹਾਂਤ ਹੋ ਗਿਆ ਸੀ।ਸ਼ਰਧਾਂਜਲੀ ਸਮਾਗਮ ਦੀ ਪ੍ਰਧਾਨਗੀ ਜਸਵੀਰ ਕੌਰ ਸਰਪੰਚ, ਦਰਬਾਰਾ ਸਿੰਘ, ਕਮਲਜੀਤ ਸਿੰਘ, ਸੋਹਣ ਸਿੰਘ ਅਤੇ ਸਰੂਪ ਸਿੰਘ ਹੁਰਾਂ ਦੀ ਮੂੰਹ ਬੋਲੀ ਬੇਟੀ ਅਮਰਜੀਤ ਕੌਰ ਭਾਮ ਨੇ ਕੀਤੀ।ਕ੍ਰਾਂਤੀਕਾਰੀ ਕਵੀ ਦਰਸ਼ਨ ਸਿੰਘ ਖਟਕੜ ਨੇ ਕਿਹਾ ਕਿ ਉਹ 1982 ਨੂੰ ਇੰਗਲੈਂਡ ਗਏ ਸਨ ਜਿੱਥੇ ਉਹ ਸਰੂਪ ਸਿੰਘ ਹੁਣਾਂ ਨੂੰ ਮਿਲੇ ਸਨ।ਸਰੂਪ ਸਿੰਘ ਨੇ ਬੀਤੇ ਸਾਲਾਂ ਵਿਚ ਗੁਰੂ ਸਹਿਬਾਨ, ਸੂਫੀਆਂ, ਪੰਜਾਬੀ ਦੇ ਕਵੀਆਂ, ਵਿਦਵਾਨਾਂ, ਅਲੋਚਕਾਂ ਦੇ ਅਤੇ ਹੋਰ 150 ਦੇ ਕਰੀਬ ਪੋਰਟਰੇਟ ਬਣਾਏ।ਖਟਕੜ ਨੇ ਕਿਹਾ ਕਿ ਪੋਰਟਰੇਟ ਫੋਟੋਗ੍ਰਾਫੀ ਨਹੀਂ ਹੁੰਦਾ।ਜਦੋਂ ਪੋਰਟਰੇਟ ਬਣਾਇਆ ਜਾਂਦਾ ਹੈ ਉਦੋਂ ਚਿੱਤਰਕਾਰ ਰੰਗਾਂ ਦੀ ਵਰਤੋਂ ਰਾਹੀਂ ਚਿਹਰੇ ਦੇ ਹਾਵ ਭਾਵ ਦਰਸਾਉਂਦਾ ਹੈ।ਸੰਤੋਖ ਸਿੰਘ ਭੁੱਲਰ ਵਲੋਂ ਸਰੂਪ ਸਿੰਘ ਬਾਰੇ ਛਾਪੀ ਪੁਸਤਕ 'ਰੰਗਾਂ ਦਾ ਜਾਦੂਗਰ ਸਰੂਪ ਸਿੰਘ' ਵਿਚ ਸਰੂਪ ਸਿੰਘ ਅਤੇ ਉਸਦੀ ਚਿੱਤਰਕਲਾ ਬਾਰੇ ਕਲਾ ਪ੍ਰੇਮੀਆਂ ਨੂੰ ਕਾਫੀ ਜਾਣਕਾਰੀ ਦਿੱਤੀ ਹੈ।ਕਹਾਣੀਕਾਰ ਅਜਮੇਰ ਸਿੱਧੂ ਨੇ ਸਰੂਪ ਸਿੰਘ ਦੇ ਜੀਵਨ ਅਤੇ ਕਲਾ ਪੱਖ ਤੇ ਬੋਲਦਿਆਂ ਕਿਹਾ -ਸਰੂਪ ਸਿੰਘ ਨੇ ਛੋਟੇ ਜਿਹੇ ਪਿੰਡ ਮੰਗੂਵਾਲ ਦੀ ਧਰਤੀ 'ਤੇ ਸਕੈੱਚ ਅਤੇ ਜਲ ਰੰਗਾਂ ਰਾਹੀਂ ਸ਼ੁਰੂਆਤ ਕੀਤੀ ਅਤੇ ਇੰਗਲੈਂਡ ਜਾ ਕੇ ਤੇਲ ਰੰਗਾਂ ਰਾਹੀਂ ਚਿੱਤਰਕਾਰੀ ਕਰਕੇ ਵਿਸ਼ਵ ਪੱਧਰ ਦੇ ਪੰਜਾਬੀ ਭਾਈਚਾਰੇ ਵਿੱਚ ਨਾਮਣਾ ਖੱਟਿਆ।ਸਰੂਪ ਸਿੰਘ ਦੀ ਮੂੰਹ ਬੋਲੀ ਬੇਟੀ ਅਮਰਜੀਤ ਕੌਰ ਭਾਮ ਨੇ ਕਿਹਾ ਕਿ ਸਰੂਪ ਸਿੰਘ ਨੇ ਪੰਜਾਬ ਦੀਆਂ ਮਹੱਤਵਪੂਰਨ ਸ਼ਖ਼ਸੀਅਤਾਂ, ਖਾਸ ਕਰਕੇ ਸਿੱਖ ਇਤਿਹਾਸ ਦੇ ਨਾਇਕਾਂ ਅਤੇ ਸੱਭਿਆਚਾਰਕ ਪ੍ਰਤੀਕਾਂ ਦੇ ਪੋਰਟਰੇਟ ਬਣਾਏ।ਉਨ੍ਹਾਂ ਦੀਆਂ ਰਚਨਾਵਾਂ ਵਿੱਚ ਰੰਗਾਂ ਦੀ ਗਹਿਰਾਈ ਅਤੇ ਵੇਰਵਿਆਂ 'ਤੇ ਧਿਆਨ ਦੇਣ ਦੀ ਵਿਲੱਖਣ ਸ਼ੈਲੀ ਸੀ।ਉਹਨਾਂ ਨੇ ਕਿਹਾ ਕਿ ਸਰੂਪ ਸਿੰਘ ਨੂੰ ਉਨ੍ਹਾਂ ਦੇ ਕਲਾਤਮਕ ਯੋਗਦਾਨ ਲਈ ਕਈ ਸਨਮਾਨ ਮਿਲੇ। ਉਨ੍ਹਾਂ ਦੀਆਂ ਰਚਨਾਵਾਂ ਨੂੰ ਪੰਜਾਬੀ ਸੱਭਿਆਚਾਰ ਦੀ ਇੱਕ ਅਮੁੱਲੀ ਦੇਣ ਮੰਨਿਆ ਜਾਂਦਾ ਹੈ।ਇਸ ਮੌਕੇ ਹਰੀ ਰਾਮ ਰਸੂਲਪੁਰੀ, ਅਮਰਜੀਤ ਕੌਰ ਭਾਮ, ਬਲਵੀਰ ਮੰਗੂਵਾਲ ਅਤੇ ਮਾਸਟਰ ਬਲਵੀਰ ਕੁਮਾਰ ਨੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ।ਇਸ ਮੌਕੇ ਸ਼ਖਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਮੰਚ ਸੰਚਾਲਨ 'ਪ੍ਰਵਾਜ਼ ਪੰਜਾਬ' ਦੇ ਆਗੂ ਜਸਬੀਰ ਦੀਪ ਨੇ ਕੀਤਾ।




# ਵੱਖ-ਵੱਖ ਸੰਗਠਨਾਂ ਦੇ ਨੁਮਾਇੰਦਿਆਂ ਨੇ ਮੁੱਖ ਮੰਤਰੀ ਸੈਣੀ ਨੂੰ ਕੀਤਾ ਸਨਮਾਨਤ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**—ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤ ਦੀ ਸਾਖ ਨੂੰ ਵਿਸ਼ਵ ਪੱਧਰ 'ਤੇ ਉੱਚਾ ਕੀਤਾ ਹੈ ਅਤੇ ਭਾਰਤ ਨੂੰ ਨਵੀਂ ਪਹਿਚਾਣ ਦਿਵਾਈ ਹੈ। ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਦੇਸ਼ -ਸੂਬਾ ਲਗਾਤਾਰ ਪ੍ਰਗਤੀ ਕਰ ਰਹੇ ਹਨ। ਹਰਿਆਣਾ ਦੀ ਤਰ੍ਹਾ ਪੰਜਾਬ ਵੀ ਪ੍ਰਗਤੀ ਅਤੇ ਉਨੱਤੀ ਕਰੇ, ਇਸ ਦੇ ਲਈ ਹੁਣ ਪੰਜਾਬ ਦੀ ਜਨਤਾ ਨੂੰ ਵੀ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਪ੍ਰਗਤੀ ਦਾ ਆਸ ਹੈ। ਪੰਜਾਬ ਦੇ ਲੋਕਾਂ ਨੇ ਵੱਖ-ਵੱਖ ਪਾਰਟੀਆਂ 'ਤੇ ਭਰੋਸਾ ਕੀਤਾ, ਪਰ ਉਨ੍ਹਾਂ ਨੂੰ ਸਿਰਫ ਨਿਰਾਸ਼ਾ ਮਿਲੀ। ਇਸ ਲਈ ਉਨ੍ਹਾਂ ਨੂੰ ਭਰੋਸਾ ਹੈ ਕਿ ਨਰੇਂਦਰ ਮੋਦੀ ਹੀ ਪੰਜਾਬ ਨੂੰ ਅੱਗੇ ਲੈ ਜਾ ਸਕਦੇ ਹਨ।ਸੈਣੀ ਨੇ ਉਨ੍ਹਾਂ ਦੇ ਸਨਮਾਨ ਅਤੇ ਸਵਾਗਤ ਲਈ ਜੀਰਕਪੁਰ ਵਿੱਚ ਪ੍ਰਬੰਧਿਤ ਸਨਮਾਨ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮੌਕੇ 'ਤੇ ਪੰਜਾਬ ਦੇ ਵੱਖ-ਵੱਖ ਸੰਗਠਨਾਂ ਦੇ ਨੁਮਾਇੰਦਿਆਂ ਨੇ ਮੁੱਖ ਮੰਤਰੀ ਨੂੰ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੀ ਕਾਰਜਪ੍ਰਣਾਲੀ ਦੀ ਸ਼ਲਾਘਾ ਕੀਤੀ।ਇਸ ਮੌਕੇ 'ਤੇ ਹਰਿਆਣਾ ਵਿਧਾਨ ਸਭਾ ਦੇ ਸਾਬਕਾ ਸਪੀਕਰ ਗਿਆਨ ਚੰਦ ਗੁਪਤਾ ਅਤੇ ਪੰਜਾਬ ਦੇ ਸਾਬਕਾ ਸਾਂਸਦ ਸ੍ਰੀਮਤੀ ਪਰਨੀਤ ਕੌਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਉਚਾਨਾ 'ਚ ਧੰਨਾ ਭਗਤ ਜਯੰਤੀ ਰਾਜ ਪੱਧਰੀ ਸਮਾਰੋਹ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ੍ਰੀ ਧੰਨਾ ਭਗਤ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਉਤਾਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਦਿਖਾਏ ਮਾਰਗ 'ਤੇ ਚਲਦੇ ਹੋਏ ਸਾਰੇ ਇੱਕ ਬਿਹਤਰ ਸਮਾਜ ਅਤੇ ਰਾਸ਼ਟਰ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਦੇਣ। ਉਨ੍ਹਾਂ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਿੱਖਿਅਤ ਕਰਨ ਅਤੇ ਸਮਾਜ ਤੋਂ ਜਾਤ-ਪਾਤ, ਊਚ-ਨੀਚ ਬੁਰਾਈਆਂ ਨੂੰ ਖਤਮ ਕਰ ਭਾਈਚਾਰਾ ਵਧਾਉਣ ਦਾ ਕੰਮ ਕਰਨ।ਮੁੱਖ ਮੰਤਰੀ ਅੱਜ ਸ੍ਰੀ ਧੰਨਾ ਭਗਤ ਦੀ ਜਯੰਤੀ ਦੇ ਮੌਕੇ ਜ਼ਿਲ੍ਹਾ ਜੀਂਦ ਦੇ ਉਚਾਨਾ ਵਿੱਚ ਪ੍ਰਬੰਧਿਤ ਰਾਜ ਪੱਧਰੀ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ। ਨਾਇਬ ਸਿੰਘ ਸੈਣੀ ਨੇ ਦਾੜਨ ਖਾਪ ਵੱਲੋਂ ਰੱਖੀਆਂ ਗਈਆਂ ਮੰਗਾਂ 'ਤੇ ਐਲਾਨ ਕਰਦੇ ਹੋਏ ਕਿਹਾ ਕਿ ਪਿੰਡ ਪਾਲਵਾਂ ਵਿੱਚ ਤਾਲਾਬ ਦੀ ਰਿਟਰਨਿੰਗ ਵਾਲ, ਇੱਕ ਸ਼ੈਡ ਅਤੇ ਇੱਕ ਕਮਰੇ ਦਾ ਨਿਰਮਾਣ ਕਰਵਾਇਆ ਜਾਵੇਗਾ। ਨਾਲ ਹੀ, ਪਿੰਡ ਪਾਲਵਾਂ ਵਿੱਚ ਦਾੜਨ ਖਾਪ ਭਵਨ ਦੀ ਚਾਰਦੀਵਾਰੀ ਅਤੇ ਗ੍ਰਿਲ ਦਾ ਕੰਮ ਵੀ ਪੂਰਾ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ, ਦਾੜਨ ਖਾਪ ਭਵਨ ਵਿੱਚ ਬਰਾਂਡਾਂ-ਕਮ-ਹਾਲ ਦਾ ਨਿਰਮਾਣ ਵੀ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ, ਪਾਲਵਾਂ ਵਿੱਚ ਦੌੜਨ ਖਾਪ ਭਵਨ ਵਿੱਚ 40 ਕੇ ਵੀ ਲੋਡ ਵਧਾਉਣ ਲਈ ਬਿਨੈ ਕਰਨ 'ਤੇ ਵਿਭਾਗ ਦੇ ਮਾਣਦੰਡਾਂ ਅਨੁਸਾਰ ਭਵਨ ਵਿੱਚ 40 ਕਿਲੋਵਾਟ ਦਾ ਸੋਲਰ ਪੈਨਲ ਲਗਵਾਇਆ ਜਾਵੇਗਾ।ਮੁੱਖ ਮੰਤਰੀ ਨੇ ਮੌਜੂਦ ਜਨਤਾ ਨੂੰ ਸ੍ਰੀ ਧੰਨਾ ਭਗਤ ਦੀ ਜੈਯੰਤੀ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸ੍ਰੀ ਧੰਨਾ ਭਗਤ ਦੀ ਸ਼ਖਸੀਅਤ ਪੂਰਨਮਾਸ਼ੀ ਦੇ ਚੰਨ ਦੀ ਤਰ੍ਹਾ ਸ਼ੀਤਲ ਅਤੇ ਉਜਵਲ ਸੀ।ਮੁੱਖ ਮੰਤਰੀ ਨੇ ਨਸ਼ੇ ਨੂੰ ਇੱਕ ਸਮਾਜਿਕ ਬੁਰਾਈ ਦੱਸਦੇ ਹੋਏ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚ ਨਸ਼ਾਮੁਕਤੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਲੋਕਾਂ ਨੂੰ ਜਾਗਰੂਕ ਕਰਨ ਲਈ ਪੂਰੇ ਸੂਬੇ ਵਿੱਚ ਸਾਈਕਲੋਥਾਨ ਯਾਤਰਾ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ।ਇਸ ਮੌਕੇ ਸਾਬਕਾ ਮੰਤਰੀ ਅਤੇ ਭਾਜਪਾ ਦੇ ਰਾਸ਼ਟਰੀ ਸਕੱਤਰ ਓਮ ਪ੍ਰਕਾਸ਼ ਧਨਖੜ ਨੇ ਸ੍ਰੀ ਧੰਨਾ ਭਗਤ ਦੀ ਜਯੰਤੀ ਦੀ ਵਧਾਈ ਦਿੱਤੀ।

# ਗੁਰਦੁਆਰਾ ਸਾਹਿਬ ਜੀ ਟੀ ਖੁੱਡਾ ਵਿਖੇ ਕੀਰਤਨ ਦਰਬਾਰ ਕਰਵਾਇਆ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ. ਟੀ ਰੋਡ ਖੁੱਡਾ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਗਤ ਧੰਨਾ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਗੁਰਦੁਆਰਾ ਸ੍ਰੀ ਖਾਲਸਾਈ ਸ਼ਾਨੋ ਸ਼ੌਕਤ ਤੇ ਧੂਮ-ਧਾਮ ਨਾਲ ਕਰਵਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇਸ਼-ਵਿਦੇਸ਼ ਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ ਕਰਵਾਏ ਗਏ ਇਸ ਕੀਰਤਨ ਦਰਬਾਰ ਸਬੰਧੀ ਸਭ ਤੋਂ ਪਹਿਲਾਂ ਸੰਧਿਆ ਦੇ ਸਮੇਂ ਨੂੰ ਮੁੱਖ ਰੱਖਦੇ ਹੋਏ ਸੋਦਰ ਰਹਿਰਾਸ ਸਾਹਿਬ ਦੇ ਪਾਠ ਕਰਨ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸਜਾਏ ਗਏ ਕੀਰਤਨ ਸਮਾਗਮ ਵਿੱਚ ਭਾਈ ਮੰਗਲ ਸਿੰਘ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਸ੍ਰੀ ਗਰਨਾ ਸਾਹਿਬ, ਭਾਈ ਵਰਿੰਦਰ ਸਿੰਘ ਖੱਖ, ਭਾਈ ਸਿਮਰਤ ਸਿੰਘ ਤੇ ਭਾਈ ਸੁਰਿੰਦਰ ਸਿੰਘ ਖੁੱਡਾ ਵਾਲੇ ਗੁਰਦੁਆਰਾ ਸਾਹਿਬ ਦਾ ਹਜ਼ੂਰੀ ਰਾਗੀ ਜਥਾ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਤੇ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਦੇ ਹੋਏ ਗੁਰੂ ਚਰਨਾਂ ਨਾਲ ਜੋੜਨਗੇ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਮਾਸਟਰ ਕੇਵਲ ਸਿੰਘ, ਹੈਡ ਗ੍ਰੰਥੀ ਗਿਆਨੀ ਰਤਨ ਸਿੰਘ, ਸੇਵਾਦਾਰ ਲਸ਼ਕਰ ਸਿੰਘ ਖੁੱਡਾ ਸਮਾਗਮ ਵਿੱਚ ਵੱਖ-ਵੱਖ ਸੇਵਾਵਾਂ ਨਿਭਾਉਣ ਵਾਲੀਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਪਵਿੱਤਰ ਦਿਹਾੜਿਆਂ ਦੀ ਮੁਬਾਰਕਬਾਦ ਦਿੱਤੀ। ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਬਲਜੀਤ ਸਿੰਘ, ਅਮਨ ਬਾਬਾ, ਪੰਚ ਸੁਰਿੰਦਰ ਸਿੰਘ, ਬਲਕਾਰ ਸਿੰਘ, ਬਖਸ਼ੀਸ਼ ਸਿੰਘ, ਜਥੇਦਾਰ ਅਮਰੀਕ ਸਿੰਘ, ਜਗਜੀਤ ਸਿੰਘ ਨਿਹੰਗ, ਸੰਦੀਪ ਸਿੰਘ, ਜਗਤਾਰ ਸਿੰਘ, ਕ੍ਰਿਸ਼ਨ ਗੋਪਾਲ, ਵਿਨੀ, ਕਰਨ ,ਕਮਲਦੇਵ, ਰਾਜਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਨੈਣੋਵਾਲ ਵੈਦ ਵਿਖੇ ਡਾਕਟਰ ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ

**ਅੱਡਾ ਸਰਾਂ (ਜਸਵੀਰ ਕਾਜਲ)**-ਭਾਰਤ ਰਤਨ ਸੰਵਿਧਾਨ ਦੇ ਨਿਰਮਾਤਾ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 134ਵੇਂ ਜਨਮ ਦਿਹਾੜੇ ਨੂੰ ਸਮਰਪਿਤ ਮਹਾਨ ਸਮਾਗਮ ਡਾ. ਅੰਬੇਡਕਰ ਵੈਲਫੇਅਰ ਸੋਸਾਇਟੀ ,ਸਮੂਹ ਗ੍ਰਾਮ ਪੰਚਾਇਤ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ । ਇਸ ਮੌਕੇ ਮਿਸ਼ਨਰੀ ਗਾਇਕ ਪ੍ਰੇਮ ਲਤਾ ਨੇ ਮਿਸ਼ਨਰੀ ਗੀਤ ਗਾ ਕੇ ਬਾਬਾ ਸਾਹਿਬ ਜੀ ਦੇ ਜੀਵਨ 'ਤੇ ਝਾਤ ਪਾਉਂਦਿਆਂ ਬਾਬਾ ਸਾਹਿਬ ਜੀ ਦੀ ਵਿਚਾਰਧਾਰਾ 'ਤੇ ਚੱਲਣ ਲਈ ਪ੍ਰੇਰਿਆ।ਇਸ ਮੌਕੇ ਮਿਸ਼ਨਰੀ ਸ਼ਖਸੀਅਤਾਂ ਨੇ ਪਹੁੰਚ ਕੇ ਬਾਬਾ ਸਾਹਿਬ ਜੀ ਦੀ ਫੋਟੋ ਦੇ ਫੁੱਲ ਮਾਲਾ ਪਹਿਨਾਈਆਂ, ਜਿਸ ਵਿਚ ਭਗਵਾਨ ਸਿੰਘ ਚੌਹਾਨ ,ਡਾ. ਕੇਵਲ ਸਿੰਘ ਡਿਪਟੀ ਟਰੈਕਟਰ ਹੈਲਥ ਡਿਪਾਰਟਮੈਂਟ, ਜਸਵਿੰਦਰ ਦੁੱਗਲ, ਰੱਤੂ ਰੰਧਾਵਾ ਗੀਤਕਾਰ ,ਸੁਰਜੀਤ ਲਾਲ ਪਾਲ, ਮਾਸਟਰ ਬਲਵਿੰਦਰ ਸਿੰਘ ਸੀਕਰੀ ,ਰਜਿੰਦਰ ਮਾਰਸ਼ਲ, ਨਗਿੰਦਰ ਸਿੰਘ ਸਰਪੰਚ ,ਸਰਬਜੀਤ ਸਿੰਘ ਪੰਚ ,ਪਰਮਜੀਤ ਸਿੰਘ ਪੰਮਾ ਪੰਚ, ਬਲਵੀਰ ਸਿੰਘ ਠੇਕੇਦਾਰ, ਹਰਬੰਸ ਲਾਲ ਪਾਲ, ਸੋਮਨਾਥ ਮਹਿਮੀ, ਗੁਰਜੀਤ ਸਿੰਘ ਸਾਬਕਾ ਪੰਚ, ਤੇਜੂਰਾਮ, ਸੰਤੋਖ ਸਿੰਘ, ਜਸਵੀਰ ਸਿੰਘ ਸੀਨੀਅਰ ਮੈਨੇਜਰ, ਸੰਦੀਪ ਸਿੰਘ, ਪ੍ਰੇਮਜੀਤ ਜੋੜਾ , ਡਾ. ਚਰਨਜੀਤ ਪੜਬੱਗਾ, ਅਮਰਜੀਤ ਹੀਰ, ਭਜਨ ਸਿੰਘ ਕੰਧਾਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।




# ਮਰੀਜ਼ਾਂ ਨੂੰ ਘੰਟਿਆਂਬੱਧੀ ਖਲੋਣਾ ਪੈਂਦਾ ਹੈ ਲਾਇਨਾਂ 'ਚ : ਧੀਮਾਨ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**— ਹੁਸ਼ਿਆਰਪੁਰ ਸਿਵਲ ਹਸਪਤਾਲ ਵਿਚ ਪਹਿਲਾਂ ਪਰਚੀਆਂ ਲੈਣ ਵਾਸਤੇ ਲੰਬੀਆਂ ਵਿਚ ਲਾਇਨਾਂ ਵਿਚ ਕਈ ਘੰਟੇ ਖੜੇ ਰਹਿਣ ਤੇ ਫਿਰ ਡਾਕਟਰਾਂ ਦੇ ਕਮਰਿਆਂ ਦੇ ਬਾਹਰ, ਐਕਸ ਰੇ ਕਰਵਾਉਣ, ਟੈਸਟ ਕਰਵਾਉਣ ਅਤੇ ਫਿਰ ਦਵਾਈਆਂ ਲੈਣ ਲਈ ਲਾਇਨਾਂ ਵਿਚ ਖੜੇ ਰਹਿਣ ਵਾਲੇ ਲੋਕ ਦਸ ਸਕਦੇ ਹਨ ਕਿ ਕਿੰਨੀ ਮੁਸੀਬਤ ਵਿਚੋਂ ਉਹ ਗੁਜਰ ਰਹੇ ਹਨ। ਇਹ ਪ੍ਰਗਟਾਵਾ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਕਰਦਿਆਂ ਕਿਹਾ ਕਿ ਜਿਸ ਮਰੀਜ ਨੇ ਹੀ ਸਵੇਰ ਤੋਂ ਦੁਪਿਹਰ ਤੱਕ ਧੁੱਪੇ ਭਾਣੇ ਲਾਇਨਾਂ ਵਿਚ ਹੀ ਲਗਣਾ ਹੈ ਤੇ ਫਿਰ ਤੰਦਰੁਸਤੀ ਕਿਥੋਂ ਮਿਲੇਗੀ। ਡਾਕਟਰਾਂ ਅਤੇ ਹੋਰ ਸਟਾਫ ਦੀ ਘਾਟ ਵੀ ਮੁੱਖ ਕਾਰਨ ਹੈ। ਸਟਾਫ ਦੀ ਘਾਟ ਕਾਰਨ ਡਾਕਟਰਾਂ ਅਤੇ ਦੂਸਰੇ ਸਟਾਫ ਵਿਚ ਵੀ ਮਾਨਸਿਕ ਤਨਾਓ ਵੱਧ ਰਿਹਾ ਹੈ। ਧੀਮਾਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਤੁਰੰਤ ਹਸਪਤਾਲਾਂ ਵਿਚ ਸਟਾਫ ਦੀ ਕਮੀ ਪੂਰੀ ਕੀਤੀ ਜਾਵੇ ਤੇ ਪੂਰੀ ਗੰਭੀਰਤਾ ਨਾਲ ਸਟਾਫ ਦੀ ਘਾਟ ਪ੍ਰਤੀ ਸਰਕਾਰ ਵਾਇਟ ਪੇਪਰ ਜਾਰੀ ਕਰੇ।

# ਵਿੱਦਿਅਕ ਸੈਸ਼ਨ ਦੀ ਆਰੰਭਤਾ, ਸਕੂਲ ਦੀ ਚੜ੍ਹਦੀ ਕਲਾ ਲਈ ਅਖੰਡ ਪਾਠ ਦੇ ਭੋਗ ਪਾਏ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਵਿੱਦਿਅਕ ਸੈਸ਼ਨ ਦੀ ਆਰੰਭਤਾ ਅਤੇ ਸਕੂਲ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਜਾਪ ਕਰਵਾਏ ਗਏ।



ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋ ਐਜੂਕੇਸ਼ਨ ਹੁਸ਼ਿਆਰਪੁਰ ਵਿਖੇ ਨਵੇਂ ਵਿੱਦਿਅਕ ਸੈਸ਼ਨ ਦੀ ਆਰੰਭਤਾ ਸਕੂਲ ਦੀ ਚੜ੍ਹਦੀ ਕਲਾ, ਸਰਬੱਤ ਦੇ ਭਲੇ ਅਤੇ ਤੰਦਰੁਸਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਜਾਪ ਕਰਵਾਏ ਗਏ । ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਕਰੁਣ ਸ਼ਰਮਾ ਨੇ ਦੱਸਿਆ ਕਿ 19 ਅਪ੍ਰੈਲ ਦਿਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਸੰਪੂਰਨਤਾ ਦੇ ਭੋਗ ਪਾਏ ਗਏ ਅਤੇ ਕੀਰਤਨ ਦੇ ਦੀਵਾਨ ਸਜਾਏ ਗਏ । ਇਸ ਵਿੱਚ ਸਕੂਲ ਦੀ ਮਿਊਜ਼ਿਕ ਟੀਚਰ ਮਨਪ੍ਰੀਤ ਕੌਰ ਨੇ ਕੀਰਤਨ ਰਾਹੀਂ ਆਪਣੀਆਂ ਹਾਜ਼ਰੀਆਂ ਲਗਵਾਈਆਂ। ਸ੍ਰੀ ਅਖੰਡ ਪਾਠ ਸਾਹਿਬ ਦੇ ਜਾਪ ਅਤੇ ਸੇਵਾ ਸ੍ਰੀ ਮਿੱਠਾ ਟਿਵਾਣਾ ਗੁਰਦੁਆਰਾ ਸਾਹਿਬ ਹੁਸ਼ਿਆਰਪੁਰ ਦੇ ਮਹਾਂਪੁਰਸ਼ਾਂ ਦੁਆਰਾ ਕੀਤੀ ਗਈ। ਇਸ ਮੌਕੇ ਸਕੂਲ ਵਿੱਚੋਂ ਰਿਟਾਇਰਡ ਹੋਏ ਪ੍ਰਿੰਸੀਪਲ ਸਾਹਿਬ ਅਤੇ ਅਧਿਆਪਕਾਂ ਨੇ ਵੀ ਸ਼ਮੂਲੀਅਤ ਕੀਤੀ।ਗੁਰੂ ਕੇ ਅਤੁੱਟ ਲੰਗਰ ਚਲਾਏ ਗਏ। ਇਸ ਮੌਕੇ ਸਕੂਲ ਦੇ ਸਮੂਹ ਸਟਾਫ, ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ, ਮਹੱਲਾ ਨਿਵਾਸੀਆਂ, ਸ਼ਹਿਰ ਨਿਵਾਸੀਆਂ ਤੇ ਬੱਚਿਆਂ ਨੇ ਆਪਣੀਆਂ ਹਾਜ਼ਰੀਆਂ ਲਗਵਾਈਆਂ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਨੇ ਧਾਰਮਿਕ ਪ੍ਰਤੀਯੋਗਤਾ 'ਚ ਮੱਲਾਂ ਮਾਰੀਆਂ



**ਸੁਲਤਾਨਪੁਰ ਲੋਧੀ (ਹਨੀ)** ਸਥਾਨਕ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸ਼ਹੀਦ ਭਾਈ ਤਾਰੂ ਸਿੰਘ ਗੁਰਮਿਤ ਪ੍ਰਚਾਰ ਸੁਸਾਇਟੀ ਵੱਲੋਂ ਵਿਸ਼ਵ ਦਸਤਾਰ ਦਿਵਸ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਦਸਤਾਰ ਅਤੇ ਦੁਮਾਲਾ ਸਜਾਉਣ ਦੇ ਮੁਕਾਬਲੇ ਵਿੱਚ ਬੜੇ ਹੀ ਉਤਸ਼ਾਹ ਦੇ ਨਾਲ ਹਿੱਸਾ ਲਿਆ ਗਿਆ।ਇਹ ਮੁਕਾਬਲੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਭਾਈ ਮਰਦਾਨਾ ਦੀਵਾਨ ਹਾਲ ਵਿਖੇ ਆਯੋਜਿਤ ਕੀਤੇ ਗਏ।ਸਕੂਲ ਦੇ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਦੱਸਿਆ ਕਿ ਪੰਜਵੀਂ, ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਇਸ ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਵਿਦਿਆਰਥੀਆਂ ਵੱਲੋਂ ਬਹੁਤ ਹੀ ਸੁੰਦਰ ਦਸਤਾਰਾਂ ਅਤੇ ਦੁਮਾਲੇ ਸਜਾਏ ਗਏ।ਉਨ੍ਹਾਂ ਦੱਸਿਆ ਕਿ ਇਸ ਦੌਰਾਨ ਵਿਦਿਆਰਥੀਆਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਗੁਰਦੁਆਰਾ ਸ੍ਰੀ ਬੇਰ ਸਾਹਿਬ ਅਤੇ ਗੁਰਦੁਆਰਾ ਡੱਲਾ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ। ਪ੍ਰਬੰਧਕਾਂ ਵੱਲੋਂ ਵਧੀਆ ਕਾਰਗੁਜ਼ਾਰੀ ਦੇ ਲਈ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਵੱਲੋਂ ਵੀ ਬੱਚਿਆਂ ਨੂੰ ਉਤਸਾਹਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨੌਜਵਾਨ ਅਤੇ ਬੱਚਿਆਂ ਨੂੰ ਗੁਰਬਾਣੀ, ਗੁਰਮਤਿ ਅਤੇ ਸਿੱਖੀ ਨਾਲ ਜੋੜਨ ਲਈ ਅਜਿਹੇ ਉਪਰਾਲੇ ਬਹੁਤ ਹੀ ਸ਼ਲਾਘਾਯੋਗ ਹਨ। ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਸਕੂਲ ਪ੍ਰਸ਼ਾਸ਼ਕ ਨਿਮਰਤਾ ਕੌਰ ਨੇ ਪ੍ਰਤੀਯੋਗਤਾ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਵਧਾਈ ਦਿੱਤੀ।

# ਭਗੌੜਾ ਨਸ਼ੇ ਸਮੇਤ ਕਾਬੂ

**ਆਦਮਪੁਰ (ਪਰਮਜੀਤ ਸਿੰਘ)**
ਹਰਦੇਵਪ੍ਰੀਤ ਸਿੰਘ ਮੁੱਖ ਥਾਣਾ ਆਦਮਪੁਰ ਦੀ ਪਾਰਟੀ ਵਲੋਂ ਇਕ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕੀਤਾ ਹੈ! ਕੁਲਵੰਤ ਸਿੰਘ ਡੀ ਐਸ ਪੀ ਨੇ ਦਸਿਆ ਕਿ ਏ ਐਸ ਆਈ ਰਵਿੰਦਰ ਸਿੰਘ ਪੁਲਸ ਦੇ ਗਸ਼ਤ ਬਾ ਚੈਕਿੰਗ ਦੇ ਸਬੰਧ ਵਿੱਚ ਨਜਦੀਕ ਮੋੜ ਬੰਬ ਕੰਮ ਬਾਹਰ ਪਿੰਡ ਖੁਰਦਪੁਰ ਪੁਜੇ ਰਸਤੇ ਉਤੇ ਅਜੈ ਕੁਮਾਰ ਪੁੱਤਰ ਸੱਤਪਾਲ ਵਾਸੀ ਪਿੰਡ ਚੋਮੋ ਥਾਣਾ ਆਦਮਪੁਰ ਪਾਸੋਂ ,90 ਨਸ਼ੀਲੀਆਂ ਗੋਲੀਆਂ ਅਤੇ ਇਕ ਸਿਲਵਰ ਪੱਟੀ ,ਦਸ ਰੁਪਏ ਦਾ ਨੋਟ ,ਪਾਣੀ ਵਾਲੀ ਬੋਤਲ ਦਾ ਢੱਕਣ ਅਤੇ ਇਕ ਲਾਈਟਰ ਬਰਾਮਦ ਕਰ ਉਸ ਖਿਲਾਫ ਵੱਖ-ਵੱਖ ਧਰਾਵਾਂ ਤਹਿਤ ਥਾਣਾ ਆਦਮਪੁਰ ਵਿਖੇ ਮਾਮਲਾ ਦਰਜ ਕੀਤਾ ਗਿਆ ।ਦੋਸ਼ੀ ਮਾਨਯੋਗ ਅਦਾਲਤ ਵਲੋ ਨਸ਼ਾ ਤਸਕਰੀ ਵਿਚ ਪਹਿਲਾ ਹੀ ਭਗੌੜਾ ਕਰਾਰ ਕੀਤਾ ਹੋਇਆ ਹੈ।



# ਲਾਂਗੜੀਆ ਵਿਖੇ ਮੱਲਾਂ ਮਾਰਨ ਵਾਲੇ ਵਿਦਿਆਰਥੀ ਸਨਮਾਨਤ



**ਗੁਰਾਇਆ (ਬਿਦਰ ਸੁਮਨ)** ਥਾਣਾ ਗੁਰਾਇਆ ਦੇ ਅਧੀਨ ਪੈਂਦੇ ਪਿੰਡ ਲਾਂਗੜੀਆਂ ਵਿਖੇ ਡਾਕਟਰ ਬੀ ਆਰ ਯੂਥ ਕਲੱਬ ਵੱਲੋਂ ਬਾਬਾ ਸਾਹਿਬ ਭੀਮ ਰਾਓ ਦਾ ਜਨਮ ਦਿਵਸ ਸਰਪੰਚ ਕੁਲਵਿੰਦਰ ਕੌਰ ਦੀ ਅਗਵਾਈ ਹੇਠ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਆਏ ਮਹਿਮਾਨਾਂ ਵੱਲੋਂ ਬਾਬਾ ਸਾਹਿਬ ਦੀ ਤਸਵੀਰ ਤੇ ਫੁੱਲ ਮਾਲਾ ਪਾ ਕੇ ਕੀਤੀ, ਉਪਰੰਤ ਪਿੰਡ ਦੇ ਸਰਪੰਚ ਕੁਲਵਿੰਦਰ ਕੌਰ ਵੱਲੋਂ ਰੀਬਨ ਕੱਟਣ ਦੀ ਰਸਮ ਅਦਾ ਕੀਤੀ ਗਈ।ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਬਾਬਾ ਸਾਹਿਬ ਵਲੋਂ ਚਲਾਏ ਗਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਇਸ ਮੌਕੇ ਮਾਨਵਤਾ ਕਲਾਂ ਮੰਚ ਨਗਰ ਦੀ ਟੀਮ ਵੱਲੋਂ ਸ਼ਕਤੀਦਾਤਾ ਨਾਟਕ ਅਤੇ ਕੋਰੀਉਗ੍ਰਾਫੀਆਂ ਪੇਸ਼ ਕੀਤੀਆ ਗਈਆਂ।ਇਸ ਮੌਕੇ ਪਿੰਡ ਦੇ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਕਾਪੀਆਂ ਪੈਨ ਦੇ ਕੇ ਸਨਮਾਨਿਤ ਕੀਤਾ ਗਿਆ।ਅੰਤ ਵਿੱਚ ਮਾਸਟਰ ਅਮਰਜੀਤ ਸਿੰਘ ਮਹਿਮੀ ਵੱਲੋਂ ਸਮਾਗਮ ਨੂੰ ਸਫਲ ਬਣਾਉਣ ਤੇ ਸਹਿਯੋਗੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਕੁਲਵਿੰਦਰ ਕੌਰ ਸਰਪੰਚ, ਜਸਵੀਰ ਕੌਰ ਪੰਚ, ਜਗੀਰ ਕੌਰ ਪੰਚ, ਬਲਵੀਰ ਰਾਮ ਪੰਚ, ਜਗਦੀਸ਼ ਲਾਲ ਪੰਚ, ਸੰਤੋਚ ਲਾਲ ਪੰਚ,ਨਿਰਮਲ ਦਾਸ ਸਾਬਕਾ ਸਰਪੰਚ, ਰਾਮ ਪਾਲ, ਤਰਸੇਮ ਲਾਲ, ਸਰਬਜੀਤ ਕੌਰ, ਕਸ਼ਮੀਰੀ ਲਾਲ, ਮਹਿੰਦਰ ਜੀਤ ਕੌਰ, ਭਜਨ ਕੌਰ, ਚੰਨਣ ਕੌਰ, ਨਿਰਮਲ ਕੌਰ, ਜੋਗਿੰਦਰ ਪਾਲ ਨੰਬਰਦਾਰ, ਐਡਵੋਕੇਟ ਚਰਨਜੀਤ ਪੁਆਰੀ, ਕਾਤੀ ਮੋਹਣ, ਮੀਨਾ ਰਾਣੀ ਸਰਪੰਚ ਮੁਠੱਡਾ ਕਲਾ, ਜਗਜੀਵਨ ਰਾਮ, ਮਹਿੰਦਰ ਸਿੰਘ ਸੰਧੂ, ਦਵਿੰਦਰ ਖਾਲਸਾ, ਸੋਨੂੰ ਢੀਡਸਾ, ਅਵਤਾਰ ਲਾਲ ਲੈਕਚਰਾਰ, ਰਾਕੇਸ਼ ਫਿਲੌਰ ਤੋ ਇਲਾਵਾ ਪਿੰਡ ਵਾਸੀ ਹਾਜ਼ਰ ਸਨ।

# ਭਗਵਾਨ ਪਰਸ਼ੂਰਾਮ ਜਯੰਤੀ 30 ਨੂੰ ਮਨਾਈ ਜਾਵੇਗੀ



**ਬਲਾਚੌਰ (ਜਸਵਿੰਦਰ ਬੈਂਸ)**- ਸਰਵ ਬ੍ਰਾਹਮਣ ਸਮਾਜ ਬਲਾਚੌਰ ਵੱਲੋਂ 30 ਅਪ੍ਰੈਲ ਨੂੰ ਭਗਵਾਨ ਸ੍ਰੀ ਪਰਸ਼ੂਰਾਮ ਜਯੰਤੀ ਬੜੀ ਧੂਮਧਾਮ ਨਾਲ ਮਨਾਈ ਜਾਵੇਗੀ।ਸਰਵ ਬ੍ਰਾਹਮਣ ਸਮਾਜ ਦੇ ਪ੍ਰਧਾਨ ਵਿਕਾਸ ਕੁਮਾਰ ਗੋਲਡੀ ਅਤੇ ਖਜ਼ਾਨਚੀ ਜੋਤੀ ਸਵਰੂਪ ਪਾਠਕ ਨੇ ਦੱਸਿਆ ਕਿ 30 ਅਪ੍ਰੈਲ ਨੂੰ ਅਕਸ਼ੈ ਤ੍ਰਿਤੀਆ ਮੌਕੇ ਮਹਾਦੇਵ ਬ੍ਰਹਮਚਾਰੀ ਮੰਦਰ ਗਹੂੰਣ ਰੋਡ ਵਿਖੇ ਸਵੇਰੇ ਹਵਨ ਯੱਗ ਸ਼ੁਰੂ ਹੋਵੇਗਾ । ਪੂਰਨ ਆਹੂਤੀ ਤੋਂ ਬਾਅਦ ਔਰਤਾਂ ਦੁਆਰਾ ਭਜਨ ਕੀਰਤਨ ਹੋਵੇਗਾ। ਗਾਇਕ ਪੰਮਾ ਰੱਤੇਵਾਲ ਅਤੇ ਉਨ੍ਹਾਂ ਦੀ ਪਾਰਟੀ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ। ਭਗਵਾਨ ਪਰਸ਼ੂਰਾਮ ਦੀ ਸਮੂਹਿਕ ਆਰਤੀ ਪੂਜਨ ਤੋਂ ਬਾਅਦ ਭੰਡਾਰਾ ਸ਼ੁਰੂ ਹੋਵੇਗਾ। ਇਸ ਸਮਾਗਮ ਵਿੱਚ ਬਲਾਚੌਰ ਇਲਾਕੇ ਦੇ ਬ੍ਰਾਹਮਣ ਭਾਈਚਾਰੇ ਨੂੰ ਸੱਦਾ ਦਿੱਤਾ ਗਿਆ ਹੈ। ਅੱਜ ਦੀ ਮੀਟਿੰਗ ਵਿੱਚ ਸੁਨੀਲ ਸ਼ਰਮਾ, ਅਨੂਪ ਪਰਾਸ਼ਰ, ਨਰਿੰਦਰ ਸੂਦਨ, ਵਿਸ਼ਾਲ ਸ਼ਰਮਾ, ਪਵਨ ਕੁਮਾਰ, ਵਿਕਾਸ ਸ਼ਰਮਾ ਅਤੇ ਸ਼ਕਤੀ ਸ਼ਰਮਾ ਸਮੇਤ ਬ੍ਰਾਹਮਣ ਭਾਈਚਾਰੇ ਦੇ ਮੈਂਬਰ ਮੌਜੂਦ ਸਨ।

# ਹੱਕ ਮੰਗਦੇ ਬੇਰੁਜ਼ਗਾਰ ਅਧਿਆਪਕਾਂ 'ਤੇ ਪੁਲਸ ਤਸ਼ੱਦਦ ਦੀ ਸਖ਼ਤ ਸ਼ਬਦਾਂ 'ਚ ਨਿੰਦਾ

**ਜਲੰਧਰ (ਰਾਜੇਸ਼ ਥਾਪਾ)** 5994 ਈ ਟੀ ਟੀ ਅਧਿਆਪਕਾਂ ਦੀ ਭਰਤੀ ਪਿਛਲੀ ਕਾਂਗਰਸ ਸਰਕਾਰ ਸਮੇਂ ਦੀ ਸ਼ੁਰੂ ਕੀਤੀ ਗਈ ਭਰਤੀ ਹੈ ਜੋ ਨਾ ਤਾਂ ਪਿਛਲੀ ਕਾਂਗਰਸ ਸਰਕਾਰ ਪੂਰੀ ਕਰ ਸਕੀ ਅਤੇ ਨਾ ਹੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਨੂੰ ਪੂਰਾ ਕਰ ਰਹੀ ਹੈ।5994 ਈ ਟੀ ਟੀ ਅਧਿਆਪਕਾਂ ਦੀ ਭਰਤੀ ਵਿੱਚ ਚੁਣੇ ਗਏ ਯੋਗ ਅਧਿਆਪਕਾਂ ਵੱਲੋਂ ਪੰਜਾਬ ਸਰਕਾਰ ਅੱਗੇ ਵਾਰ-ਵਾਰ ਬੇਨਤੀਆਂ ਕਰਨ ਤੋਂ ਬਾਅਦ ਵੀ ਪੰਜਾਬ ਸਰਕਾਰ ਇਹਨਾਂ ਚੁਣੇ ਗਏ ਯੋਗ ਅਧਿਆਪਕਾਂ ਨੂੰ ਨਿਯੁਕਤ ਨਹੀਂ ਕਰਵਾ ਰਹੀ।ਜਿਸ ਦੇ ਸਿੱਟੇ ਵਜੋਂ ਇਹਨਾਂ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਮਜਬੂਰੀ ਵੱਸ ਧਰਨੇ, ਮੁਜਾਰੇ ਕਰਨੇ ਪੈ ਰਹੇ ਹਨ।ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ, ਕਾਰਜਕਾਰੀ ਜਨਰਲ ਸਕੱਤਰ ਪਰਵੀਨ ਕੁਮਾਰ ਲੁਧਿਆਣਾ ਤੇ ਜਿੰਦਰ ਪਾਇਲਟ, ਐਡੀਸ਼ਨਲ ਜਨਰਲ ਸਕੱਤਰ ਬਾਜ ਸਿੰਘ ਭੁੱਲਰ, ਵਿੱਤ ਸਕੱਤਰ ਨਵੀਨ ਸਚਦੇਵਾ, ਮੀਡੀਆ ਸਕੱਤਰ ਗੁਰਪ੍ਰੀਤ ਮਾੜੀਮੇਘਾ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ ਵੱਲੋਂ 5994 ਅਧਿਆਪਕਾਂ ਦੇ ਨਾਲ ਹੋਈ ਨਾਇਨਸਾਫੀ ਲਈ ਪੰਜਾਬ ਸਰਕਾਰ ਦੀ ਘੋਰ ਨਿੰਦਿਆ ਕਰਦੀ ਹੈ।ਆਗੂਆਂ ਨੇ ਦੱਸਿਆ ਕਿ ਬੀਤੇ ਦਿਨ 5994 ਬੇਰੁਜ਼ਗਾਰ ਅਧਿਆਪਕਾਂ ਵੱਲੋਂ ਸਿੱਖਿਆ ਮੰਤਰੀ ਪੰਜਾਬ ਦੇ ਪਿੰਡ ਗੰਭੀਰਪੁਰ ਵਿਖੇ ਆਪਣੀ ਨਿਯੁਕਤੀਆਂ ਦੀ ਮੰਗ ਨੂੰ ਲੈ ਕੇ ਸ਼ਾਂਤਮਈ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ ਜਿਸ ਵਿੱਚ ਪੰਜਾਬ ਪੁਲਸ ਦੇ ਸਥਾਨਕ ਐਸ ਐਚ ਓ ਅਤੇ ਹੋਰ ਅਧਿਕਾਰੀ ਤੇ ਮੁਲਾਜ਼ਮਾਂ ਵੱਲੋਂ ਸ਼ਾਂਤ ਪੂਰਵਕ ਮੁਜਾਰਾ ਕਰ ਰਹੇ ਬੇਰੁਜ਼ਗਾਰ ਅਧਿਆਪਕਾਂ ਦੇ ਉੱਪਰ ਅੰਨਾ ਮਨੁੱਖੀ ਤਸ਼ਦਦ ਕਰਦੇ ਹੋਏ ਆਗੂਆਂ ਨੂੰ ਥੱਪੜਾਂ ਅਤੇ ਲਾਠੀਆਂ ਨਾਲ ਕੁੱਟਿਆ ਗਿਆ।ਜਿਸ ਦੀ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਕਰੜੀ ਨਿੰਦਿਆ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਪੰਜਾਬ ਸਰਕਾਰ ਤੁਰੰਤ 5994 ਅਤੇ ਇਸ ਤਰ੍ਹਾਂ ਦੀਆਂ ਹੋਰ ਭਰਤੀਆਂ ਨੂੰ ਤੁਰੰਤ ਨਿਯਮਾਂ ਤਹਿਤ ਸਾਰੀਆਂ ਭਰਤੀਆਂ ਮੁਕੰਮਲ ਕੀਤੀਆਂ ਜਾਣ ਅਤੇ ਬੇਰੁਜ਼ਗਾਰ ਅਧਿਆਪਕਾਂ ਦੇ ਉੱਪਰ ਅੰਨ੍ਹੇਵਾਹ ਅਣਮਨੁੱਖੀ ਤਸ਼ੱਦਦ ਕਰਨ ਵਾਲੇ ਪੁਲਸ ਮੁਲਾਜ਼ਮਾਂ ਦੇ ਉੱਪਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਗੌਰਮੈਂਟ ਸਕੂਲ ਟੀਚਰ ਯੂਨੀਅਨ ਐਕਸ਼ਨ ਕਰਨ ਲਈ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ।

# ਜਗਦੀਸ਼ ਰਾਏਪੁਰ ਡੱਬਾ ਤਰਕਸ਼ੀਲ ਸੁਸਾਇਟੀ ਜ਼ੋਨ ਨਵਾਂਸ਼ਹਿਰ ਦੇ ਜਥੇਬੰਦਕ ਮੁਖੀ ਚੁਣੇ

**ਬੰਗਾ (ਅਵਤਾਰ ਕਲੇਰ)** ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਜੋਨ ਨਵਾਂਸ਼ਹਿਰ ਦਾ ਚੋਣ ਇਜਲਾਸ ਸ਼ਹੀਦ ਮਲਕੀਤ ਚੰਦ ਮੇਹਲੀ ਹਾਲ ਬੰਗਾ ਰੋਡ ਨਵਾਂਸ਼ਹਿਰ ਵਿਖੇ ਹੋਇਆ। ਜੋਨ ਮੁਖੀ ਸੱਤਪਾਲ ਸਲੋਹ ਦੀ ਅਗਵਾਈ ਵਿੱਚ ਹੋਏ ਇਸ ਇਜਲਾਸ ਦਾ ਆਗਾਜ਼ ਜੋਗਿੰਦਰ ਕੁੱਲੇਵਾਲ ਮੁਖੀ ਸੱਭਿਆਚਾਰਕ ਵਿਭਾਗ ਪੰਜਾਬ ਦੇ ਲੈਕਚਰ ਨਾਲ ਹੋਇਆ।ਸਭ ਤੋਂ ਪਹਿਲਾਂ ਜਥੇਬੰਦਕ ਮੁਖੀ ਸੱਤਪਾਲ ਸਲੋਹ ਨੇ ਆਪਣੇ ਵਿਭਾਗ ਦੀ ਬੀਤੇ ਦੋ ਸਾਲਾਂ ਦੀ ਕਾਰਗੁਜ਼ਾਰੀ ਰਿਪੋਰਟ ਪੇਸ਼ ਕੀਤੀ।ਫਿਰ ਵਿੱਤ ਵਿਭਾਗ ਮੁਖੀ ਸੁਖਵਿੰਦਰ ਗੋਗਾ, ਸੱਭਿਆਚਾਰਕ ਵਿਭਾਗ ਮੁਖੀ ਮਾ. ਰਾਮਪਾਲ ਰਾਹੋਂ ਅਤੇ ਮੀਡੀਆ ਵਿਭਾਗ ਦੇ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ ਨੇ ਵਾਰੋ ਵਾਰੀ ਦੋ ਸਾਲਾਂ ਦੀਆਂ ਕਾਰਗੁਜ਼ਾਰੀ ਰਿਪੋਰਟਾਂ ਵਿਸਥਾਰ ਪੂਰਵਕ ਪੇਸ਼ ਕੀਤੀਆਂ।ਪੇਸ਼ ਕੀਤੀਆਂ ਰਿਪੋਰਟਾਂ ਦੀ ਹਾਜ਼ਰ ਡੈਲੀਗੇਟਾਂ ਦੁਆਰਾ ਸ਼ਲਾਘਾ ਕੀਤੀ ਅਤੇ ਪ੍ਰਵਾਨ ਕੀਤੀਆਂ ਗਈਆਂ। ਉਪਰੰਤ ਪੇਸ਼ ਕਾਰਗੁਜ਼ਾਰੀ ਰਿਪੋਰਟਾਂ ਤੇ ਭਖਵੀਂ ਬਹਿਸ ਵੀ ਹੋਈ।ਬਹਿਸ ਵਿੱਚ ਮਾਸਟਰ ਰਾਜ ਕੁਮਾਰ ਗੜ੍ਹਸ਼ੰਕਰ, ਜੋਗਿੰਦਰ ਕੁੱਲੇਵਾਲ, ਡਾ. ਦਲਵੀਰ ਮਾਹਿਲ, ਕੁਲਵਿੰਦਰ ਖਟਕੜ, ਬਲਵਿੰਦਰ ਕੌਰ ਸਲੋਹ, ਸੰਤੋਸ਼ ਖਟਕੜ, ਰੂਬੀ ਬੰਗਾ, ਹਰਜਿੰਦਰ ਸੂੰਨੀ, ਸੁਖਵਿੰਦਰ ਲੰਗੇਰੀ, ਮੋਹਨ ਬੀਕਾ, ਕੁਲਵਿੰਦਰ ਖਟਕੜ ਅਤੇ ਸੁਰੇਸ਼ ਕਰਨਾਣਾ ਆਦਿ ਨੇ ਭਾਗ ਲਿਆ। ਮਾ. ਜਗਦੀਸ਼ ਅਤੇ ਮਾ. ਰਾਜ ਕੁਮਾਰ ਦੁਆਰਾ ਅਗਾਂਹਵਧੂ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਉਪਰੰਤ ਪੁਰਾਣੀ ਜੋਨ ਕਮੇਟੀ ਨੂੰ ਭੰਗ ਕੀਤਾ ਗਿਆ ਅਤੇ ਅਗਲੇ ਦੋ ਸਾਲਾਂ ਲਈ ਨਵੀਂ ਜੋਨ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਨਵੇਂ ਚੁਣੇ ਅਹੁਦੇਦਾਰਾਂ ਵਿੱਚ ਜਥੇਬੰਦਕ ਵਿਭਾਗ ਦੇ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ, ਵਿੱਤ ਵਿਭਾਗ ਦੇ ਮੁਖੀ ਸੁਖਵਿੰਦਰ ਗੋਗਾ, ਸੱਭਿਆਚਾਰਕ ਵਿਭਾਗ ਦੇ ਮੁਖੀ ਮੋਹਨ ਬੀਕਾ, ਮੀਡੀਆ ਵਿਭਾਗ ਦੇ ਮੁਖੀ ਬਲਜਿੰਦਰ ਸਵਾਜਪੁਰ ਅਤੇ ਮਾਨਸਿਕ ਚੇਤਨਾ ਮਸ਼ਵਰਾ ਵਿਭਾਗ ਦੇ ਮੁਖੀ ਸੱਤਪਾਲ ਸਲੋਹ ਨੂੰ ਚੁਣਿਆ ਗਿਆ।ਚੁਣੀ ਗਈ ਨਵੀਂ ਟੀਮ ਮੈਂਬਰਾਂ ਨੇ ਇਮਾਨਦਾਰੀ ਅਤੇ ਸ਼ਿੱਦਤ ਨਾਲ ਕੰਮ ਕਰਨ ਦਾ ਭਰੋਸਾ ਦਿਵਾਇਆ। ਅੰਤ ਵਿੱਚ ਸੂਬਾ ਕਮੇਟੀ ਮੈਂਬਰ ਜੋਗਿੰਦਰ ਕੁੱਲੇਵਾਲ ਨੇ ਚੁਣੀ ਗਈ ਟੀਮ ਨੂੰ ਆਉਣ ਵਾਲੇ ਸਮੇਂ ਵਿੱਚ ਕਰਨ ਵਾਲੇ ਕੰਮਾਂ ਸਬੰਧੀ ਜਾਣਕਾਰੀ ਦਿੱਤੀ।ਸਟੇਜ ਸਕੱਤਰ ਦੀ ਭੂਮਿਕਾ ਮਾ. ਜਗਦੀਸ਼ ਦੁਆਰਾ ਬਾਖੂਬੀ ਨਿਭਾਈ ਗਈ।ਇਸ ਮੌਕੇ ਗੁਰਨਾਮ ਹਾਜੀਪੁਰ, ਸੰਜੀਵ ਕੁਮਾਰ ਨਵਾਂ ਸ਼ਹਿਰ ਅਤੇ ਕਰਨਦੀਪ ਗੜ੍ਹਸ਼ੰਕਰ ਆਦਿ ਹਾਜ਼ਰ ਸਨ।



# ਦਸਮੇਸ਼ ਨਗਰ 'ਚ ਡਾ. ਅੰਬੇਡਕਰ ਦਾ 134ਵਾਂ ਜਨਮ ਦਿਨ ਮਨਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ, ਜਸਵੀਰ ਕਾਜਲ)**- ਡਾ. ਬੀ.ਆਰ ਅੰਬੇਡਕਰ ਕਲੱਬ ਦਸ਼ਮੇਸ਼ ਨਗਰ ਟਾਂਡਾ ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਭਾਰਤ ਰਤਨ ਡਾ. ਬੀ.ਆਰ ਅੰਬੇਡਕਰ ਦਾ 134ਵਾਂ ਜਨਮ ਦਿਨ ਮਨਾਉਂਦੇ ਹੋਏ ਵਿਸ਼ਾਲ ਜਾਗ੍ਰਿਤੀ ਸਮਾਗਮ ਕਰਵਾਇਆ ਗਿਆ। ਕਲੱਬ ਦੇ ਪ੍ਰਧਾਨ ਮਨਦੀਪ ਦੀਪਾ ਦੀ ਅਗਵਾਈ ਤੇ ਸ੍ਰੀ ਗੁਰੂ ਰਵਿਦਾਸ ਭਵਨ ਦਸ਼ਮੇਸ਼ ਨਗਰ ਟਾਂਡਾ ਮੁੱਖ ਸੇਵਾਦਾਰ ਜਗਦੀਸ਼ ਕੁਮਾਰ ਰਿੰਕਾ ਦੀ ਦੇਖ-ਰੇਖ ਹੇਠ ਸ੍ਰੀ ਗੁਰੂ ਰਵਿਦਾਸ ਭਵਨ ਦੀ ਪ੍ਰਬੰਧਕ ਕਮੇਟੀ, ਮੀਰਾ ਬਾਈ ਸਭਾ ਦਸਮੇਸ਼ ਨਗਰ ਟਾਂਡ ਵਾਸੀਆਂ ਦੇ ਸਹਿਯੋਗ ਨਾਲ ਮਨਾਏ ਗਏ ਸਮਾਗਮ ਵਿੱਚ ਸਭ ਤੋਂ ਪਹਿਲਾਂ ਕਲੱਬ ਦੇ ਸਮੁੱਚੇ ਮੈਂਬਰਾਂ ਨੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਫੋਟੋ 'ਤੇ ਫੁੱਲਮਾਲਾਵਾਂ ਭੇਟ ਕਰਦੇ ਹੋਏ ਉਹਨਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਸੇਵਾ ਮੁਕਤ ਡਿਪਟੀ ਡਾਇਰੈਕਟਰ ਡਾ. ਕੇਵਲ ਸਿੰਘ ਕਾਜਲ, ਐਨ.ਆਰ.ਆਈ ਸਭਾ ਪੰਜਾਬ ਦੀ ਪ੍ਰਧਾਨ ਪਰਵਿੰਦਰ ਕੌਰ ਬੰਗਾ, ਅੰਬੇਡਕਰ ਫੋਰਸ ਪੰਜਾਬ ਦੇ ਪ੍ਰਧਾਨ ਅਨਿਲ ਕੁਮਾਰ ਬਾਘਾ, ਦਲਿਤ ਆਗੂ ਸਰਬਜੀਤ ਸਿੰਘ ਮੋਮੀ, ਸਮਾਜ ਸੇਵੀ ਨੰਬਰਦਾਰ ਜਗਜੀਵਨ ਜੱਗੀ, ਸਮਾਜ ਸੇਵੀ ਐਡਵੋਕੇਟ ਕਿਰਨ ਵੱਸਣ, ਅੰਬੇਡਕਰੀ ਪ੍ਰਚਾਰਕ ਪ੍ਰੇਮਜੀਤ ਜੌੜਾ ਨੇ ਸੰਬੋਧਨ ਕਰਦੇ ਹੋਏ ਬਾਬਾ ਸਾਹਿਬ ਦੀ ਮਹਾਨ ਵਿਚਾਰਧਾਰਾ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਗਤੀ ਕਲਾ ਕੇਂਦਰ ਇਕਾਈ ਜਲਾਲਾਬਾਦ ਵੱਲੋਂ ਬਾਬਾ ਸਾਹਿਬ ਦੀ ਜੀਵਨੀ, ਸੰਘਰਸ਼ ਨਾਲ ਤੇ ਸਮਾਜਿਕ ਬੁਰਾਈਆਂ ਨਾਲ ਸੰਬੰਧਤ ਵੱਖ-ਵੱਖ ਨਾਟਕ ਪੇਸ਼ ਕੀਤੇ ਗਏ। ਇਸ ਮੌਕੇ ਕਲੱਬ ਦੇ ਪ੍ਰਧਾਨ ਮਨਦੀਪ ਦੀਪਾ ਤੇ ਸ੍ਰੀ ਗੁਰੂ ਰਵਿਦਾਸ ਭਵਨ ਦਸਮੇਸ਼ ਨਗਰ ਟਾਂਡਾ ਦੇ ਮੁੱਖ ਸੇਵਾਦਾਰ ਗਦੀਸ਼ ਕੁਮਾਰ ਰਿੰਕਾ ਨੇ ਪਹੁੰਚੀਆਂ ਸ਼ਖਸੀਅਤਾਂ ਦਾ ਧੰਨਵਾਦ ਕਰਦੇ ਹੋਏ ਭਰਤ ਰਤਨ ਡਾ. ਅੰਬੇਡਕਰ ਤੇ ਜੀਵਨ ਅਤੇ ਸੰਘਰਸ਼ ਤੋਂ ਪ੍ਰੇਰਨਾ ਲੈ ਕੇ ਸਮਾਜ ਦੀ ਬਿਹਤਰੀ ਵਾਸਤੇ ਕੁਝ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਯਾਦਗਾਰੀ ਚਿੰਨ ਭੇਟ ਕਰਦੇ ਹੋਏ ਸਨਮਾਨਤ ਕੀਤਾ ਗਿਆ। ਇਸ ਤੋਂ ਪਹਿਲਾਂ ਡਾਕਟਰ ਅੰਬੇਡਕਰ ਕਲੱਬ ਵੱਲੋਂ ਵਿਸ਼ਾਲ ਜਾਗ੍ਰਿਤੀ ਮਾਰਚ ਵੀ ਆਯੋਜਿਤ ਕੀਤਾ ਗਿਆ । ਇਸ ਮੌਕੇ ਕੌਂਸਲਰ ਜਸਵਿੰਦਰ ਸਿੰਘ ਕਾਕਾ, ਮਿਸ਼ਨਰੀ ਪ੍ਰਚਾਰਕ ਚਰਨਜੀਤ ਪੜਬੱਗਾ, ਜਸਵੀਰ ਲੱਕੀ ਕੰਧਾਲਾ ਜੱਟਾਂ, ਸਮੀ ਕੰਧਾਲਾ ਜੱਟਾਂ, ਬਾਬਾ ਕਾਲਾ ਸ਼ਾਹ ਮੂਨਕਾਂ, ਭੁਪਿੰਦਰ ਵਸਣ, ਜਸਵੀਰ ਕਾਜਲ, ਸਰਬਜੀਤ ਸਿੰਘ ਦਸ਼ਮੇਸ਼ ਨਗਰ, ਪ੍ਰਧਾਨ ਕੀਮਤੀ ਲਾਲ, ਜਸਵੀਰ ਸਿੰਘ ਘੇੜਾ, ਭੀਮਾ ਦੇਹਰੀਵਾਲ, ਸੁਰਜੀਤ ਸਿੰਘ ਬੈਂਕ ਵਾਲੇ, ਜਸਪਾਲ ਰਾਏ,ਗਗਨਦੀਪ ਗੱਗੀ ਗੁਰਦੀਪ ਲਾਡੀ, ਨੀਰਜ ਕੁਮਾਰ, ਵਿਜੈ ਕੁਮਾਰ, ਰਾਹੁਲ, ਜਸਕੀਰਤ, ਵਰੁਣ, ਸੁਖਮਨ ਵੀ ਹਾਜ਼ਰ ਸਨ।



## ਦੌਲਤ ਰਾਮ ਹਾਂਡਾ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ



**ਸ੍ਰੀ ਮੁਕਤਸਰ ਸਾਹਿਬ (ਸ਼ਿਵਦਰਪਨ, ਪੂਜਾ)**-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਿਗਿਆਨਕ ਦੇ ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ, ਜ਼ਿਲ੍ਹਾ ਫਾਜ਼ਿਲਕਾ ਦੇ ਜਨਰਲ ਸਕੱਤਰ ਮੰਗਤ ਸਿੰਘ, ਰੇਸ਼ਮ ਸਿੰਘ, ਪ੍ਰੇਮ ਸਿੰਘ, ਅਸ਼ੋਕ ਕੁਮਾਰ, ਰਾਮ ਕੁਮਾਰ, ਰਾਜ ਕੁਮਾਰ ਮਾਹਮੂਜੋਈਆ, ਪਰਗਟ ਸਿੰਘ ਜੰਬਰ, ਗੁਰਪ੍ਰੀਤ ਸਿੰਘ, ਹਰਭਜਨ ਸਿੰਘ ਖੁੰਗਰ, ਹਰੀਸ਼ ਚੰਦਰ ਕੰਬੋਜ, ਮਿਲਖਰਾਜ, ਰਜਿੰਦਰ ਕੁਮਾਰ ਦੀਵਾਨ ਖੇੜਾ, ਪਰਮਜੀਤ ਕੁਮਾਰ, ਸੰਦੀਪ ਸਿੰਘ ਛਾਂਗਾ, ਪ੍ਰਵੀਨ ਜੰਡਵਾਲਾ, ਬਲਜਿੰਦਰ ਕੁਮਾਰ, ਸੁਰਿੰਦਰ ਮਾਹਮੂਜੋਈਆ, ਜੋਗਿੰਦਰ ਪਾਲ ਆਦਿ ਆਗੂਆਂ ਨੇ ਸਤਪਾਲ ਹਾਂਡਾ, ਇੰਸਪੈਕਟਰ ਜਸਪਾਲ ਹਾਂਡਾ ਦੇ ਪਿਤਾ, ਮਨਦੀਪ ਹਾਂਡਾ, ਡਿਪਟੀ ਡਾਇਰੈਕਟਰ ਰਣਦੀਪ ਹਾਂਡਾ, ਮਨਦੀਪ ਹਾਂਡਾ ਦੇ ਦਾਦਾ ਜੀ ਸ੍ਰੀ ਦੌਲਤ ਰਾਮ ਹਾਂਡਾ ਦੇ ਅਕਾਲ ਚਲਾਣੇ 'ਤੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸੁਰਿੰਦਰ ਕੰਬੋਜ ਸਰਾਹ ਵਾਲਾ ਨੇ ਕਿਹਾ ਕਿ ਦੌਲਤ ਰਾਮ ਹਾਂਡਾ ਨੇ ਪਰਿਵਾਰ ਦੀ ਤਰੱਕੀ ਅਤੇ ਵਿਕਾਸ 'ਚ ਅਹਿਮ ਯੋਗਦਾਨ ਪਾਇਆ, ਜਿਸ ਦੀ ਬਦੌਲਤ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਨੇ ਸਮਾਜ ਵਿੱਚ ਵਿਦਿਅਕ, ਸਮਾਜਿਕ ਤੇ ਆਰਥਿਕ ਤਰੱਕੀ ਵਿੱਚ ਵਿਸ਼ੇਸ਼ ਯੋਗਦਾਨ ਵੀ ਦਿੱਤਾ ਹੈ। ਸ੍ਰੀ ਦੌਲਤ ਰਾਮ ਹਾਂਡਾ ਨਮਿੱਤ ਭੋਗ ਦੀ ਰਸਮ ਉਹਨਾਂ ਦੇ ਪਿੰਡ ਦਿਲਾ ਰਾਮ ਨੇੜੇ ਅਲਫੂ ਕੇ ਵਿਖੇ ਆਉਂਦੀ 24 ਅਪ੍ਰੈਲ ਨੂੰ ਹੋਵੇਗੀ।

## ਪੁਲਸ ਨੇ ਵਜੀਦਕੇ ਖੁਰਦ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਚਲਾਇਆ ਤਲਾਸ਼ੀ ਅਭਿਆਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਸਰਕਾਰ ਦੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਐੱਸ ਐੱਸ ਪੀ ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਦੀ ਅਗਵਾਈ ਹੇਠ ਜ਼ਿਲ੍ਹਾ ਬਰਨਾਲਾ ਦੇ ਵੱਖ-ਵੱਖ ਪਿੰਡਾਂ ਅੰਦਰ ਨਸ਼ਿਆਂ ਦੇ ਖਾਤਮੇ ਲਈ ਤਲਾਸ਼ੀ ਅਭਿਆਨ ਚਲਾਇਆ ਗਿਆ।ਸਬ ਡਵੀਜ਼ਨ ਮਹਿਲ ਕਲਾਂ ਦੇ ਡੀ ਐੱਸ ਪੀ ਸੁਬੇਗ ਸਿੰਘ ਦੀ ਅਗਵਾਈ ਹੇਠ ਥਾਣਾ ਠੁੱਲੀਵਾਲ ਦੇ ਮੁੱਖ ਅਫਸਰ ਕਿਰਨਜੀਤ ਕੌਰ ਦੀ ਦੇਖ-ਰੇਖ ਹੇਠ ਥਾਣਾ ਠੁੱਲੀਵਾਲ ਦੇ ਅਧਿਕਾਰ ਖੇਤਰ ਅਧੀਨ ਪੈਂਦੇ ਪਿੰਡ ਵਜੀਦਕੇ ਖੁਰਦ ਵਿਖੇ ਤਲਾਸ਼ੀ ਅਭਿਆਨ ਤਹਿਤ ਘਰਾਂ ਦੀ ਤਲਾਸ਼ੀ ਕੀਤੀ ਗਈ।ਇਸ ਮੌਕੇ ਥਾਣਾ ਠੁੱਲੀਵਾਲ ਦੇ ਐੱਸ ਐੱਚ ਓ ਮੈਡਮ ਕਿਰਨਜੀਤ ਕੌਰ ਨੇ ਦੱਸਿਆ ਕਿ ਇਲਾਕੇ ਅੰਦਰ ਅਮਨ ਕਨੂੰਨ ਵਿਵਸਥਾ ਨੂੰ ਹਰ ਹਾਲ ਕਾਇਮ ਰੱਖਣ ਲਈ ਪੁਲਸ ਵੱਲੋਂ ਵਿੱਢੀ ਮੁਹਿੰਮ ਨੂੰ ਇਸੇ ਤਰ੍ਹਾਂ ਹੀ ਜਾਰੀ ਰੱਖਿਆ ਜਾ ਰਿਹਾ ਹੈ।ਉਨ੍ਹਾਂ ਨਸ਼ਾ ਤਸਕਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਇਸ ਮਾੜੇ ਧੰਦੇ ਨੂੰ ਬੰਦ ਕਰ ਦਿਓ ਜਾਂ ਫਿਰ ਸਖ਼ਤ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਰਹੋ, ਕਿਉਂਕਿ ਪੁਲਸ ਨਸ਼ਿਆਂ ਖਿਲਾਫ਼ ਲਗਾਤਾਰ ਸਖ਼ਤ ਕਾਰਵਾਈ ਕਰ ਰਹੀ ਹੈ।ਕਿਸੇ ਵੀ ਨਸ਼ਾ ਤਸਕਰ ਨੂੰ ਕਿਸੇ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।

## ਅਕਾਲੀ ਫੂਲਾ ਸਿੰਘ ਨਸ਼ਾ ਛੁਡਾਓ ਦਸਤਾਰ ਸਜਾਓ ਮਿਸ਼ਨ ਪੰਜਾਬ ਦੀ ਹੋਈ ਮੀਟਿੰਗ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਡੇਰਾ ਬਾਬਾ ਸ੍ਰੀ ਚੰਦ ਸ਼ਿਵਮ ਕਲੋਨੀ ਸੰਗਰੂਰ ਵਿਖੇ ਅਕਾਲੀ ਫੂਲਾ ਸਿੰਘ ਨਸ਼ਾ ਛੁਡਾਓ ਦਸਤਾਰ ਸਜਾਓ ਮਿਸ਼ਨ ਪੰਜਾਬ ਦੀ ਅਹਿਮ ਮੀਟਿੰਗ ਡੇਰਾ ਮੁਖੀ ਬਾਬਾ ਰਣਧੀਰ ਸਿੰਘ ਦੀ ਅਗਵਾਈ ਹੇਠ ਹੋਈ, ਜਿਸ 'ਚ 'ਨਸ਼ਾ ਛੁਡਾਓ ਦਸਤਾਰ ਸਜਾਓ' ਨੂੰ ਲੈ ਕੇ ਅਹਿਮ ਵਿਚਾਰਾਂ ਹੋਈਆਂ। ਮੀਟਿੰਗ ਦੌਰਾਨ ਬਾਬਾ ਰਣਧੀਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਅਤੇ ਦਸਤਾਰ ਨੂੰ ਬਰਕਰਾਰ ਰੱਖਣ ਲਈ ਮਿਸ਼ਨ ਵੱਲੋਂ ਕੀਤੇ ਜਾ ਰਹੇ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਸਹਿਯੋਗ ਦੇਣ ਦਾ ਐਲਾਨ ਕੀਤਾ ਅਤੇ ਮਿਸ਼ਨ ਦੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਮਿਸ਼ਨ ਵੱਲੋਂ ਬਾਬਾ ਰਣਧੀਰ ਸਿੰਘ ਅਤੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਤੋਂ ਪਹੁੰਚੇ ਸਮਾਜ ਸੇਵੀਆਂ ਦਾ ਸਨਮਾਨ ਕੀਤਾ।ਇਸ ਮੌਕੇ ਮਿਸ਼ਨ ਦੇ ਪ੍ਰਧਾਨ ਜਗਸੀਰ ਸਿੰਘ ਖੰਡੇ ਚੰਦਵਾ, ਖ਼ਜ਼ਾਨਚੀ ਪਾਲੀ ਸਿੰਘ ਕਮਲ ਸਲਾਹਕਾਰ ਸਰਪੰਚ ਉਭਾਵਾਲ, ਸਤਿਗੁਰ ਸਿੰਘ ਖੰਡੇ ਚੰਦਵਾ, ਬਾਬਾ ਕੁਲਵੰਤ ਸਿੰਘ, ਬਾਬਾ ਕੇਵਲ ਸਿੰਘ, ਸੁਰਜੀਤ ਸਿੰਘ ਘਾਰੂ, ਜਸਵੀਰ ਸਿੰਘ ਜੱਸੀ ਐਡਵੋਕੇਟ, ਭਰਪੂਰ ਸਿੰਘ, ਕਰਮ ਸਿੰਘ ਆਦਿ ਵੀ ਹਾਜ਼ਰ ਸਨ।

## ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੀ ਮੀਟਿੰਗ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡ ਭਮਾ ਦੇ ਗੁਰਦੁਆਰਾ ਸਾਹਿਬ ਵਿਖੇ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੀ ਇਕੱਤਰਤਾ ਕੁਲਦੀਪ ਸਿੰਘ ਸੇਖੋਂ ਸਰਪ੍ਰਸਤ ਦੀ ਮੌਜੂਦਗੀ ਵਿੱਚ ਹੋਈ। ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਪ੍ਰੈੱਸ ਸਕੱਤਰ ਰਵਿੰਦਰ ਸਿੰਘ ਨਾਗਰਾ ਨੇ ਦੱਸਿਆ ਕਿ 26 ਨਵੰਬਰ ਤੋਂ ਸੰਯੁਕਤ ਕਿਸਾਨ ਮੋਰਚਾ ਦੇ ਕੋਆਰਡੀਨੇਟਰ ਜਗਜੀਤ ਸਿੰਘ ਡੱਲੇਵਾਲ ਵੱਲੋਂ ਮਰਨ ਵਰਤ ਸ਼ੁਰੂ ਕੀਤਾ ਗਿਆ ਸੀ ਤੇ ਉਸ ਦਿਨ ਤੋਂ ਹੀ ਪਿੰਡਾਂ ਦੇ ਗੁਰੂ ਘਰਾਂ 'ਚ ਉਨ੍ਹਾਂ ਦੀ ਸਿਹਤਯਾਬੀ ਲਈ ਲਗਾਤਾਰ ਅਰਦਾਸ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪਿੰਡ ਭਮਾ ਦੇ ਗੁਰੂ ਘਰ ਵਿੱਚ ਡੱਲੇਵਾਲ ਦੀ ਸਿਹਤਯਾਬੀ ਲਈ ਲਗਾਤਾਰ ਅਰਦਾਸ ਕੀਤੀ ਗਈ, ਜਿਸ 'ਚ ਅੱਜ ਕਿਸਾਨ ਜਥੇਬੰਦੀ ਵੱਲੋਂ ਗ੍ਰੰਥੀ ਸਿੰਘ ਬਲਜੀਤ ਸਿੰਘ ਨੂੰ ਸਿਰੋਪਾਓ ਤੇ ਡੀਟ ਦੇ ਕੇ ਸਨਮਾਨਤ ਕੀਤਾ। ਇਸ ਤੋਂ ਇਲਾਵਾ ਨਾਗਰਾ ਸਿੰਘ ਅਸਲਾਲਾ ਸਾਬਕਾ ਸਰਪੰਚ ਵੱਲੋਂ ਘਨੌਰੀ ਗ੍ਰਾਮ ਪੰਚਾਇਤ ਲਗਾਤਾਰ ਦੁੱਧ ਦੀ ਸੇਵਾ ਨਿਭਾਉਂਦੇ ਰਹੇ, ਨੂੰ ਵੀ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜਸਮੇਰ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ, ਕਰਮਜੀਤ ਇਕਾਈ ਪ੍ਰਧਾਨ, ਸਰਪੰਚ ਜਰਨੈਲ ਸਿੰਘ, ਹਰਭਜਨ ਭਮਾ, ਕਸ਼ਮੀਰ ਨੂਰਪੁਰ, ਅਵਤਾਰ ਪਾਂਗਲੀ, ਗੁਲਜ਼ਾਰ ਤੱਖਰਾਂ, ਗੁਰਦੇਵ ਤੱਖਰਾਂ, ਗੁਰਪ੍ਰੀਤ ਲੱਖੋਵਾਲ, ਕਸ਼ਮੀਰ ਬੈਂਸਾਲਾਂ, ਕਮਲਜੀਤ ਕੌਰ, ਬਿਮਲਾ ਰਾਣੀ, ਸਰਬਜੀਤ ਕੌਰ, ਮਾਇਆ ਕੌਰ, ਹਰਬੰਸ ਕੌਰ, ਪਰਮਜੀਤ ਕੌਰ ਮੌਜੂਦ ਸਨ।

## ਚੇਅਰਮੈਨ ਨੇ ਦੌਲੱਤਵਾਲਾ 'ਚ ਜਿੰਮ ਲਈ ਦਿੱਤੀ 4 ਲੱਖ ਦੀ ਗ੍ਰਾਂਟ



**ਬਾਘਾ ਪੁਰਾਣਾ (ਮਨੀ ਸਿਗਲਾ)**-ਜ਼ਿਲ੍ਹਾ ਯੋਜਨਾ ਬੋਰਡ ਮੋਗਾ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਮਨਜੀਤ ਸਿੰਘ ਦੀਦਾਰੇਵਾਲਾ ਤੇ ਚੇਅਰਮੈਨ ਰਮਨ ਮਿੱਤਲ ਰਿਪੀ ਵੱਲੋਂ ਜ਼ਿਲ੍ਹਾ ਮੋਗਾ ਦੇ ਪਿੰਡਾਂ ਨੂੰ ਵਿਕਾਸ ਪੱਖੋਂ ਸਮੇਂ ਦੇ ਹਾਣੀ ਬਣਾਉਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹੋਂਦ 'ਚ ਆਉਂਦੇ ਹੀ ਘੜੀਆਂ ਗਈਆਂ ਯੋਜਨਾਵਾਂ ਨੂੰ ਹੁਣ ਬੂਰ ਪੈਣ ਲੱਗਾ ਹੈ, ਕਿਉਂਕਿ ਉਨ੍ਹਾਂ ਵੱਲੋਂ ਪਾਰਟੀ ਵਰਕਰਾਂ ਦੀ ਮੰਗ ਅਨੁਸਾਰ ਪਿੰਡਾਂ ਨੂੰ ਜ਼ਿਲ੍ਹਾ ਯੋਜਨਾ ਬੋਰਡ ਦੀ ਤਰਫੋਂ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਮੁਹੱਈਆ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਨ੍ਹਾਂ ਨਾਲ ਪਿੰਡਾਂ ਦੀ ਕਾਇਆ ਕਲਪ ਹੋਣ ਲੱਗੀ ਹੈ। ਚੇਅਰਮੈਨ ਦੀਦਾਰੇਵਾਲਾ ਅਤੇ ਰਿਪੀ ਵੱਲੋਂ ਹੁਣ ਤੱਕ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਲਿਆਂਦੀ ਜਾ ਰਹੀ ਗ੍ਰਾਂਟ ਤਹਿਤ ਪਿੰਡ ਦੌਲੱਤਵਾਲਾ ਵਿਖੇ ਜਿੰਮ ਦੀ ਉਸਾਰੀ ਲਈ ਪਿਛਲੇ ਦਿਨੀਂ 4 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ। ਇਸ ਮੌਕੇ ਨਗਰ ਸੁਧਾਰ ਟਰੱਸਟ ਮੋਗਾ ਦੇ ਚੇਅਰਮੈਨ ਰਮਨ ਮਿੱਤਲ ਰਿਪੀ ਅਤੇ ਮਾਰਕਿਟ ਕਮੇਟੀ ਕੋਟ ਈਸੇ ਖਾਂ ਦੇ ਚੇਅਰਮੈਨ ਅਮਨ ਪੰਡੋਰੀ ਨਾਲ ਪ੍ਰਬੰਧਕਾਂ ਨੂੰ ਗ੍ਰਾਂਟ ਦਾ ਚੈੱਕ ਭੇਟ ਕਰਦਿਆਂ ਚੇਅਰਮੈਨ ਦੀਦਾਰੇਵਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਯੋਜਨਾਬੱਧ ਪਲਾਨ ਤਿਆਰ ਕੀਤਾ ਗਿਆ, ਜਿਸ ਤਹਿਤ ਪਿੰਡਾਂ ਦਾ ਵਿਕਾਸ ਕੀਤਾ ਜਾ ਰਿਹਾ ਹੈ। ਇਸ ਮੌਕੇ ਸਰਪੰਚ ਜਸਪ੍ਰੀਤ ਸਿੰਘ ਜੱਸੂ, ਹਰਮਨਦੀਪ ਸਿੰਘ, ਗੁਰਦੀਪ ਸਿੰਘ ਬਰਾੜ, ਜਗਸੀਰ ਸਿੰਘ ਬਰਾੜ, ਖੁਸ਼ਦੀਪ ਸਿੰਘ ਬਰਾੜ, ਇਕਬਾਲ ਸਿੰਘ ਬਰਾੜ ਹਾਜ਼ਰ ਸਨ।

## ਰਣਜੀਤ ਨਗਰ 'ਚ ਖੁੱਲ੍ਹੇ ਸ਼ਰਾਬ ਦੇ ਠੇਕੇ ਦਾ ਲੋਕਾਂ ਵੱਲੋਂ ਵਿਰੋਧ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਇੱਥੇ ਸਿਊਨਾ ਰੋਡ 'ਤੇ ਸਥਿਤ ਵੱਧ ਗਿਣਤੀ ਵਾਲੇ ਰਣਜੀਤ ਨਗਰ 'ਚ ਸਿਊਨਾ ਚੌਕ 'ਤੇ ਸ਼ਰਾਬ ਦਾ ਠੇਕਾ ਖੁੱਲ੍ਹ ਗਿਆ ਹੈ, ਜਿਸ ਦੀ ਵਿਰੋਧਤਾ ਸਥਾਨਕ ਲੋਕਾਂ ਨੇ ਸਮੂਹਿਕ ਤੌਰ 'ਤੇ ਕੀਤੀ ਹੈ। ਇਸ ਮੌਕੇ ਲੋਕਾਂ ਨੇ ਠੇਕੇ ਨੂੰ ਮੌਕੇ 'ਤੇ ਜਾ ਕੇ ਬੰਦ ਕਰਵਾਇਆ ਅਤੇ ਕਿਹਾ ਕਿ ਜੇਕਰ ਇਹ ਸ਼ਰਾਬ ਦਾ ਠੇਕਾ ਮੁਕੰਮਲ ਤੌਰ 'ਤੇ ਬੰਦ ਨਾ ਕੀਤਾ ਗਿਆ ਤਾਂ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਸਰਪੰਚ ਸੰਤੋਖ ਸਰਪੰਚ, ਪੱਪੂ ਸਰਬ ਸ੍ਰੀ ਅਵਤਾਰ ਸਿੰਘ ਕਾਲਾ, ਹਰਦੀਪ ਸਿੰਘ, ਹਰਜਿੰਦਰ ਕੌਰ, ਰੁਪਿੰਦਰ ਕੌਰ, ਰਣਬੀਰ ਸਿੰਘ, ਬਿਕਰ ਸਿੰਘ, ਜਗਦੀਪ ਸਿੰਘ, ਸਲੋਚਨਾ ਦੇਵੀ, ਅਮਰਜੀਤ ਕੌਰ, ਪ੍ਰਵੀਨ ਰਾਵਤ, ਗੁਰਮੀਤ ਸਿੰਘ ਆਦਿ ਲੋਕਾਂ ਦੀ ਅਗਵਾਈ 'ਚ ਇਕੱਠੇ ਹੋਏ ਲੋਕਾਂ ਨੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਸਰਪੰਚ ਸੰਤੋਖ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਕਾਲੋਨੀ ਰਣਜੀਤ ਨਗਰ 'ਚ ਲੋਕ ਸ਼ਾਂਤੀ ਨਾਲ ਵੱਸਦੇ ਹਨ ਪਰ ਜਿੱਥੇ ਸ਼ਰਾਬ ਦਾ ਠੇਕਾ ਖੁੱਲ੍ਹਿਆ ਹੈ, ਉੱਥੇ ਆਮ ਤੌਰ 'ਤੇ ਪਰਿਵਾਰ ਰਹਿੰਦੇ ਹਨ। ਇਸ ਕਰਕੇ ਆਮ ਲੋਕਾਂ ਨੂੰ ਭਾਰੀ ਮੁਸ਼ਕਲ ਹੋਵੇਗੀ। ਉਨ੍ਹਾਂ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਇਹ ਠੇਕਾ ਤੁਰੰਤ ਬੰਦ ਕੀਤਾ ਜਾਵੇ ਨਹੀਂ ਤਾਂ ਲੋਕਾਂ ਦਾ ਗੁੱਸਾ ਵੱਧ ਜਾਵੇਗਾ ਤੇ ਉਨ੍ਹਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪੈ ਸਕਦਾ। ਮੌਕੇ 'ਤੇ ਠੇਕਾ ਬੰਦ ਕਰਵਾ ਦਿੱਤਾ ਗਿਆ। ਫਿਰ ਵੀ ਠੇਕੇਦਾਰ ਵੱਲੋਂ ਅਜੇ ਤੱਕ ਪੱਕੀ ਹਾਮੀ ਨਾ ਭਰਨ ਕਰਕੇ ਲੋਕਾਂ ਵਿੱਚ ਭਰਮ ਹੈ ਕਿ ਫਿਰ ਠੇਕਾ ਬੰਦ ਕਰਨ ਲਈ ਠੇਕੇਦਾਰ ਤਿਆਰ ਨਹੀਂ ਹੈ, ਜਿਸ ਕਰਕੇ ਸੰਘਰਸ਼ ਕਰਨ ਲਈ ਲੋਕ ਤਿਆਰ ਹਨ।

# ਬਸਤੀ ਗੁਲਾਬ ਵਾਲੀ ਸਕੂਲ 'ਚ ਉਦਘਾਟਨੀ ਪੱਥਰ ਨਾਲ ਚਿਪਕਾਇਆ ਪੋਸਟਰ ਬਣਿਆ ਚਰਚਾ ਦਾ ਵਿਸ਼ਾ

**ਮਮਦੋਟ (ਜਸਬੀਰ ਸਿੰਘ ਕੰਬੋਜ)**-ਪੰਜਾਬ ਸਿਖਿਆ ਕ੍ਰਾਂਤੀ ਤਹਿਤ ਪੰਜਾਬ ਭਰ ਦੇ ਸਕੂਲਾਂ ਵਿੱਚ ਵਿਧਾਇਕਾਂ ਤੇ ਮੰਤਰੀਆਂ ਵੱਲੋਂ ਸਰਕਾਰੀ ਸਕੂਲਾਂ ਵਿੱਚ ਆਪ ਸਰਕਾਰ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾ ਰਹੇ ਹਨ ਤੇ ਸਕੂਲਾਂ ਦੇ ਸਮੂਹ ਸਟਾਫ ਤੇ ਪੰਚਾਇਤਾਂ ਇਨ੍ਹਾਂ ਉਦਘਾਟਨੀ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਵੀ ਕਰ ਰਹੀਆਂ ਹਨ, ਪ੍ਰੰਤੂ ਜ਼ਿਲ੍ਹਾ ਫਿਰੋਜ਼ਪੁਰ ਦੇ ਮਮਦੋਟ ਬਲਾਕ ਵਿੱਚ ਪੈਂਦੇ ਪਿੰਡ ਬਸਤੀ ਗੁਲਾਬ ਸਿੰਘ ਵਾਲੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਵਿਕਾਸ ਕਾਰਜਾਂ ਦੇ ਉਦਘਾਟਨ ਸਮੇਂ ਬੜੀ ਅਜੀਬ ਸਥਿਤੀ ਉਸ ਵੇਲੇ ਬਣੀ ਜਦ ਉਦਘਾਟਨ ਵਾਸਤੇ ਲਗਾਏ ਪੱਥਰ ਦੇ ਬਿਲਕੁਲ ਨਜ਼ਦੀਕ ਕਿਸੇ ਵਿਅਕਤੀ ਵੱਲੋਂ ਬਿਨਾਂ ਕਿਸੇ ਦਾ ਨਾਮ ਲਿਖੇ ਜਾਂ ਕਿਸੇ ਵੀ ਕਿਸਮ ਦੇ ਦਸਤਖ਼ਤ ਤੋਂ ਬਿਨਾਂ ਇਸ ਉਦਘਾਟਨ 'ਤੇ ਸਵਾਲ ਚੁਕਦਿਆਂ ਕੁੱਝ ਕੁ ਮੰਗਾਂ ਲਿਖ ਕੇ ਇੱਕ ਪੋਸਟਰ ਚਿਪਕਾ ਦਿੱਤਾ ਗਿਆ, ਜਿਸ ਨੂੰ ਪ੍ਰਬੰਧਕਾਂ ਨੇ ਵੀ ਨਾ ਹਟਾਇਆ। ਆਪਣੀ ਟੀਮ ਜਿਸ ਵਿੱਚ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਬਲਾਕ ਸਿੱਖਿਆ ਅਫ਼ਸਰ ਜਸਵਿੰਦਰ ਸਿੰਘ, ਦਲਜੀਤ ਸਿੰਘ ਬਾਬਾ ਉੱਪ ਪ੍ਰਧਾਨ ਨਗਰ ਪੰਚਾਇਤ ਮਮਦੋਟ ਤੇ ਹੋਰ ਆਗੂਆਂ ਨਾਲ ਉਦਘਾਟਨ ਕਰਨ ਪੁੱਜੇ ਐਡਵੋਕੇਟ ਰਜਨੀਸ਼ ਦਹੀਆ ਨੂੰ ਜਦ ਪੋਸਟਰ ਬਾਰੇ ਦੱਸਿਆ ਤਾਂ ਉਨ੍ਹਾ ਕਿਹਾ ਕਿ ਪਹਿਲੀ ਗੱਲ ਤੇ ਇਹ ਹੈ ਕਿ ਸਮੂਹ ਪਿੰਡ ਵਾਸੀਆਂ ਦੇ ਨਾਮ 'ਤੇ ਜੋ ਇਹ ਪੋਸਟਰ ਲਗਾਇਆ ਗਿਆ ਹੈ, ਇਹ ਬੇਨਾਮੀ ਹੈ ਤੇ ਕਿਸੇ ਦਾ ਨਾਮ ਜਾਂ ਦਸਤਖ਼ਤ ਨਹੀਂ ਹਨ। ਉਨ੍ਹਾ ਕਿਹਾ ਕਿ ਅਸੀਂ ਇਸ ਪੋਸਟਰ 'ਤੇ ਜੋ ਵੀ ਲਿਖਿਆ ਹੈ, ਸਭ ਦੇ ਸਾਹਮਣੇ ਪੜ੍ਹਾਂਗੇ ਤੇ ਜਵਾਬ ਵੀ ਦੇਵਾਂਗੇ ਤੇ ਬਾਅਦ ਵਿੱਚ ਉਦਘਾਟਨ ਕਰਾਂਗੇ। ਉਨ੍ਹਾ ਪੋਸਟਰ ਪੜ੍ਹਿਆ, ਜਿਸ ਉੱਪਰ ਲਿਖਿਆ ਸੀ ਕਿ 'ਅਸੀਂ ਸਮੂਹ ਨਗਰ ਨਿਵਾਸੀ ਪਿੰਡ ਬਸਤੀ ਗੁਲਾਬ ਸਿੰਘ ਵਾਲੀ ਜ਼ਿਲ੍ਹਾ ਫਿਰੋਜ਼ਪੁਰ ਦੇ ਰਹਿਣ ਵਾਲੇ ਹਾਂ, ਇਹ ਕਿ ਜੋ ਅੱਜ ਮਿਤੀ 19-04-2025 ਨੂੰ ਪਿੰਡ ਵਿੱਚ ਜਿਸ ਸਕੂਲ ਦੀ ਬਿਲਡਿੰਗ ਦਾ ਉਦਘਾਟਨ ਐੱਮ.ਐੱਲ.ਏ. ਸਾਹਿਬ ਰਜਨੀਸ਼ ਦਹੀਆ ਵੱਲੋਂ ਕੀਤਾ ਜਾ ਰਿਹਾ ਹੈ, ਜਦਕਿ ਉਹ ਬਿਲਡਿੰਗ ਤਾਂ ਪੁਰਾਣੀ ਹੈ ਅਤੇ ਇਹ ਬਿਲਡਿੰਗ 2016 ਵਿੱਚ ਬਣੀ ਸੀ ਅਤੇ ਜੋ ਸਾਲ 2022 ਵਿੱਚ ਜੋ ਸਟੀਲ ਦੀ ਪਾਣੀ ਵਾਲੀ ਟੈਂਕੀ ਆਈ ਸੀ, ਉਸ ਦਾ ਵੀ ਵੇਰਵਾ ਦਿੱਤਾ ਜਾਵੇ ਜੀ. ਅਤੇ ਜੋ ਐੱਮ.ਐੱਲ.ਏ. ਰਜਨੀਸ਼ ਦਹੀਆ ਨੇ ਕਿਹਾ ਸੀ ਕਿ ਪਿੰਡ ਬਸਤੀ ਗੁਲਾਬ ਸਿੰਘ ਵਾਲੀ ਵਿਖੇ ਜੋ ਛੱਪੜ ਹੈ ਉਹ ਬਣ ਗਿਆ ਹੈ, ਜਦਕਿ ਪਿੰਡ ਵਿੱਚ ਕੋਈ ਵੀ ਛੱਪੜ ਨਹੀਂ ਬਣਿਆ ਹੈ।' ਪੋਸਟਰ ਪੜ੍ਹਨ ਉਪਰੰਤ ਸ੍ਰੀ ਦਹੀਆ ਨੇ ਪਹਿਲਾਂ ਉਸੇ ਦੇ ਹੇਠ ਆਪਣੇ ਹਰੇ ਪੈੱਨ ਨਾਲ ਜਵਾਬ ਲਿਖਿਆ ਕਿ 'ਅਸੀਂ ਸਕੂਲ ਦਾ ਨਹੀਂ, ਬਲਕਿ ਜੋ ਸਕੂਲ ਦੀ ਚਾਰਦੀਵਾਰੀ ਨਵੀਂ ਬਣਾਈ ਗਈ ਹੈ, ਉਸ ਦਾ ਉਦਘਾਟਨ ਕਰਨਾ ਹੈ ਤੇ ਦੂਸਰਾ ਜੋ ਪਾਣੀ ਵਾਲੀ ਸਟੀਲ ਦੀ ਟੈਂਕੀ ਉਹ ਐੱਮ ਪੀ ਸੁਖਬੀਰ ਸਿੰਘ ਬਾਦਲ ਵੱਲੋਂ ਉਸ ਸਮੇਂ ਦੀ ਪੰਚਾਇਤ ਨੂੰ ਦਿੱਤੀ ਹੋ ਸਕਦੀ ਹੈ, ਇਹ ਤੁਸੀਂ ਦੱਸਣਾ ਹੈ ਕਿ ਉਹ ਕਿਸ ਵਿਅਕਤੀ ਪਾਸ ਹੈ ਤੇ ਸੰਬੰਧਤ ਮਹਿਕਮੇ ਨੂੰ ਦਰਖ਼ਾਸਤ ਦੇ ਕੇ ਉਸ ਵਿਅਕਤੀ ਪਾਸੋਂ ਹਾਸਲ ਕੀਤੀ ਜਾਵੇ। ਤੀਸਰਾ ਜੋ ਛੱਪੜ ਦਾ ਮਾਮਲਾ ਹੈ, ਉਹ ਜਿਸ ਵਿਅਕਤੀ ਨੇ ਜ਼ਮੀਨ ਦਾਨ ਕੀਤੀ ਹੈ, ਉਸ ਸਬੰਧੀ ਕਨੂੰਨੀ ਪ੍ਰਕਿਰਿਆ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਜ਼ਮੀਨ ਪੰਚਾਇਤ ਦੇ ਨਾਮ ਹੋ ਜਾਣ ਤੋਂ ਬਾਅਦ ਹੀ ਛੱਪੜ ਸਬੰਧੀ ਗਰਾਂਟ ਮਨਜ਼ੂਰ ਹੋ ਸਕੇਗੀ। ਜਵਾਬ ਲਿਖਣ ਉਪਰੰਤ ਉਨ੍ਹਾ ਰਿਬਨ ਕਟਦੇ ਹੋਏ ਛੋਟੇ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ ਤੇ ਉਪਰੰਤ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਪੋਸਟਰ ਵਾਲੀ ਸ਼ਰਾਰਤ ਕੋਈ ਵੱਡੀ ਜਾਂ ਨਵੀਂ ਗੱਲ ਨਹੀਂ, ਬਲਕਿ ਲੱਗਪੱਗ ਹਰੇਕ ਪਿੰਡ ਵਿੱਚ ਹੀ ਅਜਿਹੇ ਪੰਜ-ਸੱਤ ਬੰਦੇ ਹੁੰਦੇ ਈ ਆ, ਜੋ ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਰੋੜਾ ਅਟਕਾਉਂਦੇ ਹੀ ਹੁੰਦੇ ਹਨ ਅਤੇ ਤੁਸੀਂ ਅਜਿਹੇ ਲੋਕਾਂ ਦੀ ਪ੍ਰਵਾਹ ਕੀਤੇ ਬਗੈਰ ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਸਰਕਾਰ ਦਾ ਸਹਿਯੋਗ ਦਿਉ ਤਾਂ ਜੋ ਪਿੰਡਾਂ ਦੇ ਲੋਕ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਨਾ ਰਹਿਣ। ਇਸ ਮੌਕੇ ਨਿਰਵੈਰ ਸਿੰਘ ਸਿੰਧੀ, ਪ੍ਰਤਾਪ ਸਿੰਘ ਸਰਪੰਚ ਬਸਤੀ ਗੁਲਾਬ ਸਿੰਘ ਤੇ ਸਮੂਹ ਮੈਂਬਰ ਸਹਿਬਾਨ, ਸਜਵਾਰ ਸਿੰਘ ਸਰਪੰਚ ਚੱਕ ਖੁੰਦਰ, ਜਸਬੀਰ ਸਿੰਘ ਚੇਅਰਮੈਨ ਐੱਸ ਐੱਮ ਸੀ, ਬਲਵਿੰਦਰ ਸਿੰਘ ਲੱਡੂ ਸਰਪੰਚ ਹਜਾਰਾ ਸਿੰਘ ਵਾਲਾ, ਸੰਦੀਪ ਸੋਨੀ, ਤਰਸੇਮ ਸਿੰਘ ਸੋਨੂ ਛੱਪੜ, ਹਰਜਿੰਦਰ ਸਿੰਘ ਹਜਾਰਾ ਸੋਸ਼ਲ ਮੀਡੀਆ ਇੰਚਾਰਜ ਤੇ ਸਕੂਲ ਦਾ ਸਮੂਹ ਸਟਾਫ ਤੇ ਬੱਚਿਆਂ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

**ਵਿਧਾਇਕ ਦਹੀਆ ਨੇ ਉਸੇ ਪੋਸਟਰ 'ਤੇ ਪਹਿਲਾਂ ਲਿਖਿਆ ਜਵਾਬ, ਫੇਰ ਕੀਤਾ ਉਦਘਾਟਨ**



## ਰਜਿੰਦਰਾ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਨੇ ਦਿੱਤਾ ਅਸਤੀਫ਼ਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪਟਿਆਲਾ ਦੇ ਰਜਿੰਦਰਾ ਹਸਪਤਾਲ ਦੇ ਨਾਲ ਜੁੜੀ ਹੋਈ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ।ਜਾਣਕਾਰੀ ਅਨੁਸਾਰ, ਇੱਥੋਂ ਮੈਡੀਕਲ ਸੁਪਰਡੈਂਟ ਗਿਰੀਸ਼ ਸਾਹਨੀ ਵੱਲੋਂ ਅਸਤੀਫ਼ਾ ਦੇ ਦਿੱਤਾ ਗਿਆ ਹੈ।

ਇੱਥੇ ਦੱਸ ਦਈਏ ਕਿ ਬਿਜਲੀ ਦੇ ਕੱਟ ਤੇ ਹਸਪਤਾਲ ਵਿੱਚ ਪਾਣੀ ਭਰਨ ਦੀਆਂ ਖ਼ਬਰਾਂ ਦੇ ਕਾਰਨ ਰਜਿੰਦਰਾ ਹਸਪਤਾਲ ਸੁਰਖੀਆਂ ਵਿੱਚ ਆ ਗਿਆ ਸੀ, ਜਿਸ ਕਾਰਨ ਡਾ. ਸਾਹਨੀ ਜੋ ਕਿ ਮੈਡੀਕਲ ਸੁਪਰਡੈਂਟ ਸਨ, ਨੂੰ ਭਾਰੀ ਵਿਵਾਦ ਦਾ ਵੀ ਸਾਹਮਣਾ ਕਰਨਾ ਪਿਆ ਸੀ। ਜਾਣਕਾਰੀ ਇਹ ਵੀ ਹੈ ਕਿ ਡਾ. ਸਾਹਨੀ ਆਰਥੋ ਡਿਪਾਰਟਮੈਂਟ ਦੇ ਹੈੱਡ ਹਨ ਤੇ ਹੱਡੀਆਂ ਦੇ ਰੋਗਾਂ ਦੇ ਮਾਹਰ ਡਾਕਟਰ ਹਨ।ਉਨ੍ਹਾਂ ਕੋਲ ਮੈਡੀਕਲ ਸੁਪਰਡੈਂਟ ਦਾ ਵਾਧੂ ਚਾਰਜ ਸੀ, ਜਿਸ ਤੋਂ ਸਾਹਨੀ ਵੱਲੋਂ ਅਸਤੀਫ਼ਾ ਦੇ ਦਿੱਤਾ ਗਿਆ ਹੈ।ਹਾਲਾਂਕਿ ਬਾਕੀ ਦੇ ਚਾਰਜ ਡਾ. ਸਾਹਨੀ ਕੋਲ ਰਹਿਣਗੇ।

# ਸਾਬਕਾ ਓ ਐੱਸ ਡੀ ਅੰਕਿਤ ਬਾਂਸਲ ਜਗਰਾਓਂ ਵਿਖੇ ਲੱਗੇ ਕੁਦਰਤ ਦਾ ਪਿੰਡ ਵੇਖਣ ਪਹੁੰਚੇ

**ਜਗਰਾਉ (ਅਮਿਤ ਖੰਨਾ)**



ਲਾਲਾ ਲਾਜਪਤ ਰਾਏ ਚੈਰੀਟੇਬਲ ਵੈਲਫੇਅਰ ਸੋਸਾਇਟੀ ਜਗਰਾਓਂ ਦੇ ਸਰਪ੍ਰਸਤ ਅਤੇ ਮੁੱਖ ਮੰਤਰੀ ਪੰਜਾਬ ਦੇ ਸਾਬਕਾ ਓ ਐੱਸ ਡੀ ਅੰਕਿਤ ਬਾਂਸਲ ਦਾ ਜਗਰਾਓਂ ਪਹੁੰਚਣ 'ਤੇ ਚੈਰੀਟੇਬਲ ਵੈਲਫੇਅਰ ਸੋਸਾਇਟੀ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।ਸਾਬਕਾ ਓ ਐੱਸ ਡੀ ਬਾਂਸਲ ਜਗਰਾਓਂ ਵਿਖੇ ਲੱਗੇ ਹੋਏ ਕੁਦਰਤ ਦਾ ਪਿੰਡ ਵੇਖਣ ਪਹੁੰਚੇ ਸੀ।ਇਸ ਮੌਕੇ ਉਨ੍ਹਾਂ ਨੇ ਗ੍ਰੀਨ ਪੰਜਾਬ ਮਿਸ਼ਨ ਟੀਮ ਵੱਲੋਂ ਲਗਾਏ ਗਏ ਕੁਦਰਤ ਦੇ ਪਿੰਡ ਵਿੱਚ ਲੱਗੀ ਪ੍ਰਦਰਸ਼ਨੀ ਨੂੰ ਦੇਖਿਆ ਅਤੇ ਟੀਮ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਵੀ ਕੀਤੀ।ਗ੍ਰੀਨ ਮਿਸ਼ਨ ਦੇ ਪ੍ਰਮੁੱਖ ਅਧਿਕਾਰੀ ਸਤਪਾਲ ਦੇਹੜਕਾ ਨੇ ਬਾਂਸਲ ਨੂੰ ਦੱਸਿਆ ਕਿ ਟੀਮ ਵੱਲੋਂ ਜਗਰਾਓਂ ਵਿਖੇ ਲਗਭਗ 70 ਹਜ਼ਾਰ ਬੂਟੇ ਲਗਾ ਕੇ ਉਨ੍ਹਾਂ ਦੀ ਸਾਂਭ-ਸੰਭਾਲ ਕੀਤੀ ਜਾ ਰਹੀ ਹੈ ਅਤੇ 30 ਹਜ਼ਾਰ ਬੂਟੇ ਹੋਰ ਲਗਾਉਣ ਦਾ ਟੀਚਾ ਮਿੱਥਿਆ ਹੋਇਆ ਹੈ।ਗ੍ਰੀਨ ਮਿਸ਼ਨ ਟੀਮ ਦਾ ਮੁੱਖ ਟੀਚਾ ਪੰਜਾਬ ਦੇ ਇੱਕ ਤਿਹਾਈ ਹਿੱਸੇ ਨੂੰ ਹਰਾ ਭਰਾ ਜੰਗਲ ਬਣਾਉਣ ਦਾ ਹੈ, ਜਿਸ 'ਚ ਪੰਜਾਬ ਵਾਸੀਆਂ ਦੇ ਸਹਿਯੋਗ ਦੀ ਅਹਿਮ ਜ਼ਰੂਰਤ ਹੈ ।ਸਤਪਾਲ ਨੇ ਬਾਂਸਲ ਨੂੰ ਸੰਸਥਾ ਦੀ ਮੰਗਾਂ ਤੋਂ ਵੀ ਜਾਣੂ ਕਰਵਾਇਆ।ਬਾਂਸਲ ਨੇ ਕਿਹਾ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਪੰਜਾਬ ਅਤੇ ਕੇਂਦਰ ਸਰਕਾਰ ਤੱਕ ਪਹੁੰਚਾਣ 'ਚ ਉਹ ਹਰ ਸੰਭਵ ਕੋਸ਼ਿਸ਼ ਕਰਨਗੇ।ਇਸ ਮੌਕੇ ਅੰਕਿਤ ਬੰਸਲ ਨੇ ਆਪਣੀ ਸੰਸਥਾ ਲਾਲਾ ਲਾਜਪਤ ਰਾਏ ਚੈਰੀਟੇਬਲ ਵੈਲਫੇਅਰ ਸੋਸਾਇਟੀ ਨਾਲ ਵੀ ਮੀਟਿੰਗ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਜੀ ਖੁਦ ਵਕੀਲ ਸਨ ਤੇ ਅਤੇ ਉਨ੍ਹਾਂ ਦੀ ਸੋਚ ਸੀ ਕਿ ਪੰਜਾਬ ਦਾ ਹਰ ਬੱਚਾ ਪੜ੍ਹ-ਲਿਖ ਕੇ ਆਪਣੇ ਦੇਸ਼ ਦਾ ਨਾਂਅ ਰੌਸ਼ਨ ਕਰੇ।ਉਨ੍ਹਾਂ ਦੀ ਸੋਚ 'ਤੇ ਹੀ ਚਲਦੇ ਹੋਏ ਲਾਲਾ ਲਾਜਪਤ ਰਾਏ ਚੈਰੀਟੇਬਲ ਵੈਲਫੇਅਰ ਸੋਸਾਇਟੀ ਵੱਲੋਂ ਲੋੜਮੰਦ ਵਿਦਿਆਰਥੀਆਂ ਦੀ ਮਦਦ ਕੀਤੀ ਜਾਂਦੀ ਹੈ ਅਤੇ ਸੰਸਥਾ ਲੋੜਮੰਦ ਵਿਦਿਆਰਥੀਆਂ ਨੂੰ ਮਦਦ ਕਰਨ ਲਈ ਵਚਨਬੱਧ ਹੈ।

ਬੰਸਲ ਨੇ ਕਿਹਾ ਕਿ ਲਾਲਾ ਲਾਜਪਤ ਰਾਏ ਜੀ ਦੇ ਜੱਦੀ ਘਰ ਸਬੰਧੀ ਉਹ ਬਹੁਤ ਹੀ ਜਲਦੀ ਮੁੱਖ ਮੰਤਰੀ ਅਤੇ ਕੇਂਦਰ ਦੇ ਮੰਤਰੀਆਂ ਨੂੰ ਮਿਲਣਗੇ ਤੇ ਉਨ੍ਹਾਂ ਦੀ ਭਰਪੂਰ ਕੋਸ਼ਿਸ਼ ਹੋਵੇਗੀ ਕਿ ਮੁੱਖ ਮੰਤਰੀ ਪੰਜਾਬ ਅਤੇ ਭਾਰਤ ਦੇ ਗ੍ਰਹਿ ਮੰਤਰੀ ਖੁੱਦ ਲਾਲਾ ਲਾਜਪਤ ਰਾਏ ਜੀ ਦੇ ਘਰ ਸ਼ਰਧਾ ਦੇ ਫੁੱਲ ਭੇਟ ਕਰਨ ਪਹੁੰਚਣ।

# ਰਾਜਸੀ ਪਾਰਟੀਆਂ ਦਾ ਡਾ. ਅੰਬੇਡਕਰ ਨਾਲ ਪਿਆਰ ਸਿਰਫ ਵੋਟ ਬੈਂਕ ਤੱਕ ਸੀਮਤ : ਕਾਲੀ ਪਾਇਲ

**ਦੋਰਾਹਾ (ਹਰਮਿੰਦਰ ਸੇਠ)**-ਭਾਰਤ ਵਿੱਚ ਹਰ ਇੱਕ ਰਾਜਨੀਤਕ ਪਾਰਟੀ ਡਾਕਟਰ ਅੰਬੇਡਕਰ ਸਾਹਿਬ ਤੇ ਉਸ ਦੇ ਨੀਲੇ ਝੰਡੇ ਨੂੰ ਆਪਣੇ ਗਲ ਵਿੱਚ ਪਾਈ ਫਿਰਦੀ ਹੈ, ਪ੍ਰੰਤੂ ਅੱਜ ਤੋਂ ਕੁਝ ਸਾਲ ਪਹਿਲਾਂ ਇਹ ਹੀ ਰਾਜਨੀਤਕ ਪਾਰਟੀਆਂ, ਜੋ ਡਾ. ਅੰਬੇਡਕਰ ਸਾਹਿਬ ਦੀ ਗੱਲ ਕਰਦੇ ਸਨ, ਉਨ੍ਹਾਂ ਨੂੰ ਗੋਲੀ ਮਰਵਾ ਦਿੰਦੀਆਂ ਸਨ ਅਤੇ ਉਨ੍ਹਾਂ ਉੱਪਰ ਝੂਠੇ ਪਰਚੇ ਦਰਜ ਕਰਵਾ ਕੇ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਫੈਲਾਉਣ ਵਾਲਿਆਂ ਦਾ ਵਿਰੋਧ ਕਰਦੀਆਂ ਸਨ, ਪ੍ਰੰਤੂ ਕਾਂਸ਼ੀ ਰਾਮ ਸਾਹਿਬ ਨੇ ਅਜਿਹਾ ਬੀਜ ਬੀਜਿਆ ਕਿ ਅੱਜ ਰਾਜਨੀਤਕ ਪਾਰਟੀਆਂ ਡਾ. ਅੰਬੇਡਕਰ ਸਾਹਿਬ ਨੂੰ ਆਪਣਾ ਰਹਿਬਰ ਮੰਨਣ ਲਈ ਮਜਬੂਰ ਹਨ, ਇਹ ਮਜਬੂਰੀ ਸਿਰਫ ਉਨ੍ਹਾਂ ਦੀ ਬਹੁ-ਗਿਣਤੀ ਲੋਕਾਂ ਦੀ ਵੋਟ ਬੈਂਕ ਤੱਕ ਸੀਮਤ ਹੈ। ਡਾਕਟਰ ਅੰਬੇਡਕਰ ਦੇ ਸਿਧਾਂਤਾਂ ਤੇ ਉਸ ਦੇ ਸਮਾਜ ਪ੍ਰਤੀ ਇਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਹੈ, ਉਨ੍ਹਾਂ ਦਾ ਇਹ ਦਿਖਾਵਾ ਸਿਰਫ ਦਲਿਤ ਸਮਾਜ ਵਿੱਚ ਆਈ ਜਾਗ੍ਰਤੀ ਤੇ ਉਨ੍ਹਾਂ ਦੇ ਵੋਟ ਬੈਂਕ ਤੱਕ ਸੀਮਤ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਪਹਿਰ ਤੋਂ ਆਜ਼ਾਦ ਚੋਣ ਲੜ ਚੁੱਕੇ ਉੱਘੇ ਅੰਬੇਡਕਰਵਾਦੀ ਗੁਰਦੀਪ ਸਿੰਘ ਕਾਲੀ ਦੀ ਅਗਵਾਈ ਵਿੱਚ ਪਾਇਲ, ਦੋਰਾਹਾ, ਬੀਜਾ, ਸਮਰਾਲਾ, ਖੰਨਾ ਵਿੱਚ ਨੌਜਵਾਨਾਂ, ਔਰਤਾਂ, ਬੀਬੀਆਂ, ਭਾਈਆਂ ਦੇ ਸਹਿਯੋਗ ਨਾਲ ਬਾਬਾ ਸਾਹਿਬ ਦੇ ਜੀਵਨ ਨੂੰ ਸਮਰਪਤ ਕੱਢੇ ਗਏ ਵੱਡੇ ਰੋਡ ਸ਼ੋਅ ਦੀ ਸਮਾਪਤੀ ਵੇਲੇ ਖੰਨਾ ਦੇ ਲਲਹੇੜੀ ਚੌਕ ਵਿੱਚ ਸਮਾਪਤੀ ਤੋਂ ਬਾਅਦ ਕੀਤਾ। ਇਸ ਮੌਕੇ ਸਾਬਕਾ ਮੈਨੇਜਰ ਸੁਖਦੇਵ ਸਿੰਘ, ਨਿਰਮਲ ਸਿੰਘ ਮਹਿਮੀ, ਤਰਲੋਚਨ ਸਿੰਘ, ਕੁਲਦੀਪ ਸਿੰਘ, ਅੰਮ੍ਰਿਤ ਭਾਰਤੀ, ਅਸ਼ੋਕ ਕੁਮਾਰ, ਸਾਬਕਾ ਥਾਣੇਦਾਰ ਰਣਜੀਤ ਸਿੰਘ, ਮਨੀ ਮੱਟੂ, ਬੀਬੀ ਜਸਵਿੰਦਰ ਕੌਰ ਤੇ ਹੋਰ ਬਹੁਤ ਸਾਰੇ ਬੁਲਾਰਿਆਂ ਨੇ ਸਮਾਪਤੀ ਭਾਸ਼ਣ 'ਤੇ ਬੋਲਦਿਆਂ ਕਿਹਾ ਕਿ ਅਗਲੀ ਵਾਰ ਇਸ ਤੋਂ ਵੀ ਵੱਡੇ ਪੱਧਰ ਉੱਪਰ ਇਹ ਮਾਰਚ ਕੀਤਾ ਜਾਵੇਗਾ, ਕਿਉਂਕਿ ਇਹ ਮਾਰਚ ਨਾਲ ਲੋਕਾਂ ਵਿੱਚ ਵੱਡੀ ਉਮੀਦ ਤੇ ਉਤਸ਼ਾਹ ਜਾਗਿਆ ਹੈ।

ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ ਜਿਸ ਤਰ੍ਹਾਂ ਲੋਕਾਂ ਵਿੱਚ ਉਤਸ਼ਾਹ ਦੇਖਿਆ ਗਿਆ ਲੋਕਾਂ ਨੇ ਆਪਣੇ ਆਪ ਤੇ ਆਪ ਮੁਹਾਰੇ ਹੀ ਠੰਡੇ ਪਾਣੀ ਦੀਆਂ ਛਬੀਲਾਂ, ਚਾਹ ਤੇ ਲੰਗਰ ਦਾ ਪ੍ਰਬੰਧ ਕੀਤਾ। ਇਸ ਤੋਂ ਸਪੱਸ਼ਟ ਹੈ ਕਿ ਲੋਕਾਂ ਅੰਦਰ ਅੰਬੇਡਕਰ ਸਾਹਿਬ ਪ੍ਰਤੀ ਬਹੁਤ ਵੱਡਾ ਪਿਆਰ ਤੇ ਸ਼ਰਧਾ ਹੈ। ਇਸ ਨਾਲ ਰਾਜਨੀਤਕ ਪਾਰਟੀਆਂ ਦੀ ਨੀਂਦ ਹਰਾਮ ਹੋਈ ਪਈ ਹੈ, ਜਿਸ ਕਰਕੇ ਇਹ ਲੋਕ ਤਰ੍ਹਾਂ ਤਰ੍ਹਾਂ ਦੇ ਤਰੀਕੇ ਨਾਲ ਡਾ. ਅੰਬੇਡਕਰ ਸਾਹਿਬ ਤੇ ਉਸ ਦੇ ਸਮਾਜ ਨੂੰ ਟਾਰਗੇਟ ਕਰ ਰਹੇ ਹਨ। ਸੋ ਅਸੀਂ ਸਮਾਜ ਦੇ ਲੋਕਾਂ ਨੂੰ ਬੇਨਤੀ ਕਰਦੇ ਹਾਂ ਸਿਰਫ ਅੰਬੇਡਕਰ ਸਾਹਿਬ ਕਹਿਣ ਤੇ ਰੋਡ ਮਾਰਚ ਨਾਲ ਕੰਮ ਨਹੀਂ ਚੱਲਣਾ, ਆਪਣੇ ਵੋਟ ਬੈਂਕ ਨੂੰ ਇਕੱਠਾ ਕਰਕੇ ਅੰਬੇਡਕਰ ਸਾਹਿਬ ਦੀ ਵਿਚਾਰਧਾਰਾ ਵਾਲੀ ਪਾਰਟੀ ਨੂੰ ਸੱਤਾ ਵਿੱਚ ਲੈ ਕੇ ਆਓ ਤਾਂ ਜੋ ਸਾਡੇ ਉੱਪਰ ਸਦੀਆਂ ਤੋਂ ਅੱਤਿਆਚਾਰ ਹੋ ਰਿਹਾ ਹੈ, ਉਸ ਨੂੰ ਖਤਮ ਕਰਕੇ ਸਮਾਜ ਤੇ ਦੇਸ਼ ਨੂੰ ਵਧੀਆ ਸੇਧ ਤੇ ਉਸਾਰੀ ਵੱਲ ਲਜਾਇਆ ਜਾ ਸਕੇ।

**ਪੰਜ ਸ਼ਹਿਰਾਂ ਦਾ ਰੋਡ ਸ਼ੋਅ ਉਤਸ਼ਾਹ ਤੇ ਉਲਾਸ ਨਾਲ ਸਮਾਪਤ**



# ਸਿੱਖਿਆ ਕ੍ਰਾਂਤੀ ਦੀ ਸਾਰਥਿਕਤਾ ਹੈ ਸਕੂਲਾਂ 'ਚ ਅਧਿਆਪਕ ਭਰਤੀ ਕੀਤੇ ਜਾਣ 'ਚ : ਡੀ ਟੀ ਐੱਫ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਸਰਕਾਰ ਵੱਲੋਂ ਕਥਿਤ 'ਸਿੱਖਿਆ ਕ੍ਰਾਂਤੀ' ਦੇ ਨਾਂਅ ਹੇਠ ਸ਼ੋਸ਼ੇਬਾਜੀ 'ਤੇ ਪੂਰਾ ਪ੍ਰਚਾਰ ਕਰਕੇ ਪੰਜਾਬ ਦੀ ਜਨਤਾ ਅਤੇ ਸਿੱਖਿਆ ਜਗਤ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦਕਿ ਹਕੀਕਤ ਇਹ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਹਿਸਾਬ, ਸਾਇੰਸ ਅਤੇ ਹੋਰ ਮਹੱਤਵਪੂਰਨ ਵਿਸ਼ਿਆਂ ਦੀਆਂ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ।ਹੋਰ ਤਾਂ ਹੋਰ ਬਹੁਤ ਸਾਰੇ ਸਕੂਲਾਂ ਵਿੱਚ ਸਾਲਾਂ ਬੱਧੀ ਪ੍ਰਿੰਸੀਪਲ ਹੀ ਨਹੀਂ ਪੋਸਟ ਕੀਤੇ ਗਏ।ਅਜਿਹੇ ਹਾਲਾਤ 'ਚ ਕਥਿਤ ਸਿੱਖਿਆ ਕ੍ਰਾਂਤੀ ਕਿਵੇਂ ਸਫਲ ਹੋ ਸਕਦੀ ਹੈ।ਇਹ ਵਿਚਾਰ ਡੇਮੋਕ੍ਰੇਟਿਕ ਟੀਚਰਜ਼ ਫਰੰਟ ਜ਼ਿਲ੍ਹਾ ਲੁਧਿਆਣਾ ਦੇ ਸਕੱਤਰ ਰੁਪਿੰਦਰ ਸਿੰਘ ਜੰਡਿਆਲੀ ਨੇ ਪੱਤਰਕਾਰ ਨਾਲ ਗੱਲ ਕਰਦਿਆਂ ਦੱਸਿਆ।ਉਨ੍ਹਾਂ ਕਿਹਾ ਕਿ ਜਦੋਂ ਸਰਕਾਰੀ ਸਕੂਲਾਂ ਵਿੱਚ ਟੀਚਰਜ਼ ਦੀਆਂ ਅਸਾਮੀਆਂ ਖਾਲੀ ਪਈਆਂ ਹੋਣ ਅਤੇ ਲੋੜੀਂਦੇ ਸਾਜੋ-ਸਮਾਨ ਦੀ ਘਾਟ ਹੋਵੇ ਤਾਂ ਸਿੱਖਿਆ ਕ੍ਰਾਂਤੀ ਦਾ ਕੋਈ ਅਰਥ ਨਹੀਂ ਰਹਿ ਜਾਂਦਾ।ਉਨ੍ਹਾਂ ਕਿਹਾ ਕਿ ਜਦੋਂ ਟੀਚਰ ਆਪਣੇ ਹੱਕ ਮੰਗਦੇ ਹਨ ਤਾਂ ਉਹਨਾਂ ਨੂੰ ਡਾਂਗਾਂ ਪੈਂਦੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ ਹੱਕ ਮੰਗਦੇ 5994 ਈ ਟੀ ਟੀ (ਬੈਕਲਾਗ) ਭਰਤੀ ਵਿੱਚ ਚੁਣੇ ਹੋਏ ਬੇਰੁਜ਼ਗਾਰ ਅਧਿਆਪਕਾਂ ਦਾ ਪੁਲਸ ਵੱਲੋਂ ਸ਼ਰੇਆਮ ਕੁਟਾਪਾ ਕੀਤਾ ਗਿਆ। ਡੀ ਟੀ ਐੱਫ ਸਰਕਾਰੀ ਤਸ਼ੱਦਦ ਦੀ ਸਖ਼ਤ ਨਿਖੇਧੀ ਕਰਦਾ ਹੈ ਅਤੇ ਜ਼ਿੰਮੇਵਾਰ ਪੁਲਸ ਅਧਿਕਾਰੀ 'ਤੇ ਇਸ ਜ਼ੁਲਮ ਲਈ ਸਖ਼ਤ ਕਾਰਵਾਈ ਕੀਤੀ ਜਾਵੇ।ਇਸ ਸੰਬੰਧੀ ਹੋਰ ਵਧੇਰੇ ਗੱਲਬਾਤ ਕਰਦੇ ਹੋਏ ਡੀ ਟੀ ਐੱਫ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਰਮਨਜੀਤ ਸਿੰਘ ਸੰਧੂ, ਜਨਰਲ ਸਕੱਤਰ ਰੁਪਿੰਦਰ ਪਾਲ ਸਿੰਘ ਗਿੱਲ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇੱਕ ਪਾਸੇ ਪੰਜਾਬ ਸਰਕਾਰ ਵੱਲੋਂ 'ਸਿੱਖਿਆ ਕ੍ਰਾਂਤੀ' ਦੇ ਨਾਅਰੇ ਹੇਠ ਸਰਕਾਰੀ ਸਕੂਲਾਂ ਵਿੱਚ ਉਦਘਾਟਨੀ ਪੱਥਰ ਲਗਾਉਣ ਦੀ ਨ੍ਹੇਰੀ ਲਿਆਂਦੀ ਹੋਈ ਹੈ, ਦੂਜੇ ਪਾਸੇ ਸਕੂਲਾਂ ਵਿੱਚ ਅਧਿਆਪਕਾਂ ਦੀ ਭਰਤੀ ਕਰਨ ਸਮੇਤ ਹੋਰ ਬੁਨਿਆਦੀ ਸੁਧਾਰਾਂ ਪੱਖੋਂ ਪੰਜਾਬ ਦੀ ਸਕੂਲੀ ਸਿੱਖਿਆ ਲਗਾਤਾਰ ਪਛੜ ਰਹੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਵੱਲੋਂ ਸਰਕਾਰੀ ਸਕੂਲਾਂ ਵਿੱਚ ਵੱਡੇ ਪੱਧਰ 'ਤੇ ਅਧਿਆਪਕ ਭਰਤੀ ਕਰਨ ਦੇ ਦਾਅਵੇ ਹਕੀਕਤ ਤੋਂ ਕੋਹਾਂ ਦੂਰ ਹਨ।

# ਬਲਰਾਜ ਮੌੜ ਚੁਣੇ ਗਏ ਤਰਕਸ਼ੀਲ ਸੁਸਾਇਟੀ ਜ਼ੋਨ ਬਠਿੰਡਾ ਦੇ ਮੁਖੀ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਲੰਘੇ ਦਿਨ 20 ਅਪ੍ਰੈਲ ਨੂੰ ਜ਼ੋਨ ਮੁਖੀ ਬਲਰਾਜ ਮੌੜ ਦੀ ਪ੍ਰਧਾਨਗੀ ਅਤੇ ਸੂਬਾ ਆਗੂ ਰਾਜਪਾਲ ਸਿੰਘ ਦੀ ਵਿਸ਼ੇਸ਼ ਹਾਜ਼ਰੀ ਵਿੱਚ ਟੀਚਰ ਹੋਮ ਬਠਿੰਡਾ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਬਠਿੰਡਾ ਦਾ ਦੋ ਸਾਲਾ ਚੋਣ ਇਜਲਾਸ ਹੋਇਆ। ਇਸ 'ਚ ਜ਼ੋਨ ਬਠਿੰਡਾ ਦੀਆਂ ਸਾਰੀਆਂ ਇਕਾਈਆਂ ਹਾਜ਼ਰ ਸਨ, ਜਿਨ੍ਹਾਂ ਨੇ ਆਪਣੇ ਪਿਛਲੇ ਦੋ ਸਾਲਾਂ ਦੇ ਕੰਮਾਂ ਦਾ ਲੇਖਾ-ਜੋਖਾ ਪੇਸ਼ ਕੀਤਾ। ਜ਼ੋਨ ਦੇ ਆਹੁਦੇਦਾਰਾਂ ਨੇ ਵੀ ਆਪਣੇ ਕੰਮਾਂ ਕਾਰਾਂ ਦਾ ਬਿਓਰਾ ਦਿੱਤਾ, ਜਿਸ ਉਪਰੰਤ ਆਮ ਸਹਿਮਤੀ ਨਾਲ ਅਗਲੇ ਦੋ ਸਾਲਾਂ ਲਈ ਚੋਣ ਕੀਤੀ। ਜ਼ੋਨ ਮੁਖੀ ਬਲਰਾਜ ਮੌੜ, ਵਿੱਤ ਮੁਖੀ ਗਿਆਨ ਸਿੰਘ, ਮੀਡੀਆ ਮੁਖੀ ਰਾਮ ਸਿੰਘ ਨਿਰਮਾਣ, ਮਾਨਸਿਕ ਰੋਗ ਮਸਵਿਰਾ ਵਿਭਾਗ ਮੁਖੀ ਚੰਨਣ ਵਾਂਦਰ ਸਭਿਆਚਾਰ ਵਿਭਾਗ ਮੁਖੀ ਅਜਾਇਬ ਜਲਾਲਆਣਾ ਚੁਣੇ ਗਏ।

# ਡਾ. ਅੰਬੇਡਕਰ ਇੱਕ ਮਹਾਨ ਦਲਿਤ ਚਿੰਤਕ ਤੇ ਅਰਥ ਸ਼ਾਸਤਰੀ ਸਨ : ਰਾਏ, ਮਹਿਰਾਜ

**ਸਾਨੂੰ ਡਾ. ਅੰਬੇਡਕਰ ਦੇ ਦਿਖਾਏ ਮਾਰਗ 'ਤੇ ਚੱਲ ਕੇ ਦਲਿਤਾਂ ਤੇ ਪੱਛੜੇ ਲੋਕਾਂ ਨੂੰ ਉੱਚਾ ਚੁੱਕਣ ਲਈ ਉਪਰਾਲੇ ਕਰਨੇ ਚਾਹੀਦੇ : ਡਾ. ਗਰਗ**



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦਲਿਤਾਂ ਦੇ ਚਿੰਤਕ ਹੋਣ ਦੇ ਨਾਲ-ਨਾਲ ਇੱਕ ਮਹਾਨ ਅਰਥਸ਼ਾਸਤਰੀ ਵੀ ਸਨ, ਜਿਨ੍ਹਾਂ ਨੇ ਦੇਸ਼ ਨੂੰ ਅੱਗੇ ਵਧਾਉਣ ਲਈ ਆਪਣਾ ਪੂਰਾ ਯੋਗਦਾਨ ਪਾਇਆ ਅਤੇ ਹਮੇਸ਼ਾ ਦੇਸ਼ ਦੇ ਦਲਿਤਾਂ, ਪੱਛੜੇ ਵਰਗ ਦੇ ਲੋਕਾਂ ਦੀ ਭਲਾਈ ਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਯਤਨਸ਼ੀਲ ਰਹੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਮਨੋਰਟੀ ਕਮਿਸ਼ਨ ਦੇ ਮੈਂਬਰ ਤੇ ਮੋਗਾ ਜ਼ਿਲ੍ਹਾ ਭਾਜਪਾ ਸਹਿ-ਇੰਚਾਰਜ ਮਨਜੀਤ ਸਿੰਘ ਰਾਏ ਅਤੇ ਭਾਜਪਾ ਐੱਸ. ਸੀ. ਮੋਰਚਾ ਪੰਜਾਬ ਦੇ ਜਨਰਲ ਸਕੱਤਰ ਜਸਵੀਰ ਸਿੰਘ ਮਹਿਰਾਜ ਨੇ ਮੋਗਾ ਦੇ ਸ਼ਹੀਦ ਪਾਰਕ ਵਿਖੇ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਦੀ ਅਗਵਾਈ ਹੇਠ ਪਾਰਟੀ ਪ੍ਰੋਗਰਾਮ ਅਨੁਸਾਰ ਡਾ. ਭੀਮ ਰਾਓ ਅੰਬੇਡਕਰ ਦੀ 134ਵੀਂ ਜਨਮ ਦਿਨ 'ਤੇ ਭਾਰਤ ਮਾਤਾ ਦੀ ਤਸਵੀਰ ਅੱਗੇ ਜੋਤੀ ਜਗਾਉਣ ਤੇ ਫੁੱਲ ਅਰਪਣ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਕੀਤੇ।ਇਸ ਮੌਕੇ ਭਾਜਪਾ ਐੱਸ ਸੀ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਜਸਵੀਰ ਸਿੰਘ ਮਹਿਰਾਜ, ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ, ਸੀਨੀਅਰ ਆਗੂ ਨਿਧੜਕ ਸਿੰਘ ਬਰਾੜ, ਜਨਰਲ ਸਕੱਤਰ ਮੁਖਤਿਆਰ ਸਿੰਘ, ਜਨਰਲ ਸਕੱਤਰ ਵਿੱਕੀ ਸਿਤਾਰਾ, ਜਨਰਲ ਸਕੱਤਰ ਰਾਹੁਲ ਗਰਗ, ਸੀਨੀਅਰ ਆਗੂ ਭਜਨ ਲਾਲ ਸਿਤਾਰਾ, ਸ਼ਮਸ਼ੇਰ ਸਿੰਘ ਕੈਲਾ, ਦੀਪਕ ਤਲਵਾੜ, ਐੱਸ. ਸੀ. ਮੋਰਚੇ ਦੇ ਇੰਚਾਰਜ ਵਿਜੇ ਮਿਸ਼ਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਭਾਜਪਾ ਦੇ ਅਧਿਕਾਰੀ ਤੇ ਵਰਕਰ ਹਾਜ਼ਰ ਸਨ।ਮਨਜੀਤ ਸਿੰਘ ਰਾਏ, ਜਸਵੀਰ ਸਿੰਘ ਮਹਿਰਾਜ ਨੇ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਇੱਕ ਅਰਥ ਸ਼ਾਸਤਰੀ, ਸਿਆਸਤਦਾਨ, ਲੇਖਕ ਤੇ ਸਮਾਜ ਸੁਧਾਰਕ ਸਨ।ਉਨ੍ਹਾਂ ਨੇ ਦਲਿਤ ਬੋਰਡ ਅੰਦੋਲਨ ਨੂੰ ਪ੍ਰੇਰਿਤ ਕੀਤਾ ਤੇ ਦਲਿਤਾਂ ਵਿਰੁੱਧ ਸਮਾਜਿਕ ਵਿਤਕਰੇ ਵਿਰੁੱਧ ਵੀ ਮੁਹਿੰਮ ਚਲਾਈ।ਉਸ ਨੇ ਮਜ਼ਦੂਰਾਂ, ਕਿਸਾਨਾਂ ਤੇ ਔਰਤਾਂ ਦੇ ਅਧਿਕਾਰਾਂ ਦਾ ਵੀ ਸਮਰਥਨ ਕੀਤਾ।

ਉਨ੍ਹਾਂ ਨੂੰ ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਤੇ ਨਿਆ ਮੰਤਰੀ ਦੇ ਨਾਲ-ਨਾਲ ਭਾਰਤੀ ਸੰਵਿਧਾਨ ਦੇ ਨਿਰਮਾਤਾ ਵਜੋਂ ਜਾਣਿਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਅੰਬੇਡਕਰ ਜਾਤ ਤੋਂ ਦਲਿਤ ਸਨ ਤੇ ਉਸ ਸਮੇਂ ਦੀ ਸਮਾਜਿਕ ਵਿਵਸਥਾ ਵਿੱਚ ਉਨ੍ਹਾਂ ਨੂੰ ਅਛੂਤ ਮੰਨਿਆ ਜਾਂਦਾ ਸੀ, ਜਿਸ ਕਾਰਨ ਉਨ੍ਹਾਂ ਦਾ ਬਚਪਨ ਬਹੁਤ ਸਾਰੀਆਂ ਮੁਸ਼ਕਲਾਂ ਤੇ ਵਿਤਕਰੇ ਭਰੀਆਂ ਸਥਿਤੀਆਂ ਵਿੱਚ ਬੀਤਿਆ, ਪਰ ਉਨ੍ਹਾਂ ਨੇ ਹਾਰ ਨਹੀਂ ਮੰਨੀ ਤੇ ਸਿੱਖਿਆ ਨੂੰ ਆਪਣਾ ਸਭ ਤੋਂ ਵੱਡਾ ਹਥਿਆਰ ਬਣਾਇਆ।

ਉਸ ਨੇ ਅਪਮਾਨਜਨਕ ਹਾਲਾਤਾਂ ਦਾ ਸਾਹਮਣਾ ਕਰਨ ਦੇ ਬਾਵਜੂਦ ਸਬਰ ਤੇ ਹਿੰਮਤ ਨਾਲ ਆਪਣੀ ਸਕੂਲੀ ਪੜ੍ਹਾਈ ਪੂਰੀ ਕੀਤੀ ਤੇ ਬਾਅਦ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਕੰਮ ਕੀਤਾ।ਉਨ੍ਹਾਂ ਕਿਹਾ ਕਿ ਸਾਨੂੰ ਹਮੇਸ਼ਾ ਡਾ. ਭੀਮ ਰਾਓ ਅੰਬੇਡਕਰ ਦੇ ਦਰਸਾਏ ਮਾਰਗ 'ਤੇ ਚੱਲ ਕੇ ਦਲਿਤਾਂ ਤੇ ਪੱਛੜੇ ਵਰਗਾਂ ਦੇ ਉਥਾਨ ਲਈ ਕੰਮ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲ ਕੇ ਸਾਨੂੰ ਪੱਛੜੇ ਵਰਗਾਂ ਦੇ ਲੋਕਾਂ ਨੂੰ ਸਿੱਖਿਆ, ਨਿਆਂ ਤੇ ਆਰਥਿਕ ਤੌਰ 'ਤੇ ਮਜ਼ਬੂਤ ਕਰਨਾ ਚਾਹੀਦਾ ਹੈ, ਤਾਂ ਹੀ ਸਾਡਾ ਸਮਾਜ ਮਜ਼ਬੂਤ ਹੋਵੇਗਾ।ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮੰਤ ਗਰਗ ਨੇ ਮੁੱਖ ਮਹਿਮਾਨਾਂ ਨੂੰ ਕਿਤਾਬਾਂ ਦੇ ਕੇ ਸਨਮਾਨਤ ਕੀਤਾ।

## ਡਾ. ਹਿਤੇਂਦਰ ਸੂਰੀ ਦਾ ਵੈਦਯਰਤਨਮ ਔਸ਼ਧਸ਼ਾਲਾ ਵੱਲੋਂ ਸਨਮਾਨ



**ਸਰਹੰਦ ਮੰਡੀ (ਪ੍ਰਮੋਦ ਭਾਰਦਵਾਜ)**-ਆਯੁਰਵੇਦ ਖੇਤਰ ਵਿੱਚ ਸ੍ਰੇਸ਼ਠਤਾ ਤੇ ਸਮਰਪਣ ਦੇ ਸ਼ਾਨਦਾਰ ਜਸ਼ਨ ਵਿੱਚ, ਦੁਨੀਆ ਭਰ ਵਿੱਚ ਪ੍ਰਸਿੱਧ ਭਾਰਤ ਦੀ ਪ੍ਰਮੁੱਖ ਆਯੁਰਵੈਦਿਕ ਸੰਸਥਾ ਵੈਦਯਰਤਨਮ ਔਸ਼ਧਸ਼ਾਲਾ ਨੇ ਆਯੁਰਵੈਦਿਕ ਸਰਜਰੀ ਵਿਗਿਆਨ ਵਿੱਚ ਇਤਿਹਾਸਕ ਯੋਗਦਾਨ ਲਈ ਡਾ. ਹਿਤੇਂਦਰ ਸੂਰੀ ਨੂੰ ਸਨਮਾਨਤ ਕੀਤਾ ਹੈ।ਕੇਰਲ ਦੀ ਅਸ਼ਟਵੈਦਯ ਪ੍ਰੰਪਰਾ, ਜੋ ਭਗਵਾਨ ਧਨਵੰਤਰੀ ਦੇ ਵੰਸ਼ਜਾਂ ਤੇ ਭਗਵਾਨ ਪਰਸ਼ੂ ਰਾਮ ਦੇ ਸ਼ਿਸ਼ਾਂ ਨਾਲ ਜੁੜੀ ਹੋਈ ਹੈ, ਦੀ ਵਿਰਾਸਤ ਨੂੰ ਅੱਜ ਤੱਕ ਸੰਭਾਲਦੇ ਹੋਏ, ਵੈਦਯਰਤਨਮ ਔਸ਼ਧਸ਼ਾਲਾ ਪਿਛਲੀਆਂ ਕਈ ਪੀੜ੍ਹੀਆਂ ਤੋਂ ਪ੍ਰਚੀਨ ਇਲਾਜ ਪੱਧਤੀਆਂ ਦਾ ਪ੍ਰਚਾਰ ਕਰ ਰਹੀ ਹੈ।ਇਹ ਸੰਸਥਾ ਅੱਜ ਏਲੇਦਥ ਥੈਕੱਟੂ ਮੂਸ ਪਰਿਵਾਰ ਦੇ ਪੰਜਵੀਂ ਪੀੜ੍ਹੀ ਦੇ ਅਸ਼ਟਵੈਦਯ ਡਾ. ਈ. ਟੀ. ਯਦੂ ਨਾਰਾਇਣਨ ਮੂਸ ਤੇ ਡਾ. ਈ. ਟੀ. ਕ੍ਰਿਸ਼ਨਨ ਮੂਸ ਦੇ ਨੇਤ੍ਰਤਵ ਹੇਠ ਚੱਲ ਰਹੀ ਹੈ।ਇਸੇ ਦਿਸ਼ਾ ਵਿੱਚ ਕੰਮ ਕਰਦਿਆਂ ਸੰਸਥਾ ਨੇ 117 ਸੈਂਟੀਮੀਟਰ ਲੰਬੀ ਜਟਿਲ ਭਗੰਦਰ (ਫਿਸਟੂਲਾ-ਇਨ-ਏਨੋ) ਨੂੰ ਪ੍ਰੰਪਰਾਗਤ ਖ਼ਾਰਸੂਤਰ ਤਕਨੀਕ ਨਾਲ ਸਫਲਤਾਪੂਰਵਕ ਠੀਕ ਕਰਨ ਲਈ ਡਾ. ਸੂਰੀ ਨੂੰ ਸਨਮਾਨਤ ਕੀਤਾ।ਇਹ ਸਰਜਰੀ ਪ੍ਰਾਚੀਨ ਆਯੁਰਵੈਦਿਕ ਤਰੀਕਿਆਂ ਦੀ ਮੁੜ ਪ੍ਰਤਿਸ਼ਠਾ ਕਰਦੀ ਹੈ ਤੇ ਭਾਰਤ ਦੀ ਚਿਕਿਤਸਾ ਵਿਰਾਸਤ ਨੂੰ ਵਿਸ਼ਵ ਮੰਚ ਉੱਤੇ ਉਭਾਰਦੀ ਹੈ।ਇਸ ਇਤਿਹਾਸਕ ਸਫਲਤਾ ਦੀ ਯਾਦਗਾਰੀ ਵਜੋਂ, ਵੈਦਯਰਤਨਮ ਔਸ਼ਧਸ਼ਾਲਾ ਦੇ ਪੰਜਾਬ ਖੇਤਰ ਪ੍ਰਬੰਧਕ ਸ੍ਰੀ ਨੀਰਜ ਸ਼ੁਕਲਾ ਨੇ ਖੁਦ ਡਾ. ਸੂਰੀ ਨੂੰ ਇਹ ਸਨਮਾਨ ਪ੍ਰਦਾਨ ਕੀਤਾ, ਜੋ ਉਨ੍ਹਾਂ ਦੇ ਵਿਲੱਖਣ ਯੋਗਦਾਨ ਪ੍ਰਤੀ ਸੰਸਥਾ ਦੀ ਗਹਿਰੀ ਸਤਕਾਰਨਾ ਨੂੰ ਦਰਸਾਉਂਦਾ ਹੈ।ਡਾ. ਹਿਤੇਂਦਰ ਸੂਰੀ ਦੇ ਕੈਰੀਅਰ ਨੂੰ 55 ਪ੍ਰਤਿਸ਼ਠਤ ਇਨਾਮਾਂ ਤੇ 21 ਰਾਸ਼ਟਰੀ ਅਤੇ ਅੰਤਰਰਾਸ਼ਟਰੀ ਰਿਕਾਰਡਜ਼ ਨਾਲ ਸਨਮਾਨਤ ਕੀਤਾ ਗਿਆ ਹੈ।ਵਿਸ਼ੇਸ਼ ਕਰਕੇ, 2018 ਵਿੱਚ ਉਨ੍ਹਾਂ ਨੂੰ ਆਯੁਰਵੇਦ ਖੇਤਰ ਦੇ ਸਭ ਤੋਂ ਉੱਚੇ ਸਨਮਾਨ ਧਨਵੰਤਰੀ ਐਵਾਰਡ ਨਾਲ ਵੀ ਸਨਮਾਨਤ ਕੀਤਾ ਗਿਆ।

## ਮਾਤਾ ਹਰਜਿੰਦਰ ਕੌਰ ਦੀ ਯਾਦ 'ਚ ਮੁਫ਼ਤ ਮੈਡੀਕਲ ਕੈਂਪ ਲਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਐੱਸ.ਜੀ.ਬੀ. ਚੈਰੀਟੇਬਲ ਹਸਪਤਾਲ ਭੂਰੀ ਵਾਲਿਆਂ ਵੱਲੋਂ ਸਵ. ਮਾਤਾ ਹਰਜਿੰਦਰ ਕੌਰ ਦੀ ਯਾਦ ਵਿੱਚ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਸੁਰਜੀਤ ਸਿੰਘ ਮਾਂਗਟ, ਬਾਬਾ ਗੁਰਨਾਮ ਸਿੰਘ ਧਨੂੰਰ ਤੇ ਗੁਰਚਰਨ ਸਿੰਘ ਬੇਟ ਮੰਡ ਸਾਬਕਾ ਥਾਣੇਦਾਰਾਂ ਨੇ ਸੰਯੁਕਤ ਰੂਪ ਵਿੱਚ ਕੀਤਾ। ਇਸ ਮੌਕੇ ਸੰਸਥਾ ਦੇ ਮੁੱਖ ਪ੍ਰਬੰਧਕ ਚੇਅਰਮੈਨ ਚਰਨਜੀਤ ਸਿੰਘ ਥੋਪੀਆ ਨੇ ਇਸ ਕੈਂਪ ਵਿੱਚ ਆਏ ਹੋਏ ਸਾਰੇ ਹੀ ਲੋਕਾਂ ਨੂੰ ਜੀ ਆਇਆਂ ਆਖਦੇ ਹੋਏ ਕਿਹਾ ਕਿ ਇਹ ਸੰਸਥਾ ਸਮੁੱਚੇ ਲੋਕਾਂ ਲਈ ਤੇ ਲੋਕਾਂ ਦੇ ਸਹਿਯੋਗ ਨਾਲ ਚੱਲ ਰਹੀ ਹੈ। ਅਸੀਂ ਜੋ ਇਹ ਕੈਂਪ ਲਗਾਇਆ ਹੈ, ਇਸ ਦਾ ਮਨੋਰਥ ਵੀ ਲੋਕਾਂ ਦੀ ਸਿਹਤ ਸੰਭਾਲ ਤੇ ਜਾਂਚ ਪੜਤਾਲ ਨਾਲ ਸਬੰਧਤ ਹੈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਅੱਖਾਂ, ਦੰਦਾਂ ਤੇ ਹੱਡੀਆਂ ਦੇ ਮਾਹਰ ਡਾਕਟਰਾਂ ਡਾ. ਵਿਸ਼ਾਲ ਗਰਗ, ਡਾ. ਸੁਰਿੰਦਰ ਪਾਲ ਸਿੰਘ, ਡਾ. ਹਰਪ੍ਰੀਤ ਸਿੰਘ, ਡਾ. ਦੀਪਕ ਕੁਮਾਰ, ਗੁਰਪ੍ਰੀਤ ਕੌਰ, ਜਸਵੀਰ ਕੌਰ, ਹਰਪ੍ਰੀਤ ਕੌਰ ਵੱਲੋਂ 195 ਮਰੀਜ਼ਾਂ ਦੀ ਜਾਂਚ ਕੀਤੀ ਗਈ ਤੇ ਲੋੜੀਂਦੀਆਂ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ। ਡਾਕਟਰਾਂ ਨੇ ਕੈਂਪ ਵਿੱਚ ਆਏ ਲੋਕਾਂ ਨੂੰ ਬੀਮਾਰੀਆਂ ਤੋਂ ਬਚਾਅ ਲਈ ਵੀ ਜਾਗਰੂਕ ਕੀਤਾ। ਚੇਅਰਮੈਨ ਥੋਪੀਆ ਨੇ ਕਿਹਾ ਕਿ ਲੇਖਕ ਬਲਬੀਰ ਸਿੰਘ ਤੱਖਰਾਂ ਨੇ ਆਪਣੀ ਸਵ. ਮਾਤਾ ਦੀ ਯਾਦ ਵਿੱਚ ਕੈਂਪ ਲਗਾ ਲੋਕ ਭਲਾਈ ਦਾ ਸੁਨੇਹਾ ਦਿੱਤਾ ਹੈ। ਇਸ ਮੌਕੇ ਡਾ. ਕਿਰਪਾਲ ਸਿੰਘ ਮਹੰਤ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਤੱਖਰਾਂ, ਸਰਪੰਚ ਪਰਮਜੀਤ ਕੌਰ ਲੁਬਾਣਗੜ੍ਹ, ਸ਼ਿਵਚਰਨ ਸ਼ਰਮਾ, ਸੁਖਦੇਵ ਸਿੰਘ ਸਮਸ਼ਪੁਰ, ਕੁਲਦੀਪ ਸਿੰਘ ਤੱਖਰਾਂ, ਅੰਮ੍ਰਿਤ ਸਿੰਘ ਤੱਖਰਾਂ, ਮਨਜਿੰਦਰ ਸਿੰਘ ਤੱਖਰਾਂ, ਅਸ਼ੋਕ ਖੁਰਾਣਾ, ਸੁਮਨਪ੍ਰੀਤ ਚੌਹਾਨ ਆਦਿ ਹਾਜ਼ਰ ਸਨ।

## ਲੋੜਵੰਦ ਮਰੀਜ਼ਾਂ ਲਈ ਲੱਗਿਆ 320ਵਾਂ ਖੂਨਦਾਨ ਕੈਂਪ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਨੁੱਖ਼ਤਾ ਦੇ ਭਲੇ ਲਈ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ 'ਚ 320ਵਾਂ ਰੈਗੂਲਰ ਖ਼ੂਨਦਾਨ ਕੈਂਪ ਸੁਖਦੀਪ ਸਿੰਘ ਸੋਹਲ ਕੈਂਪ ਕਮਾਂਡਰ ਦੀ ਅਗਵਾਈ ਹੇਠ ਲਗਾਇਆ ਗਿਆ, ਜਿਸ ਦਾ ਉਦਘਾਟਨ ਰਵੀ ਕੁਮਾਰ ਪੰਜਾਬ ਨੈਸ਼ਨਲ ਬੈਂਕ ਨੇ ਬਲੱਡ ਬੈਂਕ ਵਿੱਚ 16ਵੀਂ ਵਾਰ ਖੁਦ ਖ਼ੂਨਦਾਨ ਕਰਕੇ ਕੀਤਾ। ਇਸ ਮੌਕੇ ਤੀਰਥਇੰਦਰ ਸਿੰਘ ਵਿਰਕ ਮਛਰਾਏ ਕਲਾਂ ਨੇ 20ਵੀਂ ਵਾਰ, ਸੁਖਦਰਸ਼ਨ ਕੁਮਾਰ ਮੰਡੀ ਗੋਬਿੰਦਗੜ੍ਹ ਨੇ 10ਵੀਂ ਵਾਰ, ਮਨਵੀਰ ਸਿੰਘ ਪੁਰੀ, ਅਵਤਾਰ ਸਿੰਘ ਨਾਭਾ, ਸੁਖਵਿੰਦਰ ਸਿੰਘ ਛੰਨਾ, ਅਮਰੀਕ ਸਿੰਘ ਚੀਮਾ ਤੇ ਮਾਸਟਰ ਉਮੇਸ਼ ਕੁਮਾਰ ਨੇ ਵੀ ਖ਼ੂਨਦਾਨ ਕੀਤਾ। ਵਲੰਟੀਅਰਾਂ ਨੂੰ ਸਰਟੀਫਿਕੇਟ ਤੇ ਯਾਦਗਾਰੀ ਮੱਗ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਗੋਲਡਨ ਸਟਾਰ ਬਲੱਡ ਡੋਨਰ ਸਾਬਕਾ ਡੀ ਐੱਸ ਪੀ ਨਾਹਰ ਸਿੰਘ ਮਾਜਰੀ ਨੇ ਕਿਹਾ ਕਿ ਖ਼ੂਨਦਾਨ ਮਨੁੱਖਤਾ ਲਈ ਸਭ ਤੋਂ ਵੱਡਾ ਦਾਨ ਹੈ, ਜਿਸ ਨਾਲ ਕਿਸੇ ਲੋੜਵੰਦ ਮਰੀਜ਼ ਦੀ ਜਾਨ ਬਚਾਈ ਜਾ ਸਕਦੀ ਹੈ। ਮਰੀਜ਼ ਮਿੱਤਰਾ ਵੈਲਫੇਅਰ ਆਰਗੇਨਾਈਜੇਸ਼ਨ ਦੇ ਪ੍ਰਧਾਨ ਗੁਰਮੁੱਖ ਗੁਰੂ, ਖ਼ੂਨਦਾਨ ਸੇਵਾ 'ਚ ਰਾਜ ਪੱਧਰੀ ਸਨਮਾਨ ਨਾਲ ਸਨਮਾਨਤ ਬੀਬੀ ਜਸਵੀਰ ਕੌਰ ਵਿਰਕ ਤੇ ਵੈਟਨਰੀ ਡਾਕਟਰ ਜਸਵੀਰ ਸਿੰਘ ਮਹਿਰਮ ਨੇ ਰੈਗੂਲਰ ਖ਼ੂਨਦਾਨ ਕੈਂਪਾਂ ਦੇ 13 ਸਾਲ ਪੂਰੇ ਹੋਣ 'ਤੇ ਮਿਸ਼ਨ ਲਾਲੀ ਤੇ ਹਰਿਆਲੀ ਟੀਮ ਦੀ ਸ਼ਾਲਾਘਾ ਕੀਤੀ। ਇਸ ਮੌਕੇ ਮੁੱਖ ਸੇਵਾਦਾਰ ਹਰਦੀਪ ਸਿੰਘ ਸਨੌਰ, ਚਾਚਾ ਜਗਰਾਜ ਸਿੰਘ ਚਹਿਲ, ਹਰਦੀਪ ਕੁਮਾਰ ਬਿਰੜਵਾਲ ਜੇ ਈ ਪੀ ਐੱਸ ਪੀ ਸੀ ਐੱਲ, ਅਰਮਾਨਦੀਪ ਸਿੰਘ, ਭਾਈ ਜਰਨੈਲ ਸਿੰਘ ਝੰਡੀ, ਅਵਤਾਰ ਸਿੰਘ ਬਲਬੇੜਾ, ਕਿਰਪਾਲ ਸਿੰਘ ਪੰਜੌਲਾ, ਮਨਪ੍ਰੀਤ ਸਿੰਘ, ਮਨਵਿੰਦਰ ਸਿੰਘ ਮਨੀ ਟੌਹੜਾ, ਰਣਜੀਤ ਸਿੰਘ ਝੰਡੀ, ਵਿਕਰਮਜੀਤ ਸਿੰਘ, ਇਕਰਾਰਪ੍ਰੀਤ ਸਿੰਘ ਤੇ ਕਾਕਾ ਮਨਸਾਹਿਬ ਸਿੰਘ ਵੀ ਹਾਜ਼ਰ ਸਨ। ਹਰਦੀਪ ਸਿੰਘ ਸਨੌਰ ਨੇ ਦੱਸਿਆ ਕਿ ਗਰੁੱਪ ਵੱਲੋਂ ਆਉਂਦੀ 23 ਅਪ੍ਰੈਲ ਨੂੰ ਤੇਜਾਂਪੰਜੇਟਾ ਅਤੇ 24 ਅਪ੍ਰੈਲ ਨੂੰ ਪਿੰਡ ਸੁਰਾਜਪੁਰ ਸਵੇਰੇ 10 ਤੋਂ 1 ਵਜੇ ਤੱਕ ਕੈਂਪ ਲਗਾਈਆ ਜਾਵੇਗਾ।

## ਹਲਕੇ ਦੇ ਸਕੂਲਾਂ 'ਚ 94.52 ਲੱਖ ਦੇ ਪ੍ਰੋਜੈਕਟਾਂ ਦੇ ਡਾ. ਬਲਜੀਤ ਕੌਰ ਵੱਲੋਂ ਉਦਘਾਟਨ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਤੇ ਸਿੱਖਿਆ ਮੰਤਰੀ ਪੰਜਾਬ ਸ੍ਰ. ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਸਿੱਖਿਆ ਕ੍ਰਾਂਤੀ ਤਹਿਤ ਸ਼ੁਰੂ ਕੀਤੇ ਗਏ ਪ੍ਰੋਜੈਕਟਾਂ ਨਾਲ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਨਵੇਂ ਮੌਕੇ ਦਿੱਤੇ ਜਾ ਰਹੇ ਹਨ।ਇਸ ਤਹਿਤ ਅੱਜ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਵੱਲੋਂ ਮਲੋਟ ਹਲਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਲਮਗੜ੍ਹ, ਸਰਕਾਰੀ ਪ੍ਰਾਇਮਰੀ ਸਕੂਲ ਮੌੜ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਗੜ੍ਹ ਚੁੰਘਾ, ਸਰਕਾਰੀ ਪ੍ਰਾਇਮਰੀ ਸਕੂਲ ਰਾਮਗੜ੍ਹ ਚੁੰਘਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਭਾਗਸਰ ਵਿਖੇ 94 ਲੱਖ 52 ਹਜ਼ਾਰ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਤ ਕੀਤੇ ਗਏ।ਡਾ. ਬਲਜੀਤ ਕੌਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਲਮਗੜ੍ਹ ਵਿਖੇ ਕੁੱਲ 28.52 ਲੱਖ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ।ਇਸੇ ਤਰ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ ਮੌੜ ਵਿਖੇ ਕੁੱਲ 7 ਲੱਖ ਰੁਪਏ ਦਾ ਚਾਰਦੀਵਾਰੀ ਦਾ ਕੰਮ ਕਰਵਾਇਆ ਗਿਆ।ਇਸੇ ਤਰ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਗੜ੍ਹ ਚੁੰਘਾ ਵਿਖੇ 37 ਲੱਖ ਰੁਪਏ ਨਾਲ ਇੱਕ ਕਮਰੇ ਦਾ ਨਿਰਮਾਣ ਤੇ ਚਾਰਦੀਵਾਰੀ 'ਤੇ ਖਰਚ ਕੀਤੇ ਗਏ ਹਨ।ਸਰਕਾਰੀ ਪ੍ਰਾਇਮਰੀ ਸਕੂਲ ਰਾਮਗੜ੍ਹ ਚੁੰਘਾ ਵਿਖੇ ਕੁੱਲ 11 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਦੀ ਉਸਾਰੀ ਕੀਤੀ ਗਈ ਹੈ।ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਭਾਗਸਰ ਵਿਖੇ ਕੁੱਲ 11 ਲੱਖ ਰੁਪਏ ਨਾਲ ਸਾਇੰਸ ਲੈਬ ਬਣਵਾਈ ਗਈ ਹੈ।ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਜਸਵਿੰਦਰ ਪਾਲ ਸ਼ਰਮਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀ ਜਗਦੇਵ ਬਾਮ ਚੇਅਰਮੈਨ ਕੋਆਪ੍ਰੇਟਿਵ ਬੈਂਕ ਪੰਜਾਬ, ਸ੍ਰੀ ਜਸ਼ਨ ਬਰਾੜ ਚੇਅਰਮੈਨ ਮਾਰਕਿਟ ਕਮੇਟੀ ਮਲੋਟ, ਸ੍ਰੀ ਅਸ਼ਵਨੀ ਬਾਂਸਲ ਪ੍ਰਿੰਸੀਪਲ-ਕਮ-ਡੀ ਐੱਸ ਐੱਮ ਸ੍ਰੀ ਮੁਕਤਸਰ ਸਾਹਿਬ, ਸਿਮਰਨਜੀਤ ਸਿੰਘ ਲੱਖੇਵਾਲੀ, ਰਮੇਸ਼ ਅਰਨੀਵਾਲਾ ਕੋਆਰਡੀਨੇਟਰ ਸਿੱਖਿਆ ਕ੍ਰਾਂਤੀ ਮਲੋਟ ਹਾਜ਼ਰ ਸਨ।

## ਸਕੂਲ 'ਚ ਨਸ਼ਿਆਂ ਵਿਰੁੱਧ ਕੀਤਾ ਜਾਗਰੂਕ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਸ਼ਹੀਦ ਸੂਬੇਦਾਰ ਅਵਤਾਰ ਸਿੰਘ ਸੀਨੀਅਰ ਸੈਕੰਡਰੀ ਸਕੂਲ ਮਾਛੀਕੇ ਵਿਖੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਜਾਗਰੂਕ ਕੀਤਾ ਗਿਆ।ਸਵੇਰ ਦੀ ਸਭਾ ਦੌਰਾਨ ਮੁਖੀ ਤੇ ਪ੍ਰਿੰਸੀਪਲ ਗੁਰਜੀਤ ਸਿੰਘ ਅਤੇ ਸਮੂਹ ਸਟਾਫ਼ ਦੀ ਹਾਜ਼ਰੀ ਵਿੱਚ ਬੱਚਿਆਂ ਤੇ ਸਟਾਫ਼ ਵੱਲੋਂ ਨਸ਼ਿਆਂ ਵਿਰੁੱਧ ਸਹੁੰ ਚੁੱਕੀ ਗਈ।ਸਕੂਲ ਦੇ ਨੋਡਲ ਅਫ਼ਸਰ ਰਮਨਦੀਪ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਜਾਗਰੂਕ ਕੀਤਾ ਗਿਆ।ਇਸ ਦੌਰਾਨ ਸਕੂਲੀ ਮੁਖੀ ਤੇ ਗੁਰਜੀਤ ਸਿੰਘ, ਕੈਂਪਸ ਮੈਨੇਜਰ ਸੁਖਜੀਤ ਸਿੰਘ, ਕਿਰਨਦੀਪ ਸਿੰਘ, ਹਰ ਜੀਵਨ ਸਿੰਘ, ਰਿਪਨ ਕੁਮਾਰ, ਸੰਦੀਪ ਕੁਮਾਰ, ਤਰਸੇਮ ਸਿੰਘ, ਰਵਨੀਤ ਸਿੰਘ, ਹਰਪ੍ਰੀਤ ਸਿੰਘ (ਡੀ ਪੀ) ਅਰਸ਼ਦੀਪ ਸਿੰਘ, ਸ੍ਰੀਮਤੀ ਸੰਦੀਪ ਕੌਰ, ਸ੍ਰੀਮਤੀ ਕਿਰਨਜੀਤ ਕੌਰ, ਸ੍ਰੀਮਤੀ ਗੁਰਮੀਤ ਕੌਰ ਤੇ ਜਸਪ੍ਰੀਤ ਕੌਰ ਆਦਿ ਹਾਜ਼ਰ ਸਨ।

22-Apri-1-page-11-25-Majha-25.qxd 4/21/2025 11:05 PM Page 1



# ਕੈਬਨਿਟ ਮੰਤਰੀ ਹਰਭਜਨ ਸਿੰਘ ਵੱਲੋਂ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਉਦਘਾਟਨ

## 111.12 ਕਰੋੜ ਰੁਪਏ ਦੀ ਲਾਗਤ ਨਾਲ ਹੋਏ ਵਿਕਾਸ ਕਾਰਜ ਲੋਕਾਂ ਨੂੰ ਕੀਤੇ ਸਮਰਪਿਤ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰ ਰਹੀ ਹੈ ਅਤੇ ਸਕੂਲਾਂ ਦੇ ਮੁੱਢਲੇ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ, ਤਾਂ ਜੋ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ ਅਤੇ ਸਰਕਾਰੀ ਸਕੂਲਾਂ ਦੇ ਬੱਚੇ ਵੀ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਵਾਂਗ ਸਿੱਖਿਆ ਹਾਸਲ ਕਰਕੇ ਉਹ ਪ੍ਰਤੀਯੋਗੀ ਪ੍ਰੀਖਿਆਵਾਂ ਵਿਚ ਸਫਲਤਾ ਪ੍ਰਾਪਤ ਕਰ ਸਕਣ।ਇਹ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਵਿਧਾਨ ਸਭਾ ਹਲਕਾ ਜੰਡਿਆਲਾ ਦੇ ਵੱਖ-ਵੱਖ ਸਰਕਾਰੀ ਸਕੂਲਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਪੰਜਾਬ ਵਿਚ ਵੱਡਾ ਬਦਲਾਅ ਲੈ ਕੇ ਆ ਰਹੀ ਹੈ ਅਤੇ ਲੋਕ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਤੋ ਹਟਾ ਕੇ ਸਰਕਾਰੀ ਸਕੂਲਾ ਵਿਚ ਦਾਖਲ ਕਰਵਾ ਰਹੇ ਹਨ। ਇਹ ਸਿੱਖਿਆ ਕ੍ਰਾਂਤੀ ਦਾ ਹੀ ਨਤੀਜਾ ਹੈ।ਇਸ ਦੌਰਾਨ ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਆਧੁਨਿਕਤਾ ਨਾਲ ਭਰਪੂਰ ਸਿੱਖਿਆ ਪ੍ਰਦਾਨ ਕਰਨ ਲਈ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਭੇਜ ਕੇ ਸਿਖਲਾਈ ਮੁਹੱਈਆ ਕਰਵਾਈ ਜਾ ਰਹੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਜਿੱਥੇ ਪੰਜਾਬ ਰਾਜ ਦੇ ਲੋਕਾਂ ਦਾ ਸਰਕਾਰੀ ਸਕੂਲਾਂ 'ਤੇ ਦਿਨ ਪ੍ਰਤੀ ਦਿਨ ਭਰੋਸਾ ਵੱਧ ਰਿਹਾ ਹੈ, ਉਥੇ ਹੀ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਪੜ੍ਹਾਉਣ ਸ਼ੈਲੀ 'ਚ ਸੁਧਾਰ ਲਿਆਉਣ ਸੂਬਾ ਸਰਕਾਰ ਨਿਵੇਕਲੀਆਂ ਪਹਿਲਕਦਮੀਆਂ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ।ਕੈਬਨਿਟ ਮੰਤਰੀ ਨੇ ਜੰਡਿਆਲਾ ਹਲਕੇ ਵਿੱਚ ਪੈਂਦੇ ਸਰਕਾਰੀ ਹਾਈ ਸਕੂਲ ਰਾਣਾਕਲਾਂ, ਸਰਕਾਰੀ ਐਲੀਮੈਂਟਰੀ ਸਕੂਲ ਰਾਣਾਕਲਾਂ, ਸਰਕਾਰੀ ਹਾਈ ਸਕੂਲ ਮੱਲੋਵਾਲ, ਸਰਕਾਰੀ ਐਲੀਮੈਂਟਰੀ ਸਕੂਲ ਮੱਲੋਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੱਬੋਵਾਲ, ਸਰਕਾਰੀ ਐਲੀਮੈਂਟਰੀ ਸਕੂਲ ਜੋਧਾਨਗਰੀ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਰਮਾਨਾਚੱਕ ਵਿਖੇ ਵੱਖ-ਵੱਖ ਸਕੂਲ ਵਿਚ 111.12 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਵੀ ਕੀਤਾ।ਉਨ੍ਹਾਂ ਕਿਹਾ ਕਿ ਇੰਨ੍ਹਾਂ ਸਕੂਲਾਂ ਵਿਚ ਨਵੀਂ ਚਾਰਦੀਵਾਰੀ, ਨਵੇਂ ਕਮਰੇ, ਲੈਬੋਰਟਰੀ ਰੂਮ ਅਤੇ ਸਕੂਲਾਂ ਦੀ ਮੁਰੰਮਤ ਕਰਵਾਈ ਜਾਵੇਗੀ।ਇਸ ਮੌਕੇ ਵੱਖ-ਵੱਖ ਸਕੂਲਾਂ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਕੈਬਨਿਟ ਮੰਤਰੀ ਈ. ਟੀ. ਓ. ਨੂੰ ਸਨਮਾਨਤ ਵੀ ਕੀਤਾ ਗਿਆ ਅਤੇ ਸਕੂਲੀ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਗਏ।ਇਸ ਮੌਕੇ ਸਕੂਲੀ ਮੁੱਖੀ ਸ: ਸੰਦੀਪ ਸਿੰਘ, ਮੈਡਮ ਬਲਵਿੰਦਰ ਕੌਰ, ਮੈਡਮ ਸੰਦੀਪ ਕੌਰ, ਮੈਡਮ ਅਮਨਪ੍ਰੀਤ ਕੌਰ, ਮੈਡਮ ਜੋਤੀ, ਕੁਲਦੀਪ ਸਿੰਘ, ਲਵਦੀਪ ਸਿੰਘ ਤੋ ਇਲਾਵਾ ਵੱਡੀ ਗਿਣਤੀ ਵਿਚ ਸਕੂਲੀ ਬੱਚੇ ਅਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ।

# ਈ ਟੀ ਓ ਨੇ ਸਰਕਾਰੀ ਸਕੂਲਾਂ ਨੂੰ ਮੁੱਢਲੀਆਂ ਸਹੂਲਤਾਂ ਨਾਲ ਨਿਵਾਜਿਆ : ਸਰਬਜੀਤ ਕੌਰ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਪੰਜਾਬ ਵਿੱਚ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਤੇ ਜ਼ੋਰ ਦਿੱਤਾ ਜਾ ਰਿਹਾ ਜਿਸ ਦੇ ਚੱਲਦਿਆਂ ਪੰਜਾਬ ਦੇ ਕੈਬਨਿਟ ਮੰਤਰੀ ਸਰਦਾਰ ਹਰਭਜਨ ਸਿੰਘ ਈ ਟੀ ਓ ਵੱਲੋਂ ਪਿੰਡਾਂ ਦੀਆਂ ਲਿੰਕ ਸੜਕਾਂ, 600 ਬਿਜਲੀ ਯੂਨਿਟ ਬਿਨਾਂ ਕਿਸੇ ਐਪਲੀਕੇਸ਼ਨ ਦੇਣ ਤੋਂ ਹਰ ਵਰਗ ਨੂੰ ਮੁਆਫ ਕੀਤੇ ਗਏ ਸਟਰੀਟ ਲਾਈਟਾਂ ਆਦਿ ਅਤੇ ਹੁਣ ਕੁਝ ਦਿਨਾਂ ਤੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਿੱਖਿਆ ਕ੍ਰਾਂਤੀ ਮੁਹਿੰਮ ਪੰਜਾਬ ਭਰ ਵਿੱਚ ਚਲਾਈ ਗਈ ਹੈ ਜਿਸ ਦੇ ਚੱਲਦਿਆਂ ਜੰਡਿਆਲਾ ਗੁਰੂ ਅਤੇ ਹਲਕੇ ਦੇ ਪਿੰਡਾਂ ਵਿੱਚ ਸਕੂਲਾਂ ਦੇ ਵਿੱਚ ਕਰੋੜਾਂ ਰੁਪਏ ਦੇ ਨਾਲ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾ ਰਹੇ ਹਨ।ਜਿਨ੍ਹਾਂ ਸਕੂਲਾਂ ਨੂੰ ਪਹਿਲਾਂ ਗ੍ਰਾਂਟਾਂ ਦਿੱਤੀਆਂ ਗਈਆਂ ਸਨ ਉਨ੍ਹਾਂ ਸਕੂਲਾਂ ਦੇ ਉਦਘਾਟਨ ਕਰਕੇ ਸਕੂਲਾਂ ਨੂੰ ਸਕੂਲ ਮੈਨੇਜਮੈਂਟ ਨੂੰ ਸਮਰਪਿਤ ਕੀਤੇ ਜਾ ਰਹੇ ਹਨ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮੈਡਮ ਸਰਬਜੀਤ ਕੌਰ ਸੀਨੀਅਰ ਮਹਿਲਾ ਆਗੂ ਆਮ ਆਦਮੀ ਪਾਰਟੀ ਜੰਡਿਆਲਾ ਗੁਰੂ ਨੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਕੀਤਾ।ਉਨ੍ਹਾਂ ਦੱਸਿਆ ਕਿ 2022 ਤੋਂ ਪਹਿਲਾਂ ਹਲਕਾ ਜੰਡਿਆਲਾ ਗੁਰੂ ਦੇ ਸਰਕਾਰੀ ਸਕੂਲਾਂ ਵਿੱਚ ਨਾ ਹੀ ਬੁਨਿਆਦੀ ਸਹੂਲਤਾਂ ਸਨ ਤੇ ਨਾ ਹੀ ਪੜ੍ਹਾਉਣ ਲਈ ਅਧਿਆਪਕ ਪਰ ਹਰਭਜਨ ਸਿੰਘ ਈ ਟੀ ਓ ਨੇ ਹਲਕਾ ਜੰਡਿਆਲਾ ਗੁਰੂ ਦੀ ਕਮਾਨ ਸੰਭਾਲਦਿਆਂ ਹੀ ਸਭ ਤੋਂ ਪਹਿਲਾਂ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਲਿਆਉਣੇ ਸ਼ੁਰੂ ਕੀਤੇ, ਜੋ ਹੁਣ ਸਭ ਦੇ ਸਾਹਮਣੇ ਹਨ।ਮੈਡਮ ਸਰਬਜੀਤ ਕੌਰ ਨੇ ਦੱਸਿਆ ਕਿ ਕੈਬਨਿਟ ਮੰਤਰੀ ਸਾਹਿਬ ਨੇ ਸਿੱਖਿਆ ਕ੍ਰਾਂਤੀ ਦੌਰਾਨ ਜੰਡਿਆਲਾ ਗੁਰੂ ਹਲਕੇ ਦੇ ਸਕੂਲਾਂ ਵਿੱਚ ਕਰੋੜਾਂ ਰੁਪਏ ਦੇ ਫੰਡ ਦਿੱਤੇ ਜਾ ਰਹੇ ਹਨ ਅਤੇ ਆਮ ਆਦਮੀ ਦੀ ਸਰਕਾਰ ਵੱਲੋਂ ਇਸੇ ਤਰ੍ਹਾਂ ਸਿੱਖਿਆ ਦੇ ਖੇਤਰ ਵਿੱਚ ਹਰ ਤਰ੍ਹਾਂ ਦੇ ਸੁਧਾਰ ਦੇ ਕਾਰਜ ਜਾਰੀ ਰਹਿਣਗੇ।

# ਸ਼ੈਰੀ ਕਲਸੀ ਨੇ ਬੋਦੇ ਦੀ ਖੂਹੀ ਤੇ ਉਮਰਪੁਰਾ ਵਿਖੇ ਕੀਤਾ ਵਿਕਾਸ ਕਾਰਜਾਂ ਦਾ ਉਦਘਾਟਨ



**ਬਟਾਲਾ (ਡਾ. ਮਲਵਿੰਦਰ ਸਿੰਘ)**-ਬਟਾਲਾ ਦੇ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸਰਕਾਰੀ ਪ੍ਰਾਇਮਰੀ ਸਕੂਲ ਬੋਦੇ ਦੀ ਖੂਹੀ ਵਿਖੇ 15 ਲੱਖ 76 ਹਜ਼ਾਰ ਰੁਪਏ ਦੀ ਲਾਗਤ ਨਾਲ ਅਤੇ ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕਲੂ ਉਮਰਪੁਰਾ ਵਿਖੇ ਮੁਕੰਮਲ ਹੋਏ ਵਿਕਾਸ ਕੰਮਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਸਰਕਾਰੀ ਸਕੂਲਾਂ ਨੂੰ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਕਰਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਸਿੱਖਿਆ ਦਾ ਨਵਾਂ ਮਾਹੌਲ ਸਿਰਜਿਆ ਹੈ।ਵਿਕਾਸ ਕਾਰਜਾਂ ਦਾ ਲੋਕ ਅਰਪਣ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਦੀ ਅਗਵਾਈ ਵਿਚ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਅਤੇ ਚੰਗੇਰੇ ਭਵਿੱਖ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਬਜਟ ਦਾ ਵੱਡਾ ਹਿੱਸਾ ਸਿੱਖਿਆ 'ਤੇ ਖਰਚ ਕਰਦੀ ਰਹੇਗੀ ਅਤੇ ਹੁਣ ਸਰਕਾਰੀ ਸਕੂਲਾਂ ਵਿੱਚ ਕੰਪਿਊਟਰ ਲੈਬਾਂ, ਡਿਜੀਟਲ ਬਲੈਕ ਬੋਰਡ, ਅਤਿ-ਆਧੁਨਿਕ ਸਾਇੰਸ ਲੈਬਾਂ, ਬਿਹਤਰ ਬੁਨਿਆਦੀ ਢਾਂਚਾ ਆਦਿ ਵਰਗੀਆਂ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਸਿੱਖਿਆ ਦੇ ਖੇਤਰ ਵਿਚ ਵੱਡੇ ਪੱਧਰ 'ਤੇ ਕੰਮ ਕਰਦਿਆਂ ਸਰਕਾਰੀ ਸਕੂਲਾਂ ਦੀ ਦਿਖ ਨੂੰ ਨਵਾਂ ਰੂਪ ਦਿੱਤਾ ਹੈ । ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਸਰਕਾਰੀ ਸਕੂਲਾਂ ਵਿਚ ਮਾਡਲ ਕਲਾਸ ਰੂਮਾਂ, ਸਮੇਂ ਮੁਤਾਬਕ ਬੁਨਿਆਦੀ ਢਾਂਚੇ ਦੀ ਸਥਾਪਤੀ ਅਤੇ ਵਿਦਿਆਰਥੀਆਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਜੋ ਅਧਿਆਪਕਾਂ-ਵਿਦਿਆਰਥੀਆਂ ਲਈ ਲਾਹੇਵੰਦ ਹਨ।ਇਸ ਮੌਕੇ ਜਸਵਿੰਦਰ ਸਿੰਘ ਬੀਪੀਈਓ, ਕੌਂਸਲਰ ਬਲਵਿੰਦਰ ਸਿੰਘ ਮਿੰਟਾ, ਸੀਨੀਅਰ ਆਗੂ ਮੈਨੇਜਰ ਅਤਰ ਸਿੰਘ, ਬਲਬੀਰ ਸਿੰਘ ਬਿੱਟੂ, ਗਗਨਦੀਪ ਸਿੰਘ, ਗਗਨਜੀਤ ਸਿੰਘ, ਮਨਦੀਪ ਸਿੰਘ, ਗੁਰਜੀਤ ਸਿੰਘ, ਅਵਤਾਰ ਸਿੰਘ ਕਲਸੀ, ਮਨਜੀਤ ਸਿੰਘ ਬਮਰਾਹ, ਗੁਰਜੀਤ ਸਿੰਘ, ਪਰਦੀਪ ਕੁਮਾਰ, ਰਜਿੰਦਰ ਜੰਬਾ ਸਮੇਤ ਸਕੂਲਾਂ ਦਾ ਸਟਾਫ ਮੌਜੂਦ ਸੀ।

# ਸੱਤਿਅਮ ਇੰਸਟੀਚਿਊਟ ਰਾਮ ਤੀਰਥ ਵਿਖੇ ਰਾਮ ਇਕਬਾਲ ਐਕਸੀਲੈਂਸ ਐਵਾਰਡ ਸਮਾਰੋਹ ਕਰਵਾਇਆ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਸ਼ਹੀਦ ਭਗਤ ਸਿੰਘ ਗਰੁੱਪ ਆਫ਼ ਐਜੂਕੇਸ਼ਨਲ ਇੰਸਟੀਟਿਊਟ ਵੱਲੋਂ ਸਤਿਅਮ ਇੰਸਟੀਚਿਊਟ ਰਾਮ ਤੀਰਥ ਵਿਖੇ ਇੰਸਟੀਚਿਊਟ ਦੇ ਚੇਅਰਮੈਨ ਡਾ: ਰਾਜੇਸ਼ ਭਾਰਦਵਾਜ, ਐਗਜ਼ੀਕਿਊਟਿਵ ਐੱਮ. ਡੀ. ਡਾ: ਮਿਰਦੁੱਲਾ ਭਾਰਦਵਾਜ, ਡਾਇਰੈਕਟਰ ਸੱਤਿਅਮ ਭਾਰਦਵਾਜ ਅਤੇ ਡਾਇਰੈਕਟਰ ਕਮ ਪ੍ਰਿੰਸੀਪਲ ਡਾਕਟਰ ਆਰ. ਕੇ. ਬੇਦੀ. ਦੀ ਸਰਪ੍ਰਸਤੀ ਹੇਠ ਚੌਥਾ 'ਰਾਮ ਇਕਬਾਲ ਐਕਸੀਲੈਂਸ ਐਵਾਰਡ' ਸਮਾਰੋਹ ਕਰਵਾਇਆ ਗਿਆ। ਮੁੱਖ ਮਹਿਮਾਨ ਵਜੋਂ ਸੈਂਟਰਲ ਯੂਨੀਵਰਸਿਟੀ ਆਫ਼ ਹਿਮਾਚਲ ਪ੍ਰਦੇਸ਼ ਧਰਮਸ਼ਾਲਾ ਦੇ ਚਾਂਸਲਰ ਅਤੇ ਪਦਮਸ਼੍ਰੀ ਐਵਾਰਡ ਜੇਤੂ ਡਾ: ਹਰਮੋਹਿੰਦਰ ਸਿੰਘ ਬੇਦੀ ਨੇ ਸ਼ਿਰਕਤ ਕੀਤੀ। ਸ਼ਮ੍ਹਾ ਰੌਸ਼ਨ ਕਰਨ ਦੀ ਰਸਮ ਤੋਂ ਬਾਅਦ ਭਗਤੀ ਸੰਗੀਤ ਨਾਲ ਸਮਾਰੋਹ ਦੀ ਸ਼ੁਰੂਆਤ ਹੋਈ।ਕਸ਼ਮੀਰੀ ਵਿਦਿਆਰਥੀਆਂ ਵੱਲੋਂ ਕਸ਼ਮੀਰ ਦਾ ਮਨਮੋਹਕ ਲੋਕ ਨਾਚ ਪੇਸ਼ ਕਰਕੇ ਸਰੋਤਿਆਂ ਦੇ ਮਨਾਂ ਨੂੰ ਮੋਹ ਲਿਆ।ਇਸ ਤੋਂ ਇਲਾਵਾ ਪੰਜਾਬੀ ਗੀਤਾਂ ਤੇ ਵਿਦਿਆਰਥਣਾਂ ਵੱਲੋਂ ਭੰਗੜੇ ਦੀ ਪੇਸ਼ਕਾਰੀ ਵੀ ਕੀਤੀ ਗਈ।ਸਨਮਾਨ ਸਮਾਰੋਹ ਵਿੱਚ ਸਸਸ ਸਕੂਲ ਕੋਹਾਲੀ ਦੇ ਪ੍ਰਿੰਸੀਪਲ ਜਸਬੀਰ ਸਿੰਘ, ਡੀਏਵੀ ਪਬਲਿਕ ਸਕੂਲ ਦੇ ਪ੍ਰਿੰ. ਪਲਵੀ ਸੇਠੀ, ਫੋਰ ਐੱਸ ਸਕੂਲ ਦੇ ਪ੍ਰਿੰ. ਗੁਰ ਰਤਨ ਸਿੰਘ, ਸਸਸਸ ਬਾਸਰਕੇ ਗਿੱਲਾਂ ਦੇ ਪ੍ਰਿੰ. ਕਿਰਨਜੀਤ ਕੌਰ, ਸਸਸਸ (ਟਪਿਆਲਾ) ਦੇ ਪ੍ਰਿੰ. ਪਰਮਿੰਦਰਜੀਤ ਕੌਰ, ਸਕੂਲ ਆਫ਼ ਐਮੀਨੈਂਸ ਦੇ ਪ੍ਰਿੰ. ਮਨਮੀਤ ਕੌਰ, ਅਜੀਤ ਵਿਦਿਆਲਿਆ ਸਕੂਲ ਦੇ ਪ੍ਰਿੰ. ਡਾ. ਰਾਮਾ ਮਹਾਜਨ, ਪ੍ਰਿੰਸੀਪਲ ਸ਼ਿਲਪਾ ਵਿਕਰਮ ਸੇਠ, ਪ੍ਰਿੰ. ਵਿਨੋਦ ਕਾਲੀਆ, ਪ੍ਰਿੰਸੀਪਲ ਡਾ. ਵਿੰਦਤਾ ਸਖਿਅਨ ਪ੍ਰਿੰਸੀਪਲ ਰਜੇਸ਼ ਪ੍ਰਭਾਕਰ, ਪ੍ਰਿੰਸੀਪਲ ਰਵਿੰਦਰ ਸਿੰਘ ਆਦਿ ਨੂੰ ਸਿੱਖਿਆ ਦੇ ਖੇਤਰ ਵਿੱਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਡਾ. ਹਰਮੋਹਿੰਦਰ ਸਿੰਘ ਬੇਦੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੀ ਰਾਮ ਇਕਬਾਲ ਨੇ ਸਿੱਖਿਆ ਦੇ ਖੇਤਰ ਵਿੱਚ ਇੱਕ ਜੋਤ ਜਗਾਈ ਸੀ ਜੋ ਅੱਜ ਵੀ ਸਰਹੱਦੀ ਖੇਤਰ ਵਿੱਚ ਸਿੱਖਿਆ ਦਾ ਚਾਨਣ ਵੰਡ ਰਹੀ ਹੈ।ਉਨ੍ਹਾਂ ਕਿਹਾ ਕਿ ਰਾਮ ਇਕਬਾਲ ਨੇ ਆਪਣੀ ਸਾਰੀ ਜ਼ਿੰਦਗੀ ਸਿੱਖਿਆ ਨੂੰ ਸਮਰਪਿਤ ਕੀਤੀ ਹੈ ਅਤੇ ਖੁਸ਼ੀ ਦੀ ਗੱਲ ਹੈ ਕਿ ਉਨ੍ਹਾਂ ਦੀ ਸੰਸਥਾ ਸ਼ਹਿਰਾਂ ਨਾਲੋਂ ਹੱਟ ਕੇ ਸਰਹੱਦੀ ਖੇਤਰ ਵਿੱਚ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰ ਰਹੀ ਹੈ।ਇਸ ਮੌਕੇ ਤੇ ਡਾ. ਮਨਜਿੰਦਰ ਸਿੰਘ ਬੇਦੀ, ਸ਼ੁਭੀ ਭਾਰਦਵਾਜ, ਅਮਨਦੀਪ ਕੌਰ, ਮਨਵਿੰਦਰ ਕੌਰ, ਡਾ. ਤਜਿੰਦਰ ਸਿੰਘ ਬੇਦੀ, ਡਾ. ਜਗਤਾਰ ਸਿੰਘ ਪ੍ਰਿੰ. ਕਪਿਲ ਦੇਵ ਸ਼ਰਮਾ ਸਮੇਤ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

# ਪੰਜਵੇਂ ਪਾਤਸ਼ਾਹ ਦੇ ਪ੍ਰਕਾਸ਼ ਗੁਰਪੁਰਬ ਮੌਕੇ ਸਜਾਏ ਸੁੰਦਰ ਜਲੌਅ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਗੁਰੂ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੇ ਗੁਰਦੁਆਰਾ ਸ੍ਰੀ ਸੰਤੋਖਸਰ ਸਾਹਿਬ ਵਿਖੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਜੀ ਵਿਖੇ ਸੁੰਦਰ ਜਲੌ ਸਜਾਏ ਗਏ।ਸ਼੍ਰੋਮਣੀ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਸੰਤੋਖਸਰ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ, ਜਿਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਪੰਥ ਪ੍ਰਸਿੱਧ ਕਥਾਵਾਚਕਾਂ ਨੇ ਸੰਗਤਾਂ ਨਾਲ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਦੀ ਸਾਂਝ ਪਾਈ।ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਨੂੰ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਵਧਾਈ ਦਿੱਤੀ।ਉਨ੍ਹਾਂ ਆਪਣੇ ਵਧਾਈ ਸੰਦੇਸ਼ ਵਿੱਚ ਆਖਿਆ ਹੈ ਕਿ ਗੁਰੂ ਸਾਹਿਬ ਦਾ ਜੀਵਨ ਮਨੁੱਖਤਾ ਲਈ ਚਾਨਣ-ਮੁਨਾਰਾ ਹੈ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਵੱਡਾ ਪਰਉਪਕਾਰ ਕਰਦਿਆਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਤਿਆਰ ਕਰਵਾਇਆ ਅਤੇ ਸੰਗਤਾਂ ਨੂੰ ਸ਼ਬਦ ਨਾਲ ਜੋੜਿਆ। ਉਨ੍ਹਾਂ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲੈਣ ਅਤੇ ਗੁਰਬਾਣੀ ਉਪਦੇਸ਼ਾਂ 'ਤੇ ਚੱਲਣ ਦੀ ਅਪੀਲ ਕੀਤੀ।ਇਸੇ ਦੌਰਾਨ ਐਡਵੋਕੇਟ ਧਾਮੀ ਨੇ ਭਗਤ ਧੰਨਾ ਜੀ ਦੇ ਜਨਮ ਦਿਹਾੜੇ ਦੀ ਵੀ ਸੰਗਤਾਂ ਨੂੰ ਵਧਾਈ ਦਿੱਤੀ।

# ਗੁਰਪ੍ਰੀਤ ਸਿੰਘ ਸਿੱਧੂ ਦੀ ਯਾਦ 'ਚ ਲਗਾਇਆ ਅੱਖਾਂ ਦਾ ਫ੍ਰੀ ਕੈਂਪ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸਮਾਜ ਸੇਵਾ ਦੇ ਖੇਤਰ 'ਚ ਯੋਗਦਾਨ ਪਾ ਰਹੀ ਸ਼ਹੀਦ ਕਰਤਾਰ ਸਿੰਘ ਸਰਾਭਾ ਹੈਲਪਿੰਗ ਹੈਂਡ ਸੁਸਾਇਟੀ ਵੱਲੋਂ ਅੱਖਾਂ ਦਾ ਫ੍ਰੀ ਕੈਂਪ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਲਾਇਆ ਗਿਆ, ਜਿਸ ਦੌਰਾਨ 300 ਮਰੀਜ਼ਾਂ ਦੀ ਜਾਂਚ ਕੀਤੀ ਗਈ।ਇਸ ਮੌਕੇ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਪਨਗੋਟਾ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਸਮੇਂ-ਸਮੇਂ 'ਤੇ ਅੱਖਾਂ ਦੇ ਫ੍ਰੀ ਕੈਂਪ ਲਗਾਏ ਜਾਂਦੇ ਹਨ ਤਾਂ ਜੋ ਸਾਡੇ ਬਜ਼ੁਰਗ ਇਸ ਖੂਬਸੂਰਤ ਦੁਨੀਆ ਨੂੰ ਦੇਖ ਸਕਣ।

ਇਸੇ ਲੜੀ ਤਹਿਤ ਸ਼ਹੀਦ ਕਰਤਾਰ ਸਿੰਘ ਸਰਾਭਾ ਹੈਲਪਿੰਗ ਹੈਂਡ ਸੁਸਾਇਟੀ ਵੱਲੋਂ ਗੁਰਪ੍ਰੀਤ ਸਿੰਘ ਸਿੱਧੂ ਦੀ ਯਾਦ ਵਿੱਚ ਅੱਖਾਂ ਦਾ ਕੈਂਪ ਲਗਾਇਆ ਗਿਆ।ਇਸ ਦੌਰਾਨ ਮਰੀਜ਼ਾਂ ਦਾ ਚੈੱਕਅਪ ਲੁਧਿਆਣਾ ਦੇ ਮਸ਼ਹੂਰ ਹਸਪਤਾਲ ਸ਼ੰਕਰਾ ਆਈ ਕੇਅਰ ਦੇ ਡਾਕਟਰਾਂ ਦੀ ਟੀਮ ਵੱਲੋਂ ਕੀਤਾ ਗਿਆ। ਉਨ੍ਹਾਂ ਦੱਸਿਆ ਕੈਂਪ ਦੌਰਾਨ 300 ਮਰੀਜ਼ਾਂ ਨੇ ਆਪਣਾ ਚੈੱਕਅੱਪ ਕਰਵਾਇਆ, 200 ਲੋੜਵੰਦ ਮਰੀਜ਼ਾਂ ਨੂੰ ਨਜ਼ਰ ਦੀਆਂ ਐਨਕਾਂ ਤਕਸੀਮ ਕਰਨ ਤੋਂ ਇਲਾਵਾ 52 ਮਰੀਜ਼ ਆਪ੍ਰੇਸ਼ਨ ਲਈ ਚੁਣੇ ਗਏ ਜਿਨ੍ਹਾਂ ਨੂੰ ਮੌਕੇ 'ਤੇ ਆਪ੍ਰੇਸ਼ਨ ਲਈ ਸ਼ੰਕਰਾ ਆਈ ਕੇਅਰ ਹਸਪਤਾਲ ਲੁਧਿਆਣਾ ਲਈ ਰਵਾਨਾ ਕਰ ਦਿੱਤਾ ਗਿਆ।ਇਸ ਮੌਕੇ ਸਮਾਜ ਸੇਵਕ ਗੁਰਪ੍ਰੀਤ ਸਿੰਘ ਧੁੰਨਾ ਤੇ ਰਮਨਦੀਪ ਸਿੰਘ ਭਰੋਵਾਲ ਨੇ ਕਿਹਾ ਕਿ ਸਾਨੂੰ ਸਮਾਜ ਸੇਵਾ ਲਈ ਜ਼ਰੂਰ ਸਮਾਂ ਦੇਣਾ ਚਾਹੀਦਾ ਹੈ।ਜੇ ਕੁਦਰਤ ਨੇ ਤੁਹਾਨੂੰ ਇਸ ਯੋਗ ਬਣਾਇਆ ਹੈ ਕਿ ਤੁਸੀਂ ਕਿਸੇ ਦੀ ਸਹਾਇਤਾ ਕਰ ਸਕਦੇ ਹੋ ਤਾਂ ਕਿਸੇ ਲੋੜਵੰਦ ਦੀ ਇਮਦਾਦ ਕਰ ਤੁਸੀਂ ਕੁਦਰਤ ਦਾ ਸ਼ੁਕਰਾਨਾ ਕਰ ਸਕਦੇ ਹੋ।ਇਸ ਮੌਕੇ ਵਿਸ਼ਾਲ ਸੂਦ, ਗੁਰਵਿੰਦਰ ਸਿੰਘ ਬਰਵਾਲਾ, ਡਾ. ਸਰਬਪ੍ਰੀਤ ਸਿੰਘ, ਮਾਸਟਰ ਜਸਪ੍ਰੀਤ ਸਿੰਘ, ਸਤਨਾਮ ਸਿੰਘ, ਜਗਮਾਨ ਸਿੰਘ, ਸੰਦੀਪ ਕੌਰ, ਅਮਨਪ੍ਰੀਤ ਸਿੰਘ, ਅਮਰਬੀਰ ਸਿੰਘ ਯੁਧਵੀਰ ਸਿੰਘ, ਨਿਆਮਤ ਕੌਰ, ਸਰਬਜੋਤ ਸਿੰਘ ਸੰਧਾ, ਰਣਜੀਤ ਸਿੰਘ ਦਿਓਲ, ਸਾਹਿਬ ਸਿੰਘ ਅਤੇ ਪਲਵਿੰਦਰ ਸਿੰਘ ਫੌਜੀ ਹਾਜ਼ਰ ਸਨ।

# ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨਗਰ ਬੁਤਾਲਾ ਵਿਖੇ ਕੀਤੀਆਂ ਗੁਰਮਤਿ ਵਿਚਾਰਾਂ



ਬੁਤਾਲਾ (ਨਿਰਮਲ ਸਿੰਘ ਸੰਘਾ)-ਨਗਰ ਬੁਤਾਲਾ ਵਿਖੇ ਖੁਆਰ ਹੋਏ ਸਭ ਮਿਲੇਂਗੇ ਧਰਮ ਪ੍ਰਚਾਰ ਲਹਿਰ ਤਹਿਤ ਗੁਰਦੁਆਰਾ ਪਾਤਸ਼ਾਹੀ ਛੇਵੀਂ ਬਾਬਾ ਪੱਲ੍ਹਾ ਜੀ ਬੁਤਾਲਾ ਵਿਖੇ ਸਮਾਗਮ ਭਾਈ ਉਪਕਾਰ ਸਿੰਘ ਤੇ ਰਸੀਵਰ ਭਾਈ ਦਮਨਜੀਤ ਸਿੰਘ ਦੇ ਸਹਿਯੋਗ ਨਾਲ ਉਲੀਕਿਆ ਗਿਆ।ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਭਾਈ ਮੰਗਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਬਾਬਾ ਪੱਲ੍ਹਾ ਜੀ ਨੇ ਇਲਾਹੀ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਸ਼ੁਰੂ ਵਿੱਚ ਸਾਬਕਾ ਸਰਪੰਚ ਮਾਸਟਰ ਸਵਿੰਦਰ ਸਿੰਘ ਨੇ ਜਥੇਦਾਰ ਅਤੇ ਆਈਆਂ ਸੰਗਤਾਂ ਜੀ ਆਇਆਂ ਆਖਿਆ। ਪ੍ਰਿੰ. ਦਲਬੀਰ ਸਿੰਘ ਨੇ ਬੋਲਦਿਆਂ ਕਿਹਾ ਕਿ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬਹੁਤ ਵਧੀਆ ਉਪਰਾਲਾ ਕੀਤਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਇਤਿਹਾਸ ਤੋਂ ਸੇਧ ਲੈਂਦਿਆਂ ਗਰੀਬਾਂ ਨੂੰ ਗਲਵੱਕੜੀ ਵਿੱਚ ਲਿਆ ਹੈ ਅਤੇ ਲਿਫਾਫਾ ਕਲਚਰ ਨੂੰ ਖਤਮ ਕਰਕੇ ਸੰਗਤਾਂ ਦੀ ਸੇਵਾ ਕਰ ਰਹੇ ਹਨ।ਸਾਬਕਾ ਵਿਧਾਇਕ ਜਥੇਦਾਰ ਬਲਜੀਤ ਸਿੰਘ ਨੇ ਬੋਲਦਿਆਂ ਕਿਹਾ ਕਿ ਜਦੋਂ ਗਰੀਬ ਪਰਿਵਾਰਾਂ ਵੱਲ ਪਿੱਠ ਹੋ ਗਈ ਸੀ ਤਾਂ ਉਹ ਧਰਮ ਪਰਿਵਰਤਨ ਕਰਨ ਕਰਨ ਲੱਗ ਪਏ ਸਨ, ਨਵੇਂ ਸਿੰਘ ਸਾਹਿਬ ਦੇ ਯਤਨਾਂ ਸਦਕਾ ਉਹ ਲੋਕ ਵਾਪਸ ਆ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ ਨੇ ਵੀ ਸਿੰਘ ਸਾਹਿਬ ਵੱਲੋਂ ਚਲਾਈ ਲਹਿਰ ਦੀ ਸ਼ਲਾਘਾ ਕੀਤੀ।ਇਸ ਮੌਕੇ ਜਥੇਦਾਰ ਗਿਆਨੀ ਗੁਰਦਿਆਲ ਸਿੰਘ ਕਾਲਰਾ ਆਦਮਪੁਰ, ਬੀਬੀ ਦਵਿੰਦਰ ਕੌਰ ਐਸਜੀਪੀਸੀ ਮੈਂਬਰ, ਲੱਖਵੰਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਪਣੇ ਭਾਸ਼ਣ ਵਿੱਚ ਸਾਰੀਆਂ ਸੰਪਰਦਾਵਾਂ, ਮਿਸ਼ਨਰੀ ਕਾਲਜਾਂ, ਸਟੱਡੀ ਸਰਕਲਾਂ ਅਤੇ ਵਿਦਵਾਨਾਂ, ਕਥਾਵਾਚਕਾਂ, ਪ੍ਰਚਾਰਕਾਂ ਨੂੰ ਇਕੱਠੇ ਹੋ ਕੇ ਧਰਮ ਪ੍ਰਚਾਰਕ ਲਹਿਰ ਨੂੰ ਘਰ ਘਰ ਪਹੁੰਚਾਉਣ ਦਾ ਸੱਦਾ ਦਿੱਤਾ।

ਸਿੰਘ ਸਾਹਿਬ ਨੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਨੂੰ ਵੀ ਇਸ ਲਹਿਰ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ। ਅਖੀਰ ਵਿੱਚ ਸਰਪੰਚ ਸੁਖਵਿੰਦਰ ਸਿੰਘ, ਸਾਬਕਾ ਸਰਪੰਚ ਮਾਸਟਰ ਸਵਿੰਦਰ ਸਿੰਘ, ਰਿਸੀਵਰ ਭਾਈ ਦਮਨਜੀਤ ਸਿੰਘ, ਪ੍ਰਭਦਿਆਲ ਸਿੰਘ ਸ਼ਾਹ, ਉਪਕਾਰ ਸਿੰਘ, ਪ੍ਰੱਭਜੀਤ ਸਿੰਘ, ਦਲਬੀਰ ਸਿੰਘ ਆਦਿ ਨੇ ਸਾਂਝੇ ਤੌਰ ਤੇ ਸਿੰਘ ਸਾਹਿਬ ਦਾ ਸਨਮਾਨ ਕੀਤਾ।

# ਆਈ ਟੀ ਕਾਲਜ ਫਾਰ ਵੂਮੈਨ ਭਗਵਾਨਪੁਰਾ ਵਿਖੇ ਅੱਖਾਂ ਦਾ ਮੁਫ਼ਤ ਕੈਂਪ ਲੱਗਾ



ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਆਈ. ਟੀ. ਕਾਲਜ ਫਾਰ ਵੂਮੈਨ ਭਗਵਾਨਪੁਰ ਵਿਖੇ ਅਸਰ ਚੈਰੀਟੇਬਲ ਟਰੱਸਟ ਵੱਲੋਂ ਫ੍ਰੀ ਅੱਖਾਂ ਬਾਰੇ ਕੈਂਪ ਲਗਾਇਆ ਗਿਆ ਜਿਸ ਦੀ ਸ਼ੁਰੂਆਤ ਗੁਰੂ ਸਾਹਿਬਾਨ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰ ਕੇ ਹੋਈ। ਕੈਂਪ ਵਿਚ ਵਿਜ਼ਨ ਪਲੱਸ ਆਈ ਹਸਪਤਾਲ ਅੰਮ੍ਰਿਤਸਰ ਤੋਂ ਅੱਖਾਂ ਦੇ ਮਾਹਿਰ ਡਾ. ਮਨਦੀਪ ਕੌਰ, ਡਾ. ਸ਼ਮਸ਼ੇਰ ਸਿੰਘ ਅਤੇ ਡਾ. ਭਗਤੇਸ਼ਵਰ ਸਿੰਘ ਵੱਲੋਂ ਮਰੀਜ਼ਾਂ ਦਾ ਇਲਾਜ ਕੀਤਾ ਗਿਆ।

ਇਸ ਮੌਕੇ ਅਸਰ ਚੈਰੀਟੇਬਲ ਟਰੱਸਟ ਦੇ ਮੁੱਖ ਪ੍ਰਬੰਧਕ ਇੰਦਰਪਾਲ ਸਿੰਘ ਅਤੇ ਬੀਬੀ ਹਰਮਿੰਦਰ ਕੌਰ ਨੇ ਕਿਹਾ ਕਿ ਅਸੀਂ ਜੋ ਇਹ ਉਪਰਾਲਾ ਕਰ ਰਹੇ ਹਾਂ ਇਹ ਸਿਰਫ਼ ਲੋੜਵੰਦ ਮਰੀਜ਼ਾਂ ਦੇ ਲਈ ਹੈ। ਮੁਫ਼ਤ ਅਪਰੇਸ਼ਨਾਂ ਲਈ ਮੁਫ਼ਤ ਚੈੱਕਅਪ ਕਰਵਾਇਆ ਗਿਆ। ਬਜ਼ੁਰਗ ਲੋਕ ਜੋ ਦੂਰ ਦਾ ਸਫ਼ਰ ਨਹੀਂ ਕਰ ਸਕਦੇ ਉਨ੍ਹਾਂ ਨੂੰ ਇਸ ਕੈਂਪ ਨਾਲ ਸਹੂਲਤ ਮਿਲ ਗਈ ।ਇਸ ਕੈਂਪ ਵਿਚ ਲੱਗਭਗ 978 ਮਰੀਜ਼ਾਂ ਨੇ ਮੁਫ਼ਤ ਮੈਡੀਕਲ ਜਾਂਚ ਦਾ ਲਾਭ ਉਠਾਇਆ।ਇਸ ਮੌਕੇ ਮੈਡੀਕਲ ਸਟਾਫ ਡਾ. ਹਰਜੀਤ ਸਿੰਘ, ਡਾ. ਜਸਵਿੰਦਰ ਸਿੰਘ ਅਤੇ ਹੋਰ ਟੀਮ ਮੈਂਬਰ ਦਵਿੰਦਰ ਸਿੰਘ, ਡਾ. ਰਾਜਪਾਲ ਸਿੰਘ, ਮੈਡਮ ਗੁਰਮੀਤ ਕੌਰ, ਅੰਮ੍ਰਿਤਪਾਲ ਸਿੰਘ, ਚੇਅਰਮੈਨ ਇੰਦਰਜੀਤ ਸਿੰਘ, ਪ੍ਰਿੰਸੀਪਲ ਰਣਜੀਤ ਕੌਰ ਅਤੇ ਸਮੂਹ ਆਈ ਟੀ ਕਾਲਜ ਦੇ ਸਟਾਫ ਮੈਂਬਰਾਂ ਨੇ ਸਹਿਯੋਗ ਨਿਭਾਇਆ।ਡਰਾਈਵਰਾਂ ਅਤੇ ਸੇਵਾਦਾਰਾਂ ਨੇ ਲੰਗਰ ਦੀ ਸੇਵਾ ਪੂਰੇ ਤਨ ਮਨ ਨਾਲ ਨਿਭਾਈ।

# ਸਾਹਿਤ ਸਭਾ ਚੋਗਾਵਾਂ ਨੇ ਪ੍ਰਵਾਸੀ ਨਾਟਕਕਾਰ ਹੀਰਾ ਸਿੰਘ ਰੰਧਾਵਾ ਨਾਲ ਰਚਾਇਆ ਸੰਵਾਦ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-ਪੰਜਾਬੀ ਸਾਹਿਤ ਸਭਾ ਚੋਗਾਵਾਂ (ਰਜਿ.) ਅੰਮ੍ਰਿਤਸਰ ਵੱਲੋਂ ਬਾਬੂ ਫ਼ਿਰੋਜ਼ਦੀਨ ਸ਼ਰਫ ਯਾਦਗਾਰੀ ਟਰੱਸਟ ਤੋਲਾ ਨੰਗਲ ਦੇ ਸਹਿਯੋਗ ਨਾਲ ਬਾਬਾ ਜਾਗੋ ਸ਼ਹੀਦ ਆਦਰਸ਼ ਸਕੂਲ ਕੋਹਾਲੀ ਵਿਖੇ ਕੈਨੇਡਾ ਤੋਂ ਆਏ ਉਘੇ ਨਾਟਕਕਾਰ, ਰੰਗ ਕਰਮੀ ਤੇ ਸ਼ਾਇਰ ਹੀਰਾ ਸਿੰਘ ਰੰਧਾਵਾ ਨਾਲ ਰੂਬਰੂ ਪ੍ਰੋਗਰਾਮ ਤਹਿਤ ਸੰਵਾਦ ਰਚਾਇਆ ਗਿਆ।ਇਸ ਸਮਾਰੋਹ ਦੀ ਪ੍ਰਧਾਨਗੀ ਨਾਮਵਰ ਫਿਲਮ ਅਦਾਕਾਰ ਹਰਦੀਪ ਗਿੱਲ, ਪੰਜਾਬੀ ਸਹਿਤ ਸਭਾ ਚੁਗਾਵਾਂ ਦੇ ਪ੍ਰਧਾਨ ਧਰਵਿੰਦਰ ਸਿੰਘ ਔਲਖ, ਭੁਪਿੰਦਰ ਸਿੰਘ ਸੰਧੂ, ਰਮੇਸ਼ ਯਾਦਵ, ਸੀਨੀਅਰ ਪੱਤਰਕਾਰ ਤੇ ਲੇਖਕ ਐੱਸ. ਪਰਸ਼ੋਤਮ ਅਤੇ ਪੰਜਾਬੀ ਗਾਇਕਾ ਸੁਰਜੀਤ ਕੌਰ ਨੇ ਸਾਂਝੇ ਰੂਪ ਵਿੱਚ ਕੀਤੀ।ਇਸ ਸਮੇਂ ਆਪਣੀ ਜ਼ਿੰਦਗੀ ਦੇ ਸਫ਼ਰ ਬਾਰੇ ਗੱਲ ਕਰਦਿਆਂ ਹੀਰਾ ਸਿੰਘ ਰੰਧਾਵਾ ਨੇ ਕਿਹਾ ਕਿ ਉਨ੍ਹਾਂ ਨੇ 1987 ਵਿੱਚ ਭਾਅ ਜੀ ਗੁਰਸ਼ਰਨ ਸਿੰਘ ਨਾਲ ਰੰਗ ਮੰਚ ਸ਼ੁਰੂ ਕੀਤਾ ਸੀ, ਜੋ ਅੱਜ ਵੀ ਨਿਰੰਤਰ ਜਾਰੀ ਹੈ।ਉਨ੍ਹਾਂ ਕਿਹਾ ਕਿ ਇਸ ਸਫ਼ਰ ਦੌਰਾਨ ਬਹੁਤ ਸਾਰੀਆਂ ਮੁਸ਼ਕਿਲਾਂ ਵੀ ਆਈਆਂ, ਪਰ ਆਪਣੀ ਮਿਹਨਤ ਅਤੇ ਲਗਨ ਨਾਲ ਉਨ੍ਹਾਂ ਮੁਸ਼ਕਿਲਾਂ ਨੂੰ ਦੂਰ ਕਰਕੇ ਉਨ੍ਹਾਂ ਕਾਮਯਾਬੀ ਹਾਸਿਲ ਕੀਤੀ।ਉਹ 2005 ਕੈਨੇਡਾ ਚਲੇ ਗਏ।ਕੈਨੇਡਾ ਵਿੱਚ ਵੀ ਉਹ ਲਗਾਤਾਰ ਰੰਗ ਮੰਚ ਕਰ ਰਹੇ ਹਨ ਅਤੇ ਇਸ ਦੇ ਨਾਲ ਨਾਲ ਹੁਣ ਤੱਕ ਉਨ੍ਹਾਂ ਨੇ ਨੌਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾਈਆਂ ਹਨ।ਅਦਾਕਾਰ ਹਰਦੀਪ ਗਿੱਲ ਨੇ ਹੀਰਾ ਸਿੰਘ ਰੰਧਾਵਾ ਬਾਰੇ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਇਕੱਠਿਆਂ ਰੰਗ ਮੰਚ ਦਾ ਸਫ਼ਰ ਸ਼ੁਰੂ ਕੀਤਾ ਸੀ ਅਤੇ ਇਸ ਖੇਤਰ ਵਿੱਚ ਉਨ੍ਹਾਂ ਮਿਹਨਤ ਤੇ ਲਿਆਕਤ ਨਾਲ ਉਚੇ ਮੁਕਾਮ ਹਾਸਿਲ ਕੀਤੇ ਹਨ।ਇਸ ਮੌਕੇ ਕਰਵਾਏ ਗਏ ਕਵੀ ਦਰਬਾਰ ਵਿੱਚ ਗੁਰਪ੍ਰੀਤ ਸੈਂਸਰਾ, ਕੁਲਵੰਤ ਸਿੰਘ ਕੰਤ, ਸੁਰਿੰਦਰ ਸਿੰਘ ਚੋਹਕਾ, ਰਾਜ ਚੋਗਾਵਾਂ, ਗਰਜਿੰਦਰ ਬਘਿਆੜੀ, ਰਾਜ ਕੁਮਾਰ ਚੌੜਾ ਬਾਜ਼ਾਰ, ਪਰਗਟ ਸਿੰਘ ਔਲਖ, ਪੰਜਾਬੀ ਗਾਇਕਾ ਸੁਰਜੀਤ ਕੌਰ, ਐਡਵੋਕੇਟ ਪੂਨਮ ਠੁਕਰਾਲ, ਕੁਲਦੀਪ ਸਿੰਘ ਦਰਾਜਕੇ, ਜਗਰੂਪ ਸਿੰਘ ਐਮਾ, ਹਰਮੀਤ ਆਰਟਿਸਟ ਨੇ ਕਾਵਿ ਰਚਨਾਵਾਂ ਪੇਸ਼ ਕੀਤੀਆਂ।ਮੰਚ ਸੰਚਾਲਕ ਦੇ ਫਰਜ਼ ਸਭਾ ਦੇ ਜਨਰਲ ਸਕੱਤਰ ਗੁਰਬਾਜ ਸਿੰਘ ਛੀਨਾ ਨੇ ਬਾਖੂਬੀ ਨਿਭਾਏ।

ਧਰਵਿੰਦਰ ਸਿੰਘ ਔਲਖ ਨੇ ਆਈਆਂ ਹੋਈਆਂ ਸਾਰੀਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ।ਸਾਹਿਤ ਸਭਾ ਅਤੇ ਯਾਦਗਾਰੀ ਟਰੱਸਟ ਵੱਲੋਂ ਹੀਰਾ ਸਿੰਘ ਰੰਧਾਵਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਸਿਡਾਨਾ ਨਰਸਿੰਗ ਕਾਲਜ ਖਿਆਲਾ ਖੁਰਦ ਦੇ ਪ੍ਰਿੰ. ਡਾ. ਦਰਸ਼ਨ ਸੋਹੀ, ਲੇਖਿਕਾ ਬਲਜੀਤ ਰੰਧਾਵਾ, ਡਾਕਟਰ ਭਗਵੰਤ ਸਿੰਘ ਖਿਆਲਾ ਦੀ ਹਾਜ਼ਰੀ ਨੇ ਸਮਾਰੋਹ ਨੂੰ ਭਰਪੂਰਤਾ ਬਖਸ਼ੀ।

# ਬੱਚਿਆਂ ਦੇ ਇਲਾਜ ਲਈ ਟੋਟਕਿਆਂ ਦਾ ਸਹਾਰਾ ਨਹੀਂ ਡਾਕਟਰੀ ਸਲਾਹ ਲਈ ਜਾਵੇ: ਡਾ. ਅੰਕੁਰ ਕੌਸ਼ਲ



ਗੁਰਦਾਸਪੁਰ (ਜਨਕ ਮਹਾਜਨ)-ਸਿਵਲ ਸਰਜਨ ਗੁਰਦਾਸਪੁਰ ਡਾ. ਪ੍ਰਭਜੋਤ ਕੌਰ ਕਲਸੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਚਾਈਲਡ ਡੈੱਥ ਰੀਵਿਊ ਮੀਟਿੰਗ ਹੋਈ।ਮੀਟਿੰਗ ਵਿਚ 16 ਕੇਸ ਵਿਚਾਰੇ ਗਏ।ਇਸ ਮੌਕੇ ਜ਼ਿਲਾ ਟੀਕਾਕਰਨ ਅਫਸਰ ਡਾ. ਮਮਤਾ ਵਾਸੁਦੇਵ ਨੇ ਕਿਹਾ ਕਿ ਬੱਚਿਆਂ ਦਾ ਸੰਪੂਰਨ ਟੀਕਾਕਰਨ ਕੀਤਾ ਜਾਵੇ।ਟੀਕਾਰਰਨ ਬੱਚਿਆਂ ਨੂੰ ਬੀਮਾਰੀਆਂ ਤੋ ਬਚਾਉਂਦਾ ਹੈ।ਜਨਮ ਤੋ ਲੈ ਕੇ 9 ਮਹੀਨੇ ਤਕ ਪੂਰਨ ਜਦਕਿ 2 ਸਾਲ ਤਕ ਸੰਪੂਰਨ ਟੀਕਾਕਰਨ ਕਰਵਾਇਆ ਜਾਵੇ।ਸਿਹਤ ਵਿਭਾਗ 100 ਫੀਸਦੀ ਟੀਕਾਕਰਨ ਦਾ ਟੀਚਾ ਪੂਰਾ ਕਰਨ ਲਈ ਯਤਨਸ਼ੀਲ ਹੈ, ਜਿਸ ਲਈ ਲੋਕਾਂ ਦਾ ਸਹਿਯੋਗ ਜ਼ਰੂਰੀ ਹੈ।ਉਨ੍ਹਾਂ ਸਿਹਤ ਕਾਮਿਆਂ ਨੂੰ ਹਿਦਾਇਤ ਕੀਤੀ ਕਿ ਟੀਕਾਕਰਨ ਦਾ ਰਿਕਾਰਡ ਆਨਲਾਈਨ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਬੱਚਿਆਂ ਦੀ ਮੌਤ ਦਰ ਘਟਾਉਣ ਦਾ ਯਤਨ ਕੀਤਾ ਜਾ ਰਿਹਾ ਹੈ।ਹਰੇਕ ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਉਹ ਐੱਮਸੀਪੀ ਕਾਰਡ ਨੂੰ ਧਿਆਨ ਨਾਲ ਪੜ੍ਹਨ ਅਤੇ ਕਾਰਡ ਤੇ ਦਿੱਤੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।ਜ਼ਿਲਾ ਸਿਹਤ ਅਫਸਰ ਡਾ. ਅੰਕੁਰ ਕੌਸ਼ਲ ਨੇ ਕਿਹਾ ਕਿ ਬੱਚਿਆਂ ਦੀ ਦੇਖਭਾਲ ਸਬੰਧੀ ਜ਼ਰੂਰੀ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ। ਟੋਟਕਿਆਂ ਦਾ ਸਹਾਰਾ ਨਾ ਲੈਂਦੇ ਹੋਏ ਡਾਕਟਰੀ ਸਲਾਹ ਲਈ ਜਾਵੇ।ਇਸ ਮੌਕੇ ਡਾ. ਮੋਹਿਤ ਕਾਟਲ, ਡਾ. ਵਿਕਾਸ ਮਿਨਹਾਸ, ਮਾਸ ਮੀਡੀਆ ਅਫਸਰ ਰੁਪਿੰਦਰਜੀਤ ਕੌਰ ਅਤੇ ਨੀਰਜ ਆਦਿ ਹਾਜ਼ਰ ਸਨ।

# ਅਭਿਸ਼ੇਕ ਵੱਲੋਂ ਜੇਈਈ (ਮੇਨ) ਦੀ ਪ੍ਰੀਖਿਆ 'ਚ 84.8 ਫੀਸਦੀ ਅੰਕ ਹਾਸਲ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ ਜੇ. ਈ. ਈ. ਮੇਨ 2025 ਦੇ ਐਲਾਨੇ ਗਏ ਨਤੀਜੇ ਵਿਚ ਪੀ. ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੇ ਵਿਦਿਆਰਥੀ ਅਭਿਸ਼ੇਕ ਨੇ ਪ੍ਰਵੇਸ਼ ਪ੍ਰੀਖਿਆ ਪਾਸ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਨੇ ਦੱਸਿਆ ਕਿ ਪ੍ਰੀਖਿਆ ਵਿੱਚ ਅਭਿਸ਼ੇਕ ਦੀ ਇਸ ਸ਼ਾਨਦਾਰ ਉਪਲਬਧੀ ਦਾ ਸਿਹਰਾ ਸਕੂਲ ਦੇ ਮਿਹਨਤੀ ਅਤੇ ਯੋਗ ਸਟਾਫ ਨੂੰ ਜਾਂਦਾ ਹੈ, ਜੋ ਵਿਦਿਆਰਥੀਆਂ ਦੀ ਤਿਆਰੀ ਕਰਵਾਉਂਦੇ ਹਨ। ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਭਿਸ਼ੇਕ ਨੇ ਇਹ ਪ੍ਰੀਖਿਆ 84.8% ਅੰਕਾਂ ਨਾਲ ਪਾਸ ਕੀਤੀ ਹੈ। ਅਭਿਸ਼ੇਕ ਦੇ ਪਿਤਾ ਨਰਿੰਦਰ ਕੁਮਾਰ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਅਭਿਸ਼ੇਕ ਸ਼ੁਰੂ ਤੋਂ ਹੀ ਪੜ੍ਹਾਈ ਵੱਚ ਹੋਣਹਾਰ ਹੈ ਅਤੇ ਦਸਵੀਂ ਜਮਾਤ ਸਸਸਸ ਨੈਨੋਕੋਟ ਤੋਂ 98.31% ਅੰਕਾਂ ਨਾਲ ਜ਼ਿਲੇ ਵਿੱਚੋਂ ਪਹਿਲਾ ਅਤੇ ਸਟੇਟ ਵਿੱਚੋਂ ਨੌਵਾਂ ਸਥਾਨ ਹਾਸਲ ਕਰ ਕੇ ਸਟੇਟ ਮੈਰਿਟ ਹਾਸਲ ਕੀਤੀ ਅਤੇ ਮਾਣਯੋਗ ਗਵਰਨਰ ਪੰਜਾਬ ਪਾਸੋਂ ਦਸ ਹਜ਼ਾਰ ਨਗਦ ਇਨਾਮ ਹਾਸਲ ਕੀਤਾ। ਉਸ ਨੇ ਡਾ. ਹਰਗੋਬਿੰਦ ਖੁਰਾਨਾ ਸਕਾਲਰਸ਼ਿਪ ਤਹਿਤ 72000 ਰੁਪਏ ਹਾਸਲ ਕੀਤੇ। ਉਨ੍ਹਾਂ ਆਪਣੇ ਬੇਟੇ ਦੀ ਇਸ ਉਪਲੱਬਧੀ ਤੇ ਸਕੂਲ ਪ੍ਰਿੰਸੀਪਲ ਡਾ. ਕੌਸ਼ਲ ਅਤੇ ਸਕੂਲ ਸਟਾਫ ਦਾ ਧੰਨਵਾਦ ਵੀ ਕੀਤਾ।

# ਵਿਧਾਇਕ ਕਲਸੀ ਨੇ ਆਰ ਡੀ ਖੋਸਲਾ ਸਕੂਲ ਦੇ ਬਾਹਰ ਸੀਵਰੇਜ ਦਾ ਨੀਂਹ ਪੱਥਰ ਰੱਖਿਆ



ਬਟਾਲਾ (ਤਰਲੋਕ ਬੱਗਾ/ਡਾ. ਮਲਵਿੰਦਰ ਸਿੰਘ)-ਅਮਨ ਸ਼ੇਰ ਸਿੰਘ ਕਲਸੀ ਵੱਲੋਂ ਸੀਵਰੇਜ ਦਾ ਨੀਂਹ ਪੱਥਰ ਰੱਖਿਆ ਗਿਆ।ਇਸ ਖਾਸ ਮੌਕੇ ਸਕੂਲ ਮੈਨੇਜਮੈਂਟ ਨੇ ਵਿਧਾਇਕ ਨੂੰ ਦਿਲੋਂ ਵਧਾਈ ਦਿੱਤੀ ਅਤੇ ਧੰਨਵਾਦ ਕੀਤਾ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਵਿਧਾਇਕ ਅਮਨ ਸ਼ੇਰ ਸਿੰਘ ਕਲਸੀ, ਇੰਪਰੂਵਮੈਂਟ ਟਰੱਸਟ ਬਟਾਲਾ ਦੇ ਚੇਅਰਮੈਨ ਯਸ਼ਪਾਲ ਚੌਹਾਨ ਅਤੇ ਭਗਤ ਕੁਨਾਲ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਸ ਇਲਾਕੇ ਦੀਆਂ ਸਮੱਸਿਆਵਾਂ ਸਾਰਿਆਂ ਦੇ ਸਾਂਝੇ ਯਤਨਾਂ ਸਦਕਾ ਹੀ ਹੱਲ ਹੋ ਰਹੀਆਂ ਹਨ।ਇਸ ਲਈ ਹਰ ਕੋਈ ਉਸਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹੈ।

ਇਸ ਇਲਾਕੇ ਵਿੱਚ ਸੀਵਰੇਜ ਦੀ ਸਮੱਸਿਆ ਲੰਬੇ ਸਮੇਂ ਤੋਂ ਚਿੰਤਾ ਦਾ ਵਿਸ਼ਾ ਬਣੀ ਹੋਈ ਸੀ।ਬਰਸਾਤ ਦੇ ਮੌਸਮ ਦੌਰਾਨ ਸਕੂਲ ਆਉਣ ਵਾਲੇ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਅਤੇ ਇਲਾਕੇ ਦੇ ਵਸਨੀਕਾਂ ਨੂੰ ਪਾਣੀ ਭਰਨ ਕਾਰਨ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ।ਉਨ੍ਹਾਂ ਨੇ ਕਿਹਾ ਕਿ ਰਾਮ ਤੀਰਥ ਰੋਡ ਤੋਂ ਕਾਦੀਆਂ ਚੁੰਗੀ ਤੱਕ ਨਵੀਂ ਸੀਵਰੇਜ ਪਾਈਪ ਪਾਈ ਜਾਏਗੀ ਜਿਸ ਨਾਲ ਇਸ ਇਲਾਕੇ ਦੇ ਵਾਸੀਆਂ ਨੂੰ ਸੀਵਰੇਜ ਤੋਂ ਹੋਣ ਵਾਲੀ ਵਾਲੀਆਂ ਮੁਸ਼ਕਲਾਂ ਤੋਂ ਛੁਟਕਾਰਾ ਮਿਲੇਗਾ । ਸਮਾਗਮ ਦੌਰਾਨ ਵਿਧਾਇਕ ਅਮਨ ਸ਼ੇਰ ਸਿੰਘ ਕਲਸੀ ਨੇ ਬੱਚਿਆਂ ਨੂੰ ਸਿੱਖਿਆ ਦੀ ਮਹੱਤਤਾ ਬਾਰੇ ਦੱਸਿਆ ਅਤੇ ਇੱਕ ਪ੍ਰੇਰਨਾਦਾਇਕ ਸੰਦੇਸ਼ ਵੀ ਦਿੱਤਾ ਅਤੇ ਭਵਿੱਖ ਵਿੱਚ ਸਕੂਲ ਅਤੇ ਇਲਾਕੇ ਦੇ ਵਿਕਾਸ ਲਈ ਸਹਿਯੋਗ ਦਾ ਭਰੋਸਾ ਦਿੱਤਾ

# ਸਿਹਤਮੰਦ ਜਿਗਰ ਪਾਚਨ ਸ਼ਕਤੀ ਦੀ ਕੁੰਜੀ ਹੈ: ਡਾ. ਨਾਗਪਾਲ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਡਾ. ਇੰਦਰਬੀਰ ਸਿੰਘ ਨਿੱਜਰ, ਪ੍ਰਧਾਨ, ਚੀਫ ਖਾਲਸਾ ਦੀਵਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਡਾ. ਯਸ਼ਪ੍ਰੀਤ ਕੌਰ, ਪ੍ਰਿੰਸੀਪਲ, ਚੀਫ ਖਾਲਸਾ ਦੀਵਾਨ ਇੰਟਰਨੈਸ਼ਨਲ ਨਰਸਿੰਗ ਕਾਲਜ ਦੀ ਦੇਖ ਰੇਖ ਵਿੱਚ ਬੀ. ਐੱਸ. ਸੀ. ਨਰਸਿੰਗ ਭਾਗ ਦੂਜਾ ਦੇ ਵਿਦਿਆਰਥੀਆਂ ਵੱਲੋਂ ਹਰਤੇਜ ਹਸਪਤਾਲ ਵਿਖੇ ਵਰਲਡ ਲੀਵਰ ਡੇਅ ਮਨਾਇਆ ਗਿਆ।

ਡਾ. ਹਰਮੋਹਿੰਦਰ ਸਿੰਘ ਨਾਗਪਾਲ, ਮੈਂਬਰ ਇੰਚਾਰਜ, ਸੀ. ਕੇ. ਡੀ. ਨਰਸਿੰਗ ਕਾਲਜ ਅਤੇ ਹਸਪਤਾਲ ਮੈਡੀਕਲ ਡਾਇਰੈਕਟਰ ਨੇ ਵਿਦਿਆਰਥੀਆਂ ਦੇ ਉਸ ਉਪਰਾਲੇ ਨੂੰ ਖੂਬ ਸਲਾਹਿਆ ਅਤੇ ਉਨ੍ਹਾਂ ਮਰੀਜ਼ਾਂ ਅਤੇ ਰਿਸ਼ਤੇਦਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿਹਤਮੰਦ ਲੀਵਰ ਭਾਵ ਮਿਹਦਾ ਸਰੀਰ ਨੂੰ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ।ਉਨ੍ਹਾਂ ਕਿਹਾ ਕਿ ਤੰਦਰੁਸਤ ਲੀਵਰ ਦੇ ਹੱਥ ਸਹੀ ਅਰਥਾਂ ਵਿੱਚ ਪਾਚਨ ਸ਼ਕਤੀ ਦੀ ਕੁੰਜੀ ਹੁੰਦੀ ਹੈ।

ਇਸ ਪ੍ਰੋਗਰਾਮ ਮੌਕੇ ਵਿਦਿਆਰਥੀਆਂ ਨੇ ਕਾਲਾ ਪੀਲੀਆ ਅਤੇ ਲੀਵਰ ਨਾਲ ਸਬੰਧਤ ਹੋਰ ਬਿਮਾਰੀਆਂ ਦੇ ਲੱਛਣ, ਇਲਾਜ ਅਤੇ ਰੋਕਥਾਮ ਨੂੰ ਦਰਸਾਉਂਦੇ ਬਹੁਤ ਹੀ ਪ੍ਰਭਾਵਸ਼ਾਲੀ ਪੋਸਟਰ ਹੱਥਾਂ 'ਚ ਫੜੇ ਅਤੇ ਹਰ ਵਿਦਿਆਰਥੀ ਨੇ ਖੁਦ ਮਰੀਜ਼ਾਂ ਨਾਲ ਪੋਸਟਰ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ ਜੋ ਕਿ ਮਰੀਜ਼ਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਇਸ ਮੌਕੇ ਨਰਸਿੰਗ ਕਾਲਜ ਤੋਂ ਪ੍ਰੋਫੈਸਰ ਡਾ. ਜਸ਼ਨਦੀਪ ਕੌਰ ਅਤੇ ਮੈਡਮ ਮਨਪ੍ਰੀਤ ਕੌਰ ਵੀ ਹਾਜ਼ਰ ਸਨ।

# ਰੰਧਾਵਾ ਵੱਲੋਂ ਵੱਖ-ਵੱਖ ਖੇਤਰਾਂ 'ਚ ਮੱਲਾਂ ਮਾਰਨ ਵਾਲੀਆਂ ਵਿਦਿਆਰਥਣਾਂ ਸਨਮਾਨਿਤ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਥਾਨਕ ਕਸਬਾ ਡੇਰਾ ਬਾਬਾ ਨਾਨਕ ਦੇ ਪੀ ਐਮ ਸ਼੍ਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਵਿਖੇ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਪੰਜਾਬ ਵਿੱਚ ਚੱਲ ਰਹੀ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਕੂਲ ਵਿੱਚ ਕਰਵਾਏ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ ।ਇਸ ਉਦਘਾਟਨ ਸਮਾਰੋਹ ਤੋਂ ਬਾਅਦ ਸਕੂਲ ਦੇ ਬਾਬਾ ਸ਼੍ਰੀ ਆਡੀਟੋਰੀਅਮ ਵਿਖੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਇਸ ਸਕੂਲ ਦੀਆਂ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਉਨ੍ਹਾਂ ਆਪਣੇ ਸੰਬੋਧਨ ਦੌਰਾਨ ਵਿਦਿਆਰਥਣਾਂ ਦੀ ਚੰਗੇ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦ ਇਸ ਸਕੂਲ ਦੀਆਂ ਵਿਦਿਆਰਥਣਾਂ ਪੜ੍ਹ-ਲਿਖ ਕੇ ਆਪਣੀ ਜ਼ਿੰਦਗੀ ਵਿੱਚ ਚੰਗੇ ਮੁਕਾਮ ਹਾਸਲ ਕਰਕੇ ਆਪਣੇ ਮਾਪਿਆਂ ਦੇ ਨਾਲ -ਨਾਲ ਆਪਣੇ ਪੜ੍ਹਾਉਣ ਵਾਲੇ ਅਧਿਆਪਕਾਂ ਦਾ ਨਾਮ ਰੌਸ਼ਨ ਕਰਨਗੀਆਂ।ਇਸ ਮੌਕੇ ਰੰਧਾਵਾ ਨੇ ਵਿਸ਼ੇਸ਼ ਤੌਰ ਤੇ ਬਾਬਾ ਸ਼੍ਰੀ ਚੰਦ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਅਤੇ ਬੇਦੀ ਫਾਊਂਡੇਸ਼ਨ ਟਰੱਸਟ ਦਿੱਲੀ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ।

ਇਸ ਮੌਕੇ ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਪੀ ਏ ਲਵਪ੍ਰੀਤ ਸਿੰਘ, ਆਪ ਆਗੂ ਬਿੱਟਾ ਮਹਾਜਨ, ਮੀਤ ਪ੍ਰਧਾਨ ਨਗਰ ਕੌਂਸਲ ਕੁਲਵਿੰਦਰ ਸਿੰਘ ਬੇਦੀ (ਜੁਗਨੂੰ), ਕੌਂਸਲਰ ਰਜਤ ਮਰਵਾਹਾ, ਕੌਂਸਲਰ ਹਰਿੰਦਰ ਸਿੰਘ ਰੰਧਾਵਾ, ਕੌਂਸਲਰ ਸੁਖਜਿੰਦਰ ਸਿੰਘ ਪੱਖੋਕੇ, ਬਲਕਾਰ ਸਿੰਘ ਫੌਜੀ, ਸਾਬਕਾ ਕੌਂਸਲਰ ਬਲਦੇਵ ਰਾਜ ਡਾਇਮੰਡ, ਰਾਜਾ ਮੱਲੀ, ਹਰਜੀਤ ਸਿੰਘ ਠੇਠਰਕੇ, ਹਲਕਾ ਕੋਆਰਡੀਨੇਟਰ (ਸਿੱਖਿਆ) ਹਰਮਿੰਦਰ ਸਿੰਘ ਪੰਛੀ, ਮੇਜਰ ਸਿੰਘ ਠੇਠਰਕੇ, ਹਰਪ੍ਰੀਤ ਸਿੰਘ ਹੈਪੀ ਸਰਪੰਚ ਬਹਿਲੋਲਪੁਰ, ਇੰਦਰਜੀਤ ਸਿੰਘ ਚਾਕਾਵਾਲੀ, ਸ਼ੁਭਕਰਨ ਸਿੰਘ ਠੇਠਰਕੇ, ਡਾ. ਗੁਰਦੇਵ ਸਿੰਘ, ਸਕੂਲ ਸਟਾਫ ਮੈਂਬਰ ਮੈਡਮ ਦਵਿੰਦਰ ਕੌਰ, ਗੁਰਮੀਤ ਕੌਰ, ਸੁਖਜਿੰਦਰ ਕੌਰ, ਅਮਨਪ੍ਰੀਤ ਕੌਰ, ਮਾਸਟਰ ਪਲਵਿੰਦਰ ਸਿੰਘ, ਜਗਜੀਤ ਸਿੰਘ, ਲਵ ਕੁਮਾਰ, ਗੌਰਵ ਸ਼ਰਮਾ, ਹਤਿੰਦਰ ਸਿੰਘ, ਨਰਿੰਦਰ ਸਿੰਘ, ਅਪਰ ਅਪਾਰ ਸਿੰਘ, ਨੀਤੂ ਬਾਲਾ, ਹਰਪਾਲ ਸਿੰਘ, ਅਜਮੇਰ ਸਿੰਘ, ਪਲਵੀ ਮਹਾਜਨ, ਸੰਤੋਸ਼, ਲੀਨਾ ਮਹਾਜਨ, ਪੰਕਜ ਜਸਵਾਲ, ਅੰਨਿਕਾ, ਪਰਮਜੀਤ ਕੌਰ, ਰਤਿੰਦਰ ਕੌਰ, ਦੀਕਸ਼ਾ, ਜਸਪ੍ਰੀਤ ਕੌਰ, ਪੂਜਾ ਦੇਵੀ, ਗਗਨਦੀਪ ਸ਼ਰਮਾ, ਸਰਬਜੀਤ ਕੌਰ, ਮਮਤਾ ਦੇਵੀ, ਦਵਿੰਦਰ ਕੌਰ, ਜਸਵਿੰਦਰ ਕੌਰ, ਰਜਵੰਤ ਕੌਰ, ਮਮਤਾ, ਮਨਦੀਪ ਕੌਰ, ਸੁਖਜੀਤ ਕੌਰ, ਗੀਤਾ, ਅਨੀਤਾ, ਡੀਪੀ ਰਾਮ ਸਰੂਪ ਸਮੇਤ ਬੱਚਿਆਂ ਦੇ ਮਾਪਿਆਂ ਤੋਂ ਇਲਾਵਾ ਕਸਬੇ ਦੇ ਮੋਹਤਬਰ ਵਿਅਕਤੀ ਹਾਜ਼ਰ ਸਨ ।

## ਜਥੇਦਾਰ ਦੀ ਨਿਯੁਕਤੀ ਤੇ ਸੇਵਾ ਮੁਕਤੀ ਸਬੰਧੀ ਨਿਯਮਾਂਵਲੀ ਲਈ ਸੁਝਾਅ ਲੈਣ ਦੇ ਸਮੇਂ 'ਚ ਵਾਧਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਜ਼ੁੰਮੇਵਾਰੀਆਂ ਅਤੇ ਸੇਵਾ ਮੁਕਤੀ ਸਬੰਧੀ ਮੰਗੇ ਸੁਝਾਵਾਂ ਦੇ ਸਮੇਂ ਵਿਚ ਵਾਧਾ ਕਰ ਦਿੱਤਾ ਹੈ। ਹੁਣ ਇਹ ਸੁਝਾਅ 20 ਮਈ 2025 ਤੱਕ ਭੇਜੇ ਜਾ ਸਕਣਗੇ।ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਸਬੰਧੀ ਸੇਵਾ ਨਿਯਮ ਬਣਾਉਣ ਲਈ ਸਿੱਖ ਜਥੇਬੰਦੀਆਂ, ਸੰਪ੍ਰਦਾਵਾਂ, ਸੰਸਥਾਵਾਂ, ਸਿੰਘ ਸਭਾਵਾਂ, ਸਭਾ ਸੁਸਾਇਟੀਆਂ ਅਤੇ ਸਿੱਖ ਵਿਦਵਾਨਾਂ ਪਾਸੋਂ 20 ਅਪ੍ਰੈਲ 2025 ਤੱਕ ਸੁਝਾਅ ਮੰਗੇ ਸਨ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਬੇਸ਼ੱਕ ਬਹੁਤ ਸਾਰੇ ਸੁਝਾਅ ਪ੍ਰਾਪਤ ਹੋਏ ਹਨ, ਪ੍ਰੰਤੂ ਇਸ ਦੇ ਹੋਰ ਵਿਸਥਾਰ ਲਈ 20 ਮਈ 2025 ਤੱਕ ਦਾ ਸਮਾਂ ਵਧਾਉਣ ਦਾ ਫੈਸਲਾ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਸ ਦੇ ਨਾਲ-ਨਾਲ ਪਹਿਲੇ ਪੁੱਜੇ ਸੁਝਾਵਾਂ ਨੂੰ ਵਾਚਣ ਅਤੇ ਕੱਚਾ ਖਰੜਾ ਤਿਆਰ ਕਰਨ ਦੀ ਪ੍ਰਕਿਰਿਆ ਵੀ ਆਰੰਭੀ ਜਾਵੇਗੀ, ਜਿਸ ਮਗਰੋਂ ਇਕ ਕਮੇਟੀ ਗਠਤ ਕਰਕੇ ਇਸ ਨੂੰ ਅੰਤਮ ਰੂਪ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਹ ਸੁਝਾਅ ਪਹਿਲਾਂ ਦੀ ਤਰ੍ਹਾਂ ਸ਼੍ਰੋਮਣੀ ਕਮੇਟੀ ਨੂੰ ਦਸਤੀ ਰੂਪ ਵਿਚ ਜਾਂ ਅਧਿਕਾਰਤ ਈਮੇਲ ਅਤੇ ਵਟਸਐਪ ਨੰਬਰ 77101-36200 ਉਤੇ ਭੇਜੇ ਜਾਣ।

# ਕਟਾਰੂਚੱਕ ਨੇ ਗੁਰਦਾਸਪੁਰ ਦਾਣਾ ਮੰਡੀ 'ਚ ਕਣਕ ਦੀ ਚੱਲ ਰਹੀ ਖ਼ਰੀਦ ਦਾ ਲਿਆ ਜਾਇਜ਼ਾ

## ਮਾਨ ਸਰਕਾਰ ਨੇ ਮੰਡੀਆਂ 'ਚ ਕੰਮ ਕਰਦੇ ਮਜ਼ਦੂਰਾਂ ਦੇ ਮਜ਼ਦੂਰੀ ਰੇਟ 'ਚ ਕੀਤਾ ਵਾਧਾ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੰਜਾਬ ਦੇ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਗੁਰਦਾਸਪੁਰ ਦੀ ਦਾਣਾ ਮੰਡੀ ਵਿੱਚ ਕਣਕ ਦੀ ਚੱਲ ਰਹੀ ਖ਼ਰੀਦ ਦਾ ਜਾਇਜ਼ਾ ਲਿਆ।ਉਨ੍ਹਾਂ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਨਾਲ ਗੱਲਬਾਤ ਕਰਕੇ ਮੰਡੀ ਵਿੱਚ ਚੱਲ ਰਹੀ ਕਣਕ ਦੀ ਖ਼ਰੀਦ ਬਾਰੇ ਜਾਣਕਾਰੀ ਹਾਸਲ ਕੀਤੀ।

ਇਸ ਮੌਕੇ ਉਨ੍ਹਾਂ ਨਾਲ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ, ਐੱਸਡੀਐੱਮ ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਸ਼ਮਸ਼ੇਰ ਸਿੰਘ ਦੀਨਾਨਗਰ, ਮਾਰਕੀਟ ਕਮੇਟੀ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ, ਡੀਐੱਫਐੱਸਸੀ ਸੁਖਜਿੰਦਰ ਸਿੰਘ, ਡੀਐੱਮਓ ਜਸਪਾਲ ਸਿੰਘ ਘੁੰਮਣ ਅਤੇ ਖ਼ਰੀਦ ਏਜੰਸੀਆਂ ਦੇ ਅਧਿਕਾਰੀ ਵੀ ਹਾਜ਼ਰ ਸਨ।ਕਟਾਰੂਚੱਕ ਨੇ ਕਿਹਾ ਕਿ ਹੁਣ ਤੱਕ ਸੂਬੇ ਦੀਆਂ ਮੰਡੀਆਂ 'ਚ 37 ਲੱਖ ਮੀਟਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ ਲਗਭਗ 33.5 ਲੱਖ ਮੀਟਰਿਕ ਟਨ ਦੀ ਖ਼ਰੀਦ ਹੋ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਕਿਸਾਨਾਂ ਦੇ ਖਾਤਿਆਂ 'ਚ 3234 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।ਮੰਤਰੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਮੰਡੀਆਂ ਦੇ ਦੌਰੇ ਦੌਰਾਨ ਫ਼ਿਲਹਾਲ ਕੋਈ ਮੁਸ਼ਕਲ ਸਾਹਮਣੇ ਨਹੀਂ ਆਈ।ਉਨ੍ਹਾਂ ਕਿਹਾ ਕਿ ਮੰਡੀਆਂ 'ਚ ਆਏ ਅਨਾਜ ਨੂੰ ਮੌਸਮ ਦੀ ਮਾਰ ਤੋਂ ਬਚਾਉਣ ਲਈ ਸਾਰੀਆਂ ਏਜੰਸੀਆਂ ਅਤੇ ਆੜ੍ਹਤੀਆਂ ਨੂੰ ਤਰਪਾਲਾਂ ਅਤੇ ਕਰੇਟਾਂ ਦੇ ਸਮੁੱਚੇ ਪ੍ਰਬੰਧ ਕਰਕੇ ਰੱਖਣ ਲਈ ਕਿਹਾ ਗਿਆ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਫ਼ਸਲ ਦੀ ਅਦਾਇਗੀ 24 ਘੰਟੇ ਦੇ ਅੰਦਰ-ਅੰਦਰ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਜਿੱਥੇ ਮੰਡੀਆਂ ਵਿੱਚ ਕਿਸਾਨਾਂ ਦੀ ਕਣਕ ਦੀ ਫ਼ਸਲ ਦਾ ਇੱਕ-ਇੱਕ ਦਾਣਾ ਪੂਰੇ ਭਾਅ ਉਪਰ ਖ਼ਰੀਦਣ ਲਈ ਵਚਨਬੱਧ ਹੈ ਓਥੇ ਰਾਜ ਸਰਕਾਰ ਨੇ ਮੰਡੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਨੂੰ ਵੀ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦੇ ਮਜ਼ਦੂਰੀ ਦੇ ਰੇਟਾਂ ਵਿੱਚ ਵਾਧਾ ਕੀਤਾ ਹੈ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਮੰਡੀਆਂ ਵਿੱਚ ਲੋਡਿੰਗ ਕਰਦੇ ਮਜ਼ਦੂਰਾਂ ਦੀ ਮਜ਼ਦੂਰੀ ਦਾ ਰੇਟ 1.80 ਰੁਪਏ ਤੋਂ ਵਧਾ ਕੇ 2.64 ਰੁਪਏ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੰਡੀ ਵਿੱਚ ਕੰਮ ਕਰਦੇ ਮਜ਼ਦੂਰਾਂ ਦੀ ਇਹ ਲੰਮੇ ਸਮੇਂ ਤੋਂ ਮੰਗ ਸੀ ਜੋ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੂਰੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦੇ ਇਸ ਫ਼ੈਸਲੇ ਨਾਲ ਮੰਡੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਨੂੰ 10 ਕਰੋੜ ਰੁਪਏ ਦਾ ਲਾਭ ਮਿਲੇਗਾ।ਓਧਰ ਰਾਜ ਸਰਕਾਰ ਵੱਲੋਂ ਮਜ਼ਦੂਰਾਂ ਦੇ ਲੋਡਿੰਗ ਰੇਟ ਵਿੱਚ ਵਾਧਾ ਕਰਨ ਦੇ ਫ਼ੈਸਲੇ ਦਾ ਸਮੁੱਚੇ ਮਜ਼ਦੂਰ ਵਰਗ ਨੇ ਸਵਾਗਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ ਚੇਅਰਮੈਨ ਰਮਨ ਬਹਿਲ ਦਾ ਧੰਨਵਾਦ ਕੀਤਾ ਹੈ।

# ਵਿਸਾਖੀ ਦਿਵਸ ਅਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਤ ਮੁੱਲਾਂਪੁਰ ਦਾਖਾ ਵਿਸ਼ੇਸ਼ ਸਪਲੀਮੈਂਟ

## ਪੰਜਾਬ ਪੈਨਸ਼ਨਰ ਯੂਨੀਅਨ (ਏਟਕ) ਬਰਾਂਚ ਜਗਰਾਓਂ



ਗੁਰਦੀਪ ਸਿੰਘ ਮੋਤੀ ਸੂਬਾਈ ਚੇਅਰਮੈਨ | ਜਗਦੀਸ਼ ਸਿੰਘ ਚਾਹਲ ਸੂਬਾਈ ਪ੍ਰਧਾਨ | ਚਰਨ ਸਿੰਘ ਸ਼ਰਾਭਾ ਸੂਬਾਈ ਸਰਪ੍ਰਸਤ | ਗੁਰਮੇਲ ਸਿੰਘ ਮੈਲਡੇ ਸੂਬਾਈ ਮੁੱਖ ਸਲਾਹਕਾਰ

ਅਵਤਾਰ ਸਿੰਘ ਗਗੜਾ ਸੂਬਾਈ ਵਰਕਿੰਗ ਪ੍ਰਧਾਨ | ਬਲਜੀਤ ਸਿੰਘ ਪ੍ਰਧਾਨ ਜਗਰਾਓਂ | ਪ੍ਰਿਤਪਾਲ ਸਿੰਘ ਸੂਬਾਈ ਕੈਸ਼ੀਅਰ | ਜਗਦੀਸ਼ ਸਿੰਘ ਸੂਬਾਈ ਜਨਰਲ ਸਕੱਤਰ

ਬਰਜਿੰਦਰ ਸਿੰਘ ਔਜਲਾ ਸੂਬਾਈ ਸਾਬਕਾ ਪ੍ਰਧਾਨ | ਮਨਦੀਪ ਸਿੰਘ ਚੂਹੜਚੱਕ | ਚਮਕੌਰ ਸਿੰਘ ਦੌਧਰ | ਦਲਜੀਤ ਸਿੰਘ ਕੈਸ਼ੀਅਰ

## ਪੰਜਾਬ ਰਾਜ ਪੈਨਸ਼ਨਰਜ਼ ਮਹਾਂਸੰਘ ਜ਼ਿਲ੍ਹਾ ਲੁਧਿਆਣਾ



ਸੁਸ਼ੀਲ ਕੁਮਾਰ ਚੇਅਰਮੈਨ | ਪਵਿੱਤਰ ਸਿੰਘ ਪ੍ਰਧਾਨ | ਲਖਵੀਰ ਸਿੰਘ ਭੱਟੀ ਜਨਰਲ ਸਕੱਤਰ | ਗੁਰਦਿਆਲ ਸਿੰਘ ਕੈਸ਼ੀਅਰ

ਇੰਦਰਪਾਲ ਸਿੰਘ ਸੈਣੀ | ਜਰਨੈਲ ਸਿੰਘ | ਬਲਦੇਵ ਸਿੰਘ | ਪ੍ਰੇਮ ਨਾਥ ਵਰਮਾ ਐਡੀਟਰ

## ਪੰਜਾਬ ਪੈਨਸ਼ਨਰ ਯੂਨੀਅਨ (ਏਟਕ) ਬਰਾਂਚ ਲੁਧਿਆਣਾ



ਮਨਜੀਤ ਸਿੰਘ ਮਨਸੂਰਾਂ ਪ੍ਰਧਾਨ | ਹਰਜਿੰਦਰ ਸਿੰਘ ਸੀਲੋਂ ਸਕੱਤਰ | ਦਰਸ਼ਨ ਸਿੰਘ ਬਰੀਕੇ ਕੈਸ਼ੀਅਰ

ਪਵਿੱਤਰ ਸਿੰਘ ਗਰੇਵਾਲ ਸਕੱਤਰ ਪੰਜਾਬ | ਹਰਮਿੰਦਰ ਸਿੰਘ ਤਲਵੰਡੀ ਧਾਮ | ਕੁਲਵੰਤ ਸਿੰਘ ਚੇਅਰਮੈਨ ਜੁਡੀਸ਼ੀਅਲ ਪੈਨਸ਼ਰਜ਼ ਐਸੋ. ਲੁਧਿਆਣਾ

## ਮਾਹਲ ਗਾਰਡਨਿੰਗ ਐਂਡ ਐਗਰੀਕਲਚਰ ਫਾਰਮ ਭੁੱਟਾ (ਮੁੰਡੀਆਂ ਕਲਾਂ ਵਾਲੇ)



ਮਹੰਤ ਸ਼ਮਸ਼ੇਰ ਮਾਹਲ ਮੁੰਡੀਆਂ ਕਲਾਂ | ਮਹੰਤ ਕਰਨਵੀਰ ਦਾਸ ਮਾਹਲ ਮੁੰਡੀਆਂ ਕਲਾਂ

## ਸਹਿਯੋਗੀ ਸੱਜਣ



ਐਸ ਪੀ ਸਿੰਘ ਭਮੱਦੀ ਸਕੱਤਰ ਪੰਜਾਬ ਪਾਵਰਕਾਮ ਪੈਨ. ਯੂਨੀ. ਏਟਕ | ਗੁਰਦੇਵ ਸਿੰਘ ਪੜੈਣ | ਕਾਹਨ ਸਿੰਘ ਭੱਠਾਧੂਹਾ | ਲਖਵੀਰ ਸਿੰਘ

ਹੰਸ ਰਾਜ ਰਿਟਾ. ਜੇ ਈ | ਗੁਰਮੇਲ ਸਿੰਘ ਵਿਰਕ | ਅੰਬਰ ਕੌਰ ਸਰਾਂ ਕੈਨੇਡਾ ਪੋਤਰੀ ਐਸ ਪੀ ਸਿੰਘ | ਅਰਸ਼ਪ੍ਰੀਤ ਸਿੰਘ ਪੋਤਰਾ ਗੁਰਮੇਲ ਮੈਲਡੇ



ਭਰਪੂਰ ਸਿੰਘ ਸਵੱਦੀ ਸੀਨੀਅਰ ਕਮਿਊਨਿਸਟ | ਰਣਜੀਤ ਸਿੰਘ ਮੁੱਲਾਂਪੁਰ ਪੰਜਾਬ ਮੰਡੀ ਬੋਰਡ | ਲਾਭ ਸਿੰਘ ਮੁੱਲਾਂਪੁਰ ਬਲਾਕ ਪ੍ਰਧਾਨ ਮਲੌਦ | ਹਰਬੰਸ ਸਿੰਘ ਮੋਗਾ



ਮਿਡ ਡੇ ਮੀਲ ਵਰਕਰ ਯੂਨੀਅਨ ਬਲਾਕ ਮਲੌਦ ਜ਼ਿਲ੍ਹਾ ਲੁਧਿਆਣਾ ਦੇ ਆਗੂ ਤੇ ਮੈਂਬਰ ਸਾਥੀ।

## ਧੰਨਵਾਦ

ਰੋਜ਼ਾਨਾ 'ਨਵਾਂ ਜ਼ਮਾਨਾ' ਵੱਲੋਂ ਵਿਸਾਖੀ ਅਤੇ ਡਾ. ਬੀ ਆਰ ਅੰਬੇਡਕਰ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕਰਨ ਸੰਬੰਧੀ ਸਾਰੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਕਰਦਾ ਹਾਂ। ਜਿਨ੍ਹਾਂ ਨੇ ਇਸ ਕੰਮ ਵਿੱਚ ਹਰ ਤਰ੍ਹਾਂ ਨਾਲ ਮੈਨੂੰ ਆਪਣਾ ਪੂਰਨ ਸਹਿਯੋਗ ਦਿੱਤਾ ਹੈ ਅਤੇ ਸਪਲੀਮੈਂਟ ਦੀ ਸਫ਼ਲਤਾ ਲਈ ਯੋਗਦਾਨ ਪਾਇਆ ਹੈ।



**ਗੁਰਮੇਲ ਸਿੰਘ ਮੈਲਡੇ**
ਪੱਤਰਕਾਰ ਮੁੱਲਾਂਪੁਰ ਦਾਖਾ
ਮੋਬਾ. 95010-03307

## ਜਨਮ ਦਿਨ ਮੁਬਾਰਕ



ਲੱਖਣ ਗੋਇਲ ਵਾਸੀ : ਸ਼ੇਰਪੁਰ



ਅਨੰਤ ਬੱਬਰ ਵਾਸੀ : ਪਾਤੜਾਂ

## ਵਰ੍ਹੇਗੰਢ ਮੁਬਾਰਕ



ਸਲੀਮ ਤੇ ਆਲੀਆ ਵਾਸੀ ਝਬਾਲ ਨੂੰ ਵਿਆਹ ਦੀ 10ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।

## ਅਧਿਆਪਕਾਂ 'ਤੇ ਹੋਏ ਤਸ਼ੱਦਦ ਦੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਕਰੜੇ ਸ਼ਬਦਾਂ 'ਚ ਨਿਖੇਧੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੇ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਸੰਘਰਸ਼ ਕਰ ਰਹੇ 5994 ਈ ਟੀ ਟੀ (ਬੈਕਲਾਗ) ਭਰਤੀ ਵਿੱਚ ਚੁਣੇ ਬੇਰੁਜ਼ਗਾਰ ਅਧਿਆਪਕ ਜੋ ਆਪਣੇ ਹੱਕਾਂ ਦੇ ਲਈ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਸਨ। ਉਹਨਾਂ 'ਤੇ ਪੰਜਾਬ ਸਰਕਾਰ ਅਤੇ ਸਿੱਖਿਆ ਮੰਤਰੀ ਦੇ ਇਸ਼ਾਰੇ 'ਤੇ ਪੰਜਾਬ ਪੁਲਸ ਵੱਲੋਂ ਅੰਨ੍ਹਾ ਤਸ਼ੱਦਦ ਢਾਹਿਆ ਗਿਆ, ਜਿਸ ਦੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ ਅਤੇ ਸਿੱਖਿਆ ਮੰਤਰੀ ਅਤੇ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਇਸ ਤਰ੍ਹਾਂ ਦਾ ਹਿਟਲਰਸ਼ਾਹੀ ਵਾਲਾ ਰਵੱਈਆ ਤਿਆਗਦੇ ਹੋਏ ਇਹਨਾਂ ਅਧਿਆਪਕਾਂ ਨਾਲ ਬੈਠ ਕੇ ਇਹਨਾਂ ਦੇ ਮਸਲੇ ਹੱਲ ਕੀਤੇ ਜਾਣ, ਕਿਉਂਕਿ ਲੋਕਤੰਤਰ ਵਿੱਚ ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਵੱਲੋਂ ਅਜਿਹਾ ਵਤੀਰਾ ਠੀਕ ਨਹੀਂ ਹੁੰਦਾ।ਇਸ ਮੌਕੇ ਅਧਿਆਪਕ ਆਗੂ ਸੁਨੀਲ ਕੁਮਾਰ, ਪ੍ਰਿਤਪਾਲ ਸਿੰਘ ਚੱਟਾਨ, ਲੈਕਚਰਾਰ ਅਮਰ ਸਿੰਘ, ਲੈਕਚਰਾਰ ਉਪਿੰਦਰ ਸਿੰਘ, ਵਿਕਾਸ ਸ਼ਰਮਾ, ਸੰਜੀਵ ਧੂਤ, ਪ੍ਰਿੰਸ ਗੜ੍ਹਦੀਵਾਲਾ,ਰਜਤ ਮਹਾਜਨ, ਲੈਕਚਰਾਰ ਹਰਵਿੰਦਰ ਸਿੰਘ, ਸ਼ਾਮ ਸੁੰਦਰ ਕਪੂਰ, ਕਮਲਦੀਪ ਸਿੰਘ, ਅਨੁਪਮ ਰਤਨ, ਹੈੱਡ-ਮਾਸਟਰ ਸੰਦੀਪ ਬਡੇਸਰੋਂ, ਹੈੱਡਮਾਸਟਰ ਨਸੀਬ ਸਿੰਘ, ਅਸ਼ੋਕ ਕੁਮਾਰ, ਨਰੇਸ਼ ਕੁਮਾਰ ਮਿੱਢਾ, ਉਮੇਸ਼ ਕੁਮਾਰ, ਸਰਬਜੀਤ ਸਿੰਘ, ਨਰਿੰਦਰ ਮੰਗਲ, ਸਰਬਜੀਤ ਸਿੰਘ, ਸਚਿਨ ਕੁਮਾਰ,ਜਸਵਿੰਦਰਪਾਲ, ਰਾਜ ਕੁਮਾਰ, ਸਤਵਿੰਦਰ ਸਿੰਘ, ਪਰਮਜੀਤ ਕਾਤਿਬ, ਨਰਿੰਦਰ ਅਜਨੋਹਾ, ਲੈਕਚਰਾਰ ਪਵਨ ਕੁਮਾਰ ਗੋਇਲ, ਦਵਿੰਦਰ ਸਿੰਘ, ਅਸ਼ਵਨੀ ਰਾਣਾ, ਸੁਸ਼ੀਲ ਕੁਮਾਰ, ਅਵਤਾਰ ਸਿੰਘ, ਲੈਕਚਰਾਰ ਨਰੇਸ਼ ਗੜ੍ਹਸ਼ੰਕਰ ਸਮੇਤ ਵੱਡੀ ਗਿਣਤੀ 'ਚ ਅਧਿਆਪਕ ਹਾਜ਼ਰ ਸਨ।

## ਸਰਕਾਰ 5994 ਅਧਿਆਪਕਾਂ ਦੇ ਤੁਰੰਤ ਨਿਯੁਕਤੀ ਪੱਤਰ ਜਾਰੀ ਕਰੇ : ਗੌਰਵ ਰਾਣਾ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਬੀਤੇ ਕੱਲ੍ਹ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰ ਪੁਰ ਤੋਂ ਪਹਿਲਾਂ ਢੇਰ ਪਿੰਡ ਦੇ ਟੀ ਪੁਆਇੰਟ ਤੇ ਸਾਰੀਆਂ ਚਾਰਾਂ ਜੋਈਆਂ ਪੂਰੀਆਂ ਕਰਕੇ ਜੁਆਇਨਿੰਗ ਕਰਨ ਦਾ ਇੰਤਜ਼ਾਰ ਕਰ ਰਹੇ 5994 ਅਧਿਆਪਕਾਂ ਨਾਲ ਪੁਲਸ ਪ੍ਰਸ਼ਾਸਨ ਦਾ ਕੁੱਟਮਾਰ ਵਾਲਾ ਰਵੱਈਆ ਮੰਦਭਾਗਾ ਤੇ ਬੇਹਦ ਗੰਭੀਰ ਚਿੰਤਾਜਨਕ ਵਿਸ਼ਾ ਹੈ। ਇਨ੍ਹਾਂ ਅਧਿਆਪਕਾਂ ਦਾ ਸਾਥ ਦੇਣ ਲਈ ਇੱਥੇ ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ ਪਹੁੰਚੇ।ਜਿੱਥੇ ਸਮੂਹ ਅਧਿਆਪਕਾਂ ਨੇ ਸਾਡਾ ਏਕਾ ਜਿੰਦਾਬਾਦ ਇਨਕਲਾਬ ਜਿੰਦਾਬਾਦ ਤੇ ਪੰਜਾਬ ਸਰਕਾਰ ਮੁਰਦਾਬਾਦ ਦੇ ਨਾਅਰੇ ਲਗਾ ਕੇ ਆਪਣੇ ਅੰਦੋਲਨ ਦੀ ਕਾਇਮਤਾ ਨੂੰ ਦੁਹਰਾਇਆ।ਇੱਥੇ ਅਧਿਆਪਕਾਂ ਨਾਲ ਗੱਲਬਾਤ ਦੌਰਾਨ ਰਾਣਾ ਨੇ ਦੱਸਿਆ ਕਿ ਇਹਨਾਂ 5994 ਅਧਿਆਪਕਾਂ ਦੀ ਭਰਤੀ ਕਾਂਗਰਸ ਰਾਜ ਵੇਲੇ ਨਿਕਲੀ ਸੀ। ਪਰ ਉਸ ਵੇਲੇ ਚੋਣ ਜਾਬਤਾ ਲੱਗਣ ਤੋਂ ਬਾਅਦ ਇਹਨਾਂ ਦਾ ਮਾਮਲਾ ਲਟਕ ਗਿਆ ਸੀ ਤੇ ਨਵੀਂ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਕਰੀਬ 10 ਮਹੀਨੇ ਬਾਅਦ ਇਹਨਾਂ ਦੀਆਂ ਪੋਸਟਾਂ ਕੱਢੀਆਂ ਜਾਣੀਆਂ ਸਨ।ਪਰ ਉਸ ਵੇਲੇ 5994 ਕੁੱਲ ਪੋਸਟਾਂ ਕੱਢਣ ਦੀ ਬਜਾਏ ਸਰਕਾਰ ਵੱਲੋਂ ਥੋੜੀਆਂ ਪੋਸਟਾਂ ਕੱਢਣ ਦੇ ਕਾਰਨ ਹੀ ਇਹ ਰੇੜਕਾ ਬਣਿਆ ਹੋਇਆ ਹੈ।ਉਨ੍ਹਾ ਕਿਹਾ ਜੇਕਰ ਪੰਜਾਬ ਵਿੱਚ ਸਹੀ ਸ਼ਬਦਾਂ 'ਚ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਦਿਖਾਉਣਾ ਚਾਹੁੰਦੀ ਹੈ ਤਾਂ ਉਹ ਇਹਨਾਂ 5994 ਅਧਿਆਪਕਾਂ ਜਿਹੜੇ ਕਿ ਸਾਰੀਆਂ ਚਾਰਾਜੋਈਆਂ ਟੈਸਟ ਆਦਿ ਕਲੀਅਰ ਕਰ ਚੁੱਕੇ ਹਨ।ਇਨ੍ਹਾਂ ਦੇ ਮੈਡੀਕਲ ਤੇ ਛੋਟੇ ਮੋਟੇ ਬਾਕੀ ਰਹਿੰਦੇ ਕਾਰਜਾਂ ਨੂੰ ਮੁਕੰਮਲ ਕਰਵਾ ਕੇ ਇਹਨਾਂ ਨੂੰ ਸਕੂਲਾਂ ਵਿੱਚ ਜੁਆਇਨ ਕਰਵਾਉਣਾ ਚਾਹੀਦਾ ਹੈ।

## ਮੀਂਹ ਨੇ ਕਣਕ ਦੀ ਕਟਾਈ-ਕਢਾਈ 'ਚ ਵਿਘਨ ਪਾਇਆ

**ਫਿਲੌਰ (ਨਿਰਮਲ)**- ਫਿਲੌਰ ਇਲਾਕੇ ਵਿੱਚ ਹਲਕੀ ਤੋਂ ਦਰਮਿਆਨੀ ਵਰਖਾ ਹੋਈ ਜਿਸ ਕਾਰਨ ਕਣਕ ਦੀ ਕਟਾਈ ਅਤੇ ਕਢਾਈ ਵਿੱਚ ਵਿਘਨ ਪੈ ਗਿਆ ਕੰਬਾਇਨਾਂ ਖੜ ਗਈਆਂ ਕਿਸਾਨਾਂ ਦੇ ਸਾਹ ਸੁੱਤੇ ਗਏ ਫਿਲੌਰ ਮੰਡੀ ਵਿੱਚ ਇਸ ਵਾਰ ਕਣਕ ਦੀ ਫਸਲ ਭਾਰੀ ਮਾਤਰਾ ਵਿੱਚ ਪੁੱਜ ਰਹੀ ਸੀ, ਪਰ ਹਲਕੀ ਬਾਰਿਸ਼ ਨੇ ਰੁਕਾਵਟ ਪਾ ਦਿੱਤੀ ਕੰਬਾਈਨਾਂ ਭਾਰੀ ਗਿਣਤੀ ਵਿੱਚ ਫਿਲੌਰ ਇਲਾਕੇ ਵਿੱਚ ਪੁੱਜੀਆਂ ਹੋਈਆਂ ਹਨ ਇਸ ਵਾਰ ਕੰਮ ਦੀ ਕਟਾਈ ਕਿਧਰੇ ਵੀ ਨਜ਼ਰ ਨਹੀਂ ਆਈ ਇਸ ਵਾਰ ਇਲਾਕੇ ਵਿੱਚ ਕਣਕ ਦੀ ਭਰਮੀ ਫਸਲ ਹੋਈ ਹੈ ਹਰ ਵਰਗ ਖੁਸ਼ ਨਜ਼ਰ ਆਇਆ ਨਜ਼ਦੀਕੀ ਪਿੰਡ ਨਗਰ ਇਲਾਕੇ ਵਿੱਚ ਗੜੇ ਵੀ ਪੈਣ ਦੇ ਸਮਾਚਾਰ ਪ੍ਰਾਪਤ ਹੋਏ ਹਨ।

## ਕਟਾਰੀਆ ਵੱਲੋਂ 4 ਸਕੂਲਾਂ 'ਚ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ

**ਬਲਾਚੌਰ (ਜਸਵਿੰਦਰ ਬੈਂਸ)** ਲੋਕਸਭਾ ਹਲਕਾ ਬਲਾਚੌਰ ਦੇ ਵਿਧਾਇਕ ਸ਼੍ਰੀਮਤੀ ਸੰਤੋਸ਼ ਕਟਾਰੀਆ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਕੰਗਰੜ, ਸਰਕਾਰੀ ਪ੍ਰਾਇਮਰੀ ਸਕੂਲ ਬਛੌੜੀ, ਸਰਕਾਰੀ ਮਿਡਲ ਸਕੂਲ ਮੰਜੋਵਾਲ ਮਜਾਰਾ, ਸਰਕਾਰੀ ਪ੍ਰਾਇਮਰੀ ਸਕੂਲ ਫਿਰਨੀ ਮਜਾਰਾ ਵਿਖੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਵੱਖ-ਵੱਖ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਗਿਆ। ਇਨ੍ਹਾਂ ਪ੍ਰੋਜੈਕਟਾਂ ਵਿੱਚ ਕਲਾਸ ਰੂਮ ਸਮੇਤ ਕਈ ਤਰ੍ਹਾਂ ਦੇ ਕੰਮ ਸ਼ਾਮਲ ਹਨ।ਉਦਘਾਟਨ ਸਮਾਗਮ ਨੂੰ ਸੰਬੋਧਨ ਕਰਦਿਆਂ ਵਿਧਾਇਕਾ ਸ਼੍ਰੀਮਤੀ ਸੰਤੋਸ਼ ਕਟਾਰੀਆ ਨੇ ਕਿਹਾ ਕਿ ਆਧੁਨਿਕੀਕਰਨ ਸੰਬੰਧੀ ਇਹ ਪ੍ਰੋਜੈਕਟ ਸਰਕਾਰੀ ਸਕੂਲਾਂ ਨੂੰ ਬੁਨਿਆਦੀ ਢਾਂਚੇ ਤੇ ਸਿੱਖਿਆ ਮਾਮਲੇ ਵਿੱਚ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਬਿਹਤਰ ਬਣਾਉਣਗੇ।ਇਸ ਦੌਰਾਨ ਬੱਚਿਆਂ ਦੇ ਮਾਪਿਆਂ ਨੇ ਵੀ ਪੰਜਾਬ ਸਰਕਾਰ ਦੇ ਇਸ ਮਿਸ਼ਨ ਦੀ ਸ਼ਲਾਘਾ ਕੀਤੀ। ਇਸ ਮੌਕੇ ਵੱਖ ਵੱਖ ਸਕੂਲਾਂ ਦੇ ਵੱਲੋਂ ਹਲਕਾ ਵਿਧਾਇਕਾ ਦੀ ਸਮੁੱਚੀ ਟੀਮ ਤੇ ਉਹਨਾਂ ਦਾ ਸਨਮਾਨ ਵੀ ਕੀਤਾ। ਇਸ ਮੌਕੇ ਬਗੀਚਾ ਸਿੰਘ ਸਰਪੰਚ ਫਿਰਨੀ ਮਾਜਰਾ, ਨਰਿੰਦਰ ਸਿੰਘ ਰਾਜਾ (ਬਲਾਕ ਪ੍ਰਧਾਨ) ਸਰਪੰਚ ਸੁਲੱਖਣ ਸਿੰਘ, ਬਲਿਹਾਰ ਸਿੰਘ, ਅਮਰਜੀਤ ਸਿੰਘ, ਮਨਜੀਤ ਕੌਰ, ਹੇਮਲਤਾ, ਸੁਸ਼ਮਾ ਰਾਣੀ, ਜਸਵੀਰ ਸਿੰਘ, ਸੁਖਜਿੰਦਰ ਕੌਰ, ਸੰਜੀਵ ਕੁਮਾਰ, ਜਸਵੀਰ ਸਿੰਘ, ਸੰਤੋਸ਼ ਕੁਮਾਰੀ, ਸ਼ਿਵ ਕੁਮਾਰ, ਗੁਰਦੇਵ ਸਿੰਘ, ਸਰਬਜੀਤ ਕੌਰ ਆਦਿ ਹਾਜ਼ਰ ਸਨ।



## ਫ਼ਸਲੀ ਰਹਿੰਦ-ਖੂੰਹਦ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ 500 ਕਰੋੜ ਦੀ ਮੈਗਾ ਯੋਜਨਾ ਦਾ ਐਲਾਨ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਸੂਬੇ ਵਿੱਚ ਪਰਾਲੀ ਸਾੜਨ ਦੀ ਸਮੱਸਿਆ ਦੀ ਮੁਕੰਮਲ ਰੋਕਥਾਮ ਲਈ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਸਬਸਿਡੀ 'ਤੇ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਾਂ ਪ੍ਰਦਾਨ ਕਰਨ ਅਤੇ ਪਰਾਲੀ ਦੇ ਢੁਕਵੇਂ ਪ੍ਰਬੰਧਨ ਲਈ ਹੋਰ ਰਣਨੀਤੀਆਂ ਲਾਗੂ ਕਰਨ ਵਾਸਤੇ 500 ਕਰੋੜ ਰੁਪਏ ਦੀ ਕਾਰਜ ਯੋਜਨਾ ਤਿਆਰ ਕੀਤੀ ਹੈ।ਅੱਜ ਇੱਥੇ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਾਂ ਦੀ ਖਰੀਦ 'ਤੇ ਸਬਸਿਡੀ ਲੈਣ ਲਈ ਸੂਬੇ ਦੇ ਕਿਸਾਨਾਂ ਤੋਂ ਆਨਲਾਈਨ ਅਰਜ਼ੀਆਂ ਮੰਗੀਆਂ ਹਨ। ਉਨ੍ਹਾਂ ਦੱਸਿਆ ਕਿ ਇਹ ਅਰਜ਼ੀਆਂ 22 ਅਪ੍ਰੈਲ ਤੋਂ 12 ਮਈ, 2025 ਤੱਕ ਆਨਲਾਈਨ ਪੋਰਟਲ agrimachinerypb.com ਉਤੇ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ। ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੀ.ਆਰ.ਐਮ. ਮਸ਼ੀਨਾਂ ਦੀ ਖਰੀਦ ਉਤੇ ਵਿਅਕਤੀਗਤ ਕਿਸਾਨਾਂ ਨੂੰ 50 ਫੀਸਦ ਸਬਸਿਡੀ ਅਤੇ ਕਿਸਾਨ ਸਮੂਹਾਂ, ਸਹਿਕਾਰੀ ਸਭਾਵਾਂ ਅਤੇ ਗ੍ਰਾਮ ਪੰਚਾਇਤਾਂ ਨੂੰ 80 ਫੀਸਦ ਸਬਸਿਡੀ ਦਿੱਤੀ ਜਾ ਰਹੀ ਹੈ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਇਹ ਸਬਸਿਡੀ ਸੀ.ਆਰ.ਐਮ. ਮਸ਼ੀਨਾਂ, ਜਿਨ੍ਹਾਂ ਵਿੱਚ ਸੁਪਰ ਐਸ.ਐਮ.ਐਸ., ਹੈਪੀ ਸੀਡਰ, ਸੁਪਰ ਸੀਡਰ, ਸਰਫੇਸ ਸੀਡਰ, ਸਮਾਰਟ ਸੀਡਰ, ਜ਼ੀਰੋ ਟਿਲ ਡਰਿੱਲ, ਬੇਲਰ, ਰੇਕ, ਸ਼ਰੱਬ ਮਾਸਟਰ/ਰੋਟਰੀ ਸਲੈਸ਼ਰ, ਪੈਡੀ ਸਟ੍ਰਾਟ ਚੌਪਰ/ਸ਼੍ਰੈਡਰ/ਮਲਚਰ, ਕ੍ਰੌਪ ਰੀਪਰ, ਹਾਈਡ੍ਰੌਲਿਕ ਰਿਵਰਸੀਬਲ ਮੋਲਡ ਬੋਰਡ ਪਲੌਅ ਸ਼ਾਮਲ ਹਨ, ਉਤੇ ਉਪਲੱਬਧ ਹੋਵੇਗੀ।ਖੇਤੀਬਾੜੀ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨੇ ਕਿਹਾ ਕਿ ਪੰਜਾਬ ਨੇ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਵਿੱਚ ਮਹੱਤਵਪੂਰਨ ਪ੍ਰਗਤੀ ਕੀਤੀ ਹੈ।

## ਮਨਰੇਗਾ 'ਚ ਕੰਮ ਕਰਦੀਆਂ ਔਰਤਾਂ ਕੰਬਾਈਨ ਹੇਠਾਂ ਆਈਆਂ



**ਬੰਗਾ (ਅਵਤਾਰ ਕਲੇਰ)**-ਔੜ ਬਲਾਕ ਦੇ ਨਜਦੀਕ ਲੱਗਦੇ ਪਿੰਡ ਮਾਈਦਿੱਤਾ ਅਤੇ ਉਸਦੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਉਸ ਵਕਤ ਹੈਰਾਨੀ ਫੈਲ ਗਈ,ਜਦੋਂ ਇੱਕ ਕਣਕ ਕੱਟਣ ਵਾਲੀ ਕੰਬਾਈਨ ਦੇ ਹੇਠਾਂ ਆਉਣ ਨਾਲ ਮਨਰੇਗਾ ਵਿੱਚ ਕੰਮ ਕਰ ਰਹੀਆਂ ਚਾਰ ਮਜਦੂਰ ਔਰਤਾਂ ਜਖਮੀ ਹੋ ਗਈਆਂ। ਉਹ ਪਿੰਡ ਮਾਈਦਿੱਤਾ ਤੋਂ ਮਹਿਮੂਦਪੁਰ ਜਾਣ ਵਾਲੀ ਸੜਕ ਦੇ ਕਿਨਾਰੇ ਕੰਮ ਕਰ ਰਹੀਆਂ ਸਨ ਕਿ ਪਿੰਡ ਮਹਿਮੂਦਪੁਰ ਵੱਲੋਂ ਇੱਕ ਕਣਕ ਕੱਟਣ ਵਾਲੀ ਕੰਬਾਈਨ ਆਈ ਜਿਸਨੇ ਉਨਾਂ ਨੂੰ ਹੇਠਾਂ ਲੈ ਲਿਆ ਅਤੇ ਸੜਕ ਦੇ ਕਿਨਾਰੇ ਲੱਗਾ ਇੱਕ ਦਰਖਤ ਵੀ ਤੋੜ ਦਿੱਤਾ। ਜਿਸ ਉਪਰੰਤ ਚੀਕ-ਚਿਹਾੜਾ ਸੁਣਦਿਆਂ ਹੀ ਲੋਕ ਇਕੱਠੇ ਹੋ ਗਏ ਜਿਨਾਂ ਵੱਲੋਂ ਜਖਮੀ ਹੋਈਆਂ ਔਰਤਾਂ ਨੂੰ ਤੁਰੰਤ ਔੜ ਦੇ ਸਿਵਲ ਹਸਪਤਾਲ ਵਿਖੇ ਇਲਾਜ ਲਈ ਲਿਆਂਦਾ ਗਿਆ, ਜਿੱਥੋਂ ਉਨ੍ਹਾਂ ਨੂੰ ਨਵਾਂਸਹਿਰ ਲਈ ਰੈਫਰ ਕਰ ਦਿੱਤਾ ਗਿਆ। ਜਿੱਥੋਂ ਦੇ ਡਾਕਟਰਾਂ ਵਲੋਂ ਇੱਕ ਔਰਤ ਦੀ ਗੰਭੀਰ ਹਾਲਤ ਨੂੰ ਦੇਖਦਿਆਂ,ਉਸ ਨੂੰ ਚੰਡੀਗੜ੍ਹ ਵਿਖੇ ਰੈਫਰ ਕਰ ਦਿੱਤਾ ਗਿਆ ਹੈ। ਕੰਬਾਈਨ ਦੇ ਮਾਲਕ ਰਾਮ ਲਾਲ ਪਿੰਡ ਬੱਜੋਂ ਨੇ ਦੱਸਿਆ ਕਿ ਮੋੜ ਮੁੜਦੇ ਸਮੇਂ ਕੰਬਾਈਨ ਦਾ ਸਟੇਰਿੰਗ ਲੌਕ ਹੋ ਗਿਆ ਜਿਸ ਕਾਰਨ ਇਹ ਹਾਦਸਾ ਵਾਪਰ ਗਿਆ, ਪਰ ਉਹ ਜਖਮੀਆਂ ਦੀ ਦੇਖਭਾਲ ਲਈ ਦਿਨ-ਰਾਤ ਇੱਕ ਕਰਨਗੇ ਅਤੇ ਉਨ੍ਹਾਂ ਦਾ ਪੂਰਾ ਸਹਿਯੋਗ ਕਰਨਗੇ।

## ਟਰੱਕ ਹੇਠ ਆਉਣ ਨਾਲ ਮੋਟਰਸਾਈਕਲ ਚਾਲਕ ਦੀ ਮੌਤ



**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)** ਹੁਸ਼ਿਆਰਪੁਰ ਦੇ ਟਾਂਡਾ ਬਾਈਪਾਸ ਚੌਕ ਵਿੱਚ ਇੱਕ ਮੋਟਰਸਾਈਕਲ ਸਵਾਰ ਬਜ਼ੁਰਗ ਦੀ ਟਰੱਕ ਹੇਠ ਆਉਣ ਨਾਲ ਮੌਤ ਹੋ ਜਾਣ ਦੀ ਖ਼ਬਰ ਮਿਲੀ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਟਾਂਡਾ ਸਾਈਡ ਵੱਲੋਂ ਆਪਣੇ ਮੋਟਰ ਸਾਈਕਲ 'ਤੇ ਹੁਸ਼ਿਆਰਪੁਰ ਸ਼ਹਿਰ ਵੱਲ ਆ ਰਿਹਾ ਇੱਕ ਬਜ਼ੁਰਗ ਵਿਅਕਤੀ ਜਦੋਂ ਟਾਂਡਾ ਬਾਈਪਾਸ ਚੌਕ ਵਿੱਚ ਪਹੁੰਚਿਆ ਤਾਂ ਚੌਕ ਵਿੱਚ ਇੱਕ ਟਰੱਕ ਨੰਬਰ ਪੀ ਬੀ 06 ਬੀਬੀ 0517 ਦੇ ਅਗਲੇ ਟਾਇਰਾਂ ਹੇਠ ਮੋਟਰ ਸਾਈਕਲ ਆ ਗਿਆ ਜਿਸ ਕਾਰਣ ਉਸ ਦੀ ਮੌਤ ਹੋ ਗਈ ਮ੍ਰਿਤਕ ਵਿਅਕਤੀ ਦੀ ਪਛਾਣ ਬਖਸ਼ੀਸ਼ ਸਿੰਘ ਉਮਰ 55 ਸਾਲ ਪੁੱਤਰ ਗੁਲਜਾਰੀ ਲਾਲ ਵਾਸੀ ਪਿੰਡ ਸਟਿਆਣਾ ਜਿਲ੍ਹਾ ਹੁਸ਼ਿਆਰਪੁਰ ਵਜੋਂ ਹੋਈ ਹੈ। ਇਸ ਹਾਦਸੇ ਦੀ ਸੂਚਨਾ ਮਿਲਦਿਆਂ ਹੀ ਥਾਣਾ ਮਾਡਲ ਟਾਊਨ ਦੀ ਪੁਲਸ ਅਤੇ ਪੀ ਸੀ ਆਰ ਕਰਮੀ ਮੌਕੇ 'ਤੇ ਪਹੁੰਚੇ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਪੁਲਸ ਕਰਮਚਾਰੀਆਂ ਨੇ ਮ੍ਰਿਤਕ ਦੀ ਲਾਸ਼ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਵਿੱਚ ਭੇਜ ਦਿੱਤੀ ਹੈ ਅਤੇ ਟਰੱਕ ਚਾਲਕ ਨੂੰ ਹਿਰਾਸਤ ਵਿੱਚ ਲੈ ਲਿਆ।

## ਸਮੱਗਰਾ ਦੇ ਨਾਨ-ਟੀਚਿੰਗ ਸਟਾਫ ਨੂੰ ਸਿੱਖਿਆ ਵਿਭਾਗ 'ਚ ਰੈਗੂਲਰ ਕੀਤਾ ਜਾਵੇ : ਡੀ ਟੀ ਐੱਫ

**ਚੰਡੀਗੜ੍ਹ (ਗੁਰਜੀਤ ਬਿੱਲਾ)** ਸਮੱਗਰਾ ਸਿੱਖਿਆ ਅਭਿਆਨ ਅਧੀਨ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਦਫ਼ਤਰੀ ਕਾਮੇਂ ਪਿਛਲੇ ਲੰਬੇ ਸਮੇਂ ਤੋਂ ਸਰਕਾਰ ਦੇ ਧੱਕੇਸ਼ਾਹੀ ਦਾ ਸ਼ਿਕਾਰ ਹੋ ਰਹੇ ਹਨ। ਇਹ ਮੁਲਾਜ਼ਮ ਸਿੱਖਿਆ ਅਤੇ ਵਿੱਤ ਵਿਭਾਗਾਂ ਦੀਆ ਕੋਝੀਆਂ ਚਾਲਾਂ ਕਰਕੇ ਅਜੇ ਤੱਕ ਸਿੱਖਿਆ ਵਿਭਾਗ ਵਿੱਚ ਰੈਗੂਲਰ ਨਹੀਂ ਹੋ ਸਕੇ, ਜਦਕਿ ਭਗਵੰਤ ਮਾਨ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਸਿੱਖਿਆ ਵਿਭਾਗ ਵਿੱਚ ਪੱਕੇ ਕਰਨ ਦੇ ਬੋਰਡ ਸਾਰੇ ਪੰਜਾਬ ਵਿੱਚ ਲਗਾ ਦਿੱਤੇ ਪਰ ਇਹ ਹਕੀਕਤ ਤੋਂ ਦੂਰ ਸਿਰਫ਼ ਦਿਖਾਵੇਬਾਜ਼ੀ ਹੀ ਸਾਬਿਤ ਹੋਈ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਸੂਬਾ ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਸੂਬਾ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਸਾਥੀਆਂ ਸਮੇਤ ਕੀਤਾ।ਡੀ.ਟੀ.ਐੱਫ ਦੇ ਮੀਤ ਪ੍ਰਧਾਨ ਰਾਜੀਵ ਬਰਨਾਲਾ, ਜਗਪਾਲ ਬੰਗੀ, ਗੁਰਪਿਆਰ ਕੋਟਲੀ, ਬੇਅੰਤ ਫੂਲੇਵਾਲਾ, ਹਰਜਿੰਦਰ ਵਡਾਲਾ ਬਾਂਗਰ ਅਤੇ ਰਘਵੀਰ ਭਵਾਨੀਗੜ੍ਹ, ਸੰਯੁਕਤ ਸਕੱਤਰ ਮੁਕੇਸ਼ ਕੁਮਾਰ, ਕੁਲਵਿੰਦਰ ਜੋਸ਼ਨ ਅਤੇ ਜਸਵਿੰਦਰ ਔਜਲਾ ਨੇ ਕਿਹਾ ਕਿ ਸਮੱਗਰਾ ਸਿੱਖਿਆ ਅਭਿਆਨ ਅਧੀਨ ਐੱਸ.ਐੱਸ.ਏ /ਮਿਡ ਡੇ ਮੀਲ ਦਫ਼ਤਰੀ ਕਰਮਚਾਰੀਆਂ ਵਲੋਂ ਪਿਛਲੇ ਇੱਕ ਦਹਾਕੇ ਤੋਂ ਵਧੇਰੇ ਸਿੱਖਿਆ ਵਿਭਾਗ ਵਿੱਚ ਸੇਵਾਵਾਂ ਦੇਣ ਦੇ ਬਾਵਜੂਦ ਨੌਕਰੀਆਂ ਪੱਕੀਆਂ ਕਰਵਾਉਣ ਲਈ ਲਗਾਤਾਰ ਸੰਘਰਸ਼ ਕਰਨ ਲਈ ਮਜਬੂਰ ਹਨ। ਡੀ.ਟੀ.ਐੱਫ. ਆਗੂਆਂ ਨੇ ਅਫਸੋਸ ਜਾਹਿਰ ਕੀਤਾ ਕਿ ਕਥਿਤ ਬਦਲਾਅ ਵਾਲੀ 'ਮਾਨ' ਸਰਕਾਰ ਦੇ ਰਾਜ ਵਿੱਚ ਸਿੱਖਿਆ ਵਿਭਾਗ ਨੇ ਕਰਮਚਾਰੀਆਂ ਦੀਆਂ ਮੰਗਾਂ ਤਾਂ ਕੀ ਮੰਨਣੀਆਂ ਸੀ, ਉਲਟਾਂ ਸੰਘਰਸ਼ ਦੇ ਦਿਨਾਂ ਦੀ ਤਨਖਾਹਾਂ ਵੀ ਰੋਕ ਲਈਆਂ ਹਨ।ਡੀ.ਟੀ.ਐੱਫ ਸੂਬਾ ਪ੍ਰੈੱਸ ਸਕੱਤਰ ਪਵਨ ਕੁਮਾਰ, ਸਹਾਇਕ ਵਿੱਤ ਸਕੱਤਰ ਤਜਿੰਦਰ ਸਿੰਘ ਅਤੇ ਪ੍ਰਚਾਰ ਸਕੱਤਰ ਸੁਖਦੇਵ ਡਾਨਸੀਵਾਲ ਆਗੂਆਂ ਦੱਸਿਆ ਕਿ ਸਿਰਫ ਕਮੇਟੀਆਂ ਬਣਾ ਕੇ ਬੁਤਾ ਸਾਰਣ ਤੋਂ ਬਿਨਾਂ ਕੈਬਨਿਟ ਸਬ ਕਮੇਟੀ ਅਤੇ ਸੂਬੇ ਦੀ ਅਫਸਰਸ਼ਾਹੀ ਨੇ ਮੁਲਾਜ਼ਮਾਂ ਦੇ ਮਸਲਿਆਂ 'ਤੇ ਕੋਈ ਕਾਰਵਾਈ ਨਹੀ ਕੀਤੀ। ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਇਹਨਾਂ ਕਰਮਚਾਰੀਆਂ ਨੂੰ 8886 ਅਧਿਆਪਕਾਂ ਦੀ ਤਰਜ 'ਤੇ 1 ਅਪ੍ਰੈਲ 2018 ਤੋਂ ਪੰਜਾਬ ਸਰਕਾਰ ਦੇ ਛੇਵੇਂ ਪੇਅ ਕਮਿਸ਼ਨ ਅਧੀਨ, ਪੂਰੀ ਤਨਖਾਹ ਤੇ ਵਿਭਾਗ ਵਿੱਚ ਬਿਨਾਂ ਦੇਰੀ ਰੈਗੂਲਰ ਕਰਨ ਦੀ ਮੰਗ ਕਰਦਾ ਹੈ।

## ਜਨਤਕ ਥਾਵਾਂ 'ਤੇ ਸਿਗਰਟਨੋਸ਼ੀ ਕਰਨ ਵਾਲਿਆਂ ਦੇ ਕੱਟੇ ਚਲਾਨ



**ਬੁੱਲ੍ਹੋਵਾਲ (ਵਿਰਦੀ)**- ਸਿਵਲ ਸਰਜਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਪੀ.ਐਚ.ਸੀ. ਚੱਕੋਵਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਮਨਪ੍ਰੀਤ ਕੌਰ ਦੀ ਰਹਿਨੁਮਾਈ ਹੇਠ ਨਸਰਾਲਾ ਵਿਖੇ ਸਿਹਤ ਮੁਲਾਜ਼ਮਾਂ ਵੱਲੋਂ ਜਨਤਕ ਥਾਵਾਂ 'ਤੇ ਸਿਗਰਟਨੋਸ਼ੀ ਕਰਨ ਵਾਲਿਆਂ ਦੇ ਚਲਾਨ ਕੱਟੇ ਗਏ। ਇਸ ਮੌਕੇ ਐਚ.ਆਈ. ਕਸ਼ਮੀਰੀ ਲਾਲ ਨੇ ਦੱਸਿਆ ਕਿ ਤੰਬਾਕੂ ਵਿਰੋਧੀ ਕਾਨੂੰਨ (ਕੋਟਪਾ ਐਕਟ 2003) ਅਧੀਨ ਜੇਕਰ ਕੋਈ ਵਿਅਕਤੀ ਜਨਤਕ ਸਥਾਨ ਤੇ ਸਿਗਰੇਟ ਜਾਂ ਬੀੜੀ ਪੀਂਦਾ ਹੈ ਤਾਂ ਉਸ ਨੂੰ ਜੁਰਮਾਨਾ ਕੀਤਾ ਜਾਂਦਾ ਹੈ। ਜਨਤਕ ਸਥਾਨ ਤੇ ਸਿਗਰੇਟ ਪੀਣ ਨਾਲ ਹੋਰਨਾਂ ਲੋਕਾਂ ਨੂੰ ਤੰਬਾਕੂ ਦਾ ਧੂੰਆਂ ਚੜ੍ਹਦਾ ਹੈ ਜਿਸ ਨਾਲ ਉਹਨਾਂ ਨੂੰ ਵੀ ਨੁਕਸਾਨ ਹੁੰਦਾ ਹੈ। ਇਸ ਤੋਂ ਇਲਾਵਾ ਤੰਬਾਕੂ ਅਤੇ ਤੰਬਾਕੂ ਦੇ ਉਤਪਾਦਾਂ ਦੀ ਇਸ਼ਤਿਹਾਰਬਾਜ਼ੀ ਕਰਨਾ ਵੀ ਕਾਨੂੰਨਨ ਮਨ੍ਹਾ ਹੈ। ਸਕੂਲਾਂ ਅਤੇ ਵਿੱਦਿਅਕ ਅਦਾਰਿਆਂ ਦੇ 100 ਮੀਟਰ ਦੇ ਘੇਰੇ ਵਿੱਚ ਤੰਬਾਕੂ ਵੇਚਣਾ ਵੀ ਕਾਨੂੰਨਨ ਜੁਰਮ ਹੈ।ਇਸ ਮੌਕੇ ਉਹਨਾਂ ਦੱਸਿਆ ਕਿ ਤੰਬਾਕੂ ਦੇ ਸੇਵਨ ਨਾਲ ਦੰਦ ਖਰਾਬ ਹੋਣਾ, ਮੂੰਹ ਦਾ ਕੈਂਸਰ ਹੋਣ ਦਾ ਖਤਰਾ ਰਹਿੰਦਾ ਹੈ। ਇਸ ਤੋਂ ਇਲਾਵਾ ਸਿਗਰਨੋਸ਼ੀ ਨਾਲ ਸਾਹ ਦੀਆਂ ਬਿਮਾਰੀਆਂ ਅਤੇ ਫੇਫੜਿਆਂ ਦਾ ਕੈਂਸਰ ਹੋਣ ਦਾ ਖਤਰਾ ਹੁੰਦਾ ਹੈ। ਇਸ ਲਈ ਸਿਹਤ ਮੁਲਾਜ਼ਮ ਲੋਕਾਂ ਨੂੰ ਤੰਬਾਕੂ ਦੇ ਖਤਰਿਆਂ ਤੋਂ ਜਾਣੂ ਕਰਵਾਉਂਦੇ ਰਹਿੰਦੇ ਹਨ। ਇਸ ਮੌਕੇ ਵਿਪਨ ਕੁਮਾਰ, ਕੁਲਦੀਪ ਕੁਮਾਰ, ਅਮਿਤ ਸ਼ਰਮਾ, ਲਹਿੰਬਰ ਸਿੰਘ ਅਤੇ ਪੁਲਸ ਮੁਲਾਜ਼ਮ ਹਰਵਿੰਦਰ ਸਿੰਘ ਹਾਜ਼ਰ ਸਨ।

## ਪੰਡੋਰੀ ਨਿੱਝਰਾਂ ਸਰਕਾਰੀ ਸਕੂਲ ਦੇ ਦੋ ਲੈਕਚਰਾਰ ਸਟੇਟ ਟੀਮ ਲਈ ਚੁਣੇ

**ਆਦਮਪੁਰ (ਪਰਮਜੀਤ ਸਿੰਘ)** ਪੰਜਾਬ ਦੇ ਸਿੱਖਿਆ ਵਿਭਾਗ ਵਲੋਂ ਗਿਆਰਵੀਂ ਤੇ ਬਾਰਵੀਂ ਜਮਾਤ ਲਈ ਅਧਿਐਨ ਸਮੱਗਰੀ ਤਿਆਰ ਕਰਨ ਤੇ ਹੋਰ ਅਕਾਦਮਿਕ ਕਾਰਜਾਂ ਲਈ ਮਾਹਿਰ ਅਧਿਆਪਕਾਂ ਦੀਆਂ ਸਟੇਟ ਪੱਧਰੀ ਟੀਮਾਂ ਗਠਿਤ ਕੀਤੀਆਂ ਗਈਆਂ ਹਨ। ਆਦਮਪੁਰ ਬਲਾਕ ਅਧੀਨ ਪੈਂਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਡੋਰੀ ਨਿੱਝਰਾਂ ਦੇ ਦੋ ਸੀਨੀਅਰ ਲੈਕਚਰਾਰਾਂ ਸੁਰੇਸ਼ ਕੁਮਾਰ ਤੇ ਗੁਰਿੰਦਰ ਸਿੰਘ ਨੂੰ ਇਸ ਟੀਮ ਵਿਚ ਚੁਣਿਆ ਗਿਆ ਹੈ । ਇਹ ਦੋਵੇਂ ਲੈਕਚਰਾਰ ਪੰਜਾਬ ਦੇ ਸਿੱਖਿਆ ਵਿਭਾਗ ਵਿਚ ਸੀਨੀਅਰ ਸੈਕੰਡਰੀ ਜਮਾਤਾਂ ਲਈ ਕ੍ਰਮਵਾਰ ਅੰਗਰੇਜ਼ੀ ਤੇ ਹਿਸਟਰੀ ਵਿਸ਼ੇ ਦੇ ਸਟੇਟ ਰਿਸੋਰਸ ਲੈਕਚਰਾਰ ਦੀ ਭੂਮਿਕਾ ਨਿਭਾਉਣਗੇ ।ਬਲਾਕ ਨੋਡਲ ਅਫ਼ਸਰ ਪ੍ਰਿੰਸੀਪਲ ਸ੍ਰੀ ਰਾਮ ਆਸਰਾ ਸਟੇਟ ਐਵਾਰਡੀ ਵਲੋਂ ਇਹਨਾਂ ਦੋਨਾਂ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਸਾਡੇ ਦੋ ਲੈਕਚਰਾਰਾਂ ਦਾ ਸਟੇਟ ਟੀਮ ਲਈ ਚੁਣਿਆ ਜਾਣਾ ਸਮੁੱਚੇ ਆਦਮਪੁਰ ਬਲਾਕ ਲਈ ਮਾਣ ਵਾਲੀ ਗੱਲ ਹੈ । ਲੈਕਚਰਾਰ ਯੂਨੀਅਨ ਜਲੰਧਰ ਦੇ ਪ੍ਰਧਾਨ ਰਵਿੰਦਰਪਾਲ ਸਿੰਘ ਬੈਂਸ ਤੇ ਜ਼ਿਲ੍ਹਾ ਕਮੇਟੀ ਵਲੋਂ ਸੀਨੀਅਰ ਸੈਕੰਡਰੀ ਜਮਾਤਾਂ ਲਈ ਸਟੇਟ ਪੱਧਰੀ ਗਰੁੱਪਾਂ ਵਿਚ ਚੁਣੇ ਗਏ ਅਧਿਆਪਕਾਂ ਨੂੰ ਮੁਬਾਰਕਾਂ ਦਿੱਤੀਆਂ ਹਨ।



## ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਫਾਇਰ ਸੇਫਟੀ ਜਾਗਰੂਕਤਾ ਵਰਕਸ਼ਾਪ

**ਗੁਰਾਇਆ (ਬਿੰਦਰ ਸੁਮਨ)** ਫਾਇਰ ਸੇਫਟੀ ਸਪਤਾਹ ਮਨਾਉਣ ਦੇ ਹਿੱਸੇ ਵਜੋਂ ਸ਼੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਗੁਰਾਇਆ ਨੇ ਫਾਇਰ ਸੇਫਟੀ ਜਾਗਰੂਕਤਾ ਵਰਕਸ਼ਾਪ ਦਾ ਆਯੋਜਨ ਕੀਤਾ, ਜਿੱਥੇ ਫਾਇਰ ਅਫਸਰ ਸੁਖਵਿੰਦਰ ਸਿੰਘ ਨੇ ਆਪਣੀ ਟੀਮ ਨਾਲ ਵਿਦਿਆਰਥੀਆਂ ਨੂੰ ਅੱਗ ਸੁਰੱਖਿਆ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ।ਸੈਸ਼ਨ ਦੀ ਸ਼ੁਰੂਆਤ ਫਾਇਰ ਸੇਫਟੀ ਹਫਤੇ ਦੇ ਇਤਿਹਾਸ ਅਤੇ ਸੰਕਟਕਾਲੀਨ ਸਥਿਤੀਆਂ ਵਿੱਚ ਤਿਆਰੀ ਦੀ ਮਹੱਤਤਾ ਬਾਰੇ ਇੱਕ ਵਿਹਾਰਕ ਪੇਸ਼ਕਾਰੀ ਨਾਲ ਹੋਈ। ਸੁਖਵਿੰਦਰ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਅੱਗ ਬੁਝਾਉਣ ਦੀਆਂ ਵੱਖ-ਵੱਖ ਤਕਨੀਕਾਂ ਦਾ ਪ੍ਰਦਰਸ਼ਨ ਕੀਤਾ ਅਤੇ ਅੱਗ ਦੀਆਂ ਵੱਖ-ਵੱਖ ਸ਼੍ਰੇਣੀਆਂ ਅਤੇ ਉਨ੍ਹਾਂ ਨਾਲ ਨਿਪਟਣ ਲਈ ਢੁਕਵੇਂ ਅੱਗ ਬੁਝਾਉਣ ਵਾਲੇ ਯੰਤਰਾਂ ਬਾਰੇ ਦੱਸਿਆ।ਉਹਨਾਂ ਦੇ ਲਾਈਵ ਪ੍ਰਦਰਸ਼ਨ ਜਾਣਕਾਰੀ ਭਰਪੂਰ ਅਤੇ ਆਕਰਸ਼ਕ ਸਨ। ਵਿਦਿਆਰਥੀਆਂ ਨੂੰ ਅੱਗ ਸੁਰੱਖਿਆ ਦੇ ਵਿਹਾਰਕ ਪਹਿਲੂਆਂ ਨੂੰ ਸਮਝਣ ਵਿੱਚ ਮਦਦ ਕਰਦੇ ਸਨ।ਅੱਗ ਦੀ ਰੋਕਥਾਮ ਅਤੇ ਸੁਰੱਖਿਆ ਵਿੱਚ ਸਮੂਹਿਕ ਜ਼ਿੰਮੇਵਾਰੀ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ, 'ਭਾਰਤ ਵਿੱਚ ਲਾਈਟ ਫਾਇਰ ਸੇਫਲੀ' ਦੇ ਮਾਟੋ ਦੇ ਤਹਿਤ ਸਾਰਿਆਂ ਨੂੰ ਇੱਕਜੁੱਟ ਹੋਣ ਦੀ ਅਪੀਲ ਕਰਦਿਆਂ ਸੈਸ਼ਨ ਦੀ ਸਮਾਪਤੀ ਕੀਤੀ।

